ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

14-20 ਮਈ 2025

ਸਾਲ 16ਵਾਂ - ਅੰਕ 20
email : info@sadelok.com
Ph. : 510-706-1300
Fax : 925-373-1300

## ਕੈਨੇਡਾ ਦੀ ਨਵੀਂ ਸਰਕਾਰ 'ਚ ਚਾਰ ਪੰਜਾਬੀ



ਵੈਨਕੂਵਰ : ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹ਼ਫਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਿਨ ਕੀਤਾ ਹੈ ਜਿਸ ਵਿੱਚ ਚਾਰ ਪੰਜਾਬੀਆਂ ਮਨਿੰਦਰ ਸੱਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ



ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ। ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ

(ਦੇਖੋ ਸਫ਼ਾ 18 'ਤੇ)

## ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਦੀ ਫੋਟੋ ਸਿੱਖ ਅਜਾਇਬ ਘਰ 'ਚ ਲਗਾਈ ਜਾਵੇਗੀ

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਆ ਅਹਿਮ ਫੈਸਲਾ



(ਦੇਖੋ ਸਫ਼ਾ 23 'ਤੇ)

## ਕੈਨੇਡਾ 'ਚ ਅੱਜ ਇਕ ਹੋਰ ਨੌਜਵਾਨ ਸਿਖ ਆਗੂ ਅਤੇ ਕੈਨੇਡਾ ਦੇ ਵੱਡੇ ਕਾਰੋਬਾਰੀ ਸ੍ਰ. ਹਰਜੀਤ ਸਿੰਘ ਢੱਡਾ ਦਾ ਗੋਲੀਆਂ ਮਾਰ ਕੇ ਕਤਲ

ਵੈਨਕੂਵਰ : ਮਿਸੀਸਾਗਾ ਦੀ ਡੈਰੀ ਰੋਡ ਨੇੜੇ ਟੈਲਫੋਰਡ ਵੇਅ ਤੇ ਪੰਜਾਬੀ ਕਾਰੋਬਾਰੀ ਹਰਜੀਤ ਸਿੰਘ ਢੱਡਾ (50) ਦੀ ਗੋਲੀਆਂ ਮਾਰ



ਕੇ ਹੱਤਿਆ ਕਰ ਦਿੱਤੀ ਗਈ ਹੈ ਤੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲੀਸ ਨੇ ਮ੍ਰਿਤਕ ਦੀ ਪਹਿਚਾਣ ਜ਼ਾਹਿਰ ਨਹੀਂ ਕੀਤੀ, ਪਰ ਘਟਨਾ ਸਥਾਨ 'ਤੇ ਮੌਜੂਦ ਸੂਤਰਾਂ ਨੇ ਦੱਸਿਆ ਕਿ ਵਾਰਦਾਤ ਮੌਕੇ ਹਰਜੀਤ ਸਿੰਘ ਢੱਡਾ ਆਪਣੇ ਦਫਤਰ ਦੇ ਬਾਹਰ ਖੜੇ ਆਪਣੇ ਵਾਹਨ ਨਜ਼ਦੀਕ ਆਇਆ ਤਾਂ ਪਹਿਲਾਂ ਤੋਂ ਤਾਕ ਲਾ ਕੇ ਖੜੇ ਅਣਪਛਾਤੇ ਦੋਸ਼ੀਆਂ ਨੇ ਉਸ 'ਤੇ 15-16 ਗੋਲੀਆਂ ਚਲਾਈਆਂ ਅਤੇ

(ਦੇਖੋ ਸਫ਼ਾ 28 'ਤੇ)

## ਨਸ਼ਿਆਂ ਅਤੇ ਕਰਜ਼ਿਆਂ 'ਚ ਡੁੱਬਿਆ ਅੱਜ ਦਾ ਪੰਜਾਬ

### ਅੰਮ੍ਰਿਤਸਰ ਖੇਤਰ 'ਚ ਜ਼ਹਿਰੀਲੀ ਸ਼ਰਾਬ ਨਾਲ 25 ਮੌਤਾਂ

### ਨਸ਼ਿਆਂ ਨਾਲ ਮਰਨ ਵਾਲਿਆਂ 'ਚ ਨੰਬਰ ਇਕ 'ਤੇ ਪਹੁੰਚਿਆ ਪੰਜਾਬ



(ਦੇਖੋ ਸਫ਼ਾ 22 'ਤੇ)

## ਖਾਲਸਾ ਰਾਜ ਨੂੰ ਸਮਰਪਿਤ ਨਿਊਯਾਰਕ ਵਿਖੇ 29 ਅਪ੍ਰੈਲ ਨੂੰ ਖਾਲਿਸਤਾਨ ਦਿਹਾੜਾ ਚੜ੍ਹਦੀਕਲਾ ਨਾਲ ਮਨਾਇਆ

ਨਿਊਯਾਰਕ : 11 ਮਈ ਨੂੰ ਨਿਊਯਾਰਕ ਦੇ ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ, ਕੁਈਨਜ ਵਿਲੇਜ ਵਿਖੇ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਪੰਥਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਅਤੇ ਨਾਲ ਹੀ ਸਰਹੰਦ



ਫਤਹਿ ਦਿਵਸ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ, ਹਰਪ੍ਰੀਤ ਸਿੰਘ ਰਾਣਾ, 29 ਅਪ੍ਰੈਲ 1986 ਦੇ ਖਾਲਿਸਤਾਨ ਐਲਾਨਨਾਮੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਗਏ। ਇਸ ਤੋਂ ਇਲਾਵਾ ਅਮਰੀਕਾ ਦੀ ਸਿਆਸਤ ਵਿੱਚ ਸਰਗਰਮ ਕਨੈਕਟੀਕਟ ਸਟੇਟ ਵਿੱਚ ਪਿਛਲੇ 15 ਸਾਲਾਂ ਤੋਂ ਵੱਖ-ਵੱਖ ਅਹੁਦਿਆਂ ਉੱਤੇ ਸੇਵਾਵਾਂ ਨਿਭਾਅ ਰਹੇ ਸ. ਸਵਰਨਜੀਤ ਸਿੰਘ ਖਾਲਸਾ ਜੋ ਕਿ ਹੁਣ ਨੌਰਵਿਚ ਸਿਟੀ ਦੇ ਮੇਅਰ ਕੈਂਡੀਡੇਟ ਹਨ

(ਦੇਖੋ ਸਫ਼ਾ 5 'ਤੇ)

## 'ਭਾਰਤ ਮਾਤਾ ਕੀ ਜੈ' ਦੇ ਜੈਕਾਰਿਆਂ ਨਾਲ ਗੂੰਜ ਉਠਿਆ ਭਾਰਤ

### ਇਤਿਹਾਸ 'ਚ ਪਹਿਲੀ ਵਾਰ ਲੋਕ ਜੰਗ ਦੀਆਂ ਖੁਸ਼ੀਆਂ ਮਨਾਉਂਦੇ ਤੇ ਭੰਗੜੇ ਪਾਉਂਦੇ ਦੇਖੇ ਗਏ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਏਅਰਬੇਸ ਤੋਂ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਤੁਸੀਂ ਨਾ ਸਿਰਫ਼ ਭਾਰਤ ਦੇ ਕਿਸੇ ਵੀ ਫੌਜੀ ਸੰਸਥਾਨ ਨੂੰ ਨੁਕਸਾਨ ਪਹੁੰਚਾਉਣ 'ਚ ਅਸਫਲ ਰਹੇ ਹੋ, ਬਲਕਿ ਜੇਕਰ ਤੁਹਾਡੀ ਧਰਤੀ ਤੋਂ ਅੱਤਵਾਦ ਜਾਰੀ ਰਿਹਾ ਤਾਂ ਤੁਹਾਡਾ ਸਫਾਇਆ ਹੋ ਜਾਵੇਗਾ। ਆਪ੍ਰੇਸ਼ਨ ਸੰਧੂਰ ਤੋਂ ਬਾਅਦ ਹਥਿਆਰਬੰਦ ਸੈਨਾਵਾਂ ਨੂੰ ਆਪਣੇ ਪਹਿਲੇ ਸੰਬੋਧਨ 'ਚ ਪ੍ਰਧਾਨ ਮੰਤਰੀ ਨੇ ਚਾਰ ਦਿਨਾਂ ਦੀ ਲੜਾਈ, ਜਿਸ 'ਚ 9 ਅੱਤਵਾਦੀ ਕੈਂਪਾਂ ਨੂੰ ਤਬਾਹ ਕੀਤਾ ਗਿਆ ਤੇ 8 ਫ਼ੌਜੀ ਟਿਕਾਣਿਆਂ ਨੂੰ ਨੁਕਸਾਨ ਪਹੁੰਚਿਆ ਗਿਆ, 'ਚ ਪਾਕਿਸਤਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰਨ 'ਤੇ ਫ਼ੌਜ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਰਾਸ਼ਟਰ ਨੂੰ ਆਪਣੇ ਸੰਬੋਧਨ 'ਚ ਦਿੱਤੇ ਤਿੰਨ ਸੰਦੇਸ਼ਾਂ ਨੂੰ ਦੁਹਰਾਇਆ,

(ਦੇਖੋ ਸਫ਼ਾ 25-26 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

BH HS
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਫ਼ਾਜ਼ਿਲਕਾ ਦੇ 75 ਪਿੰਡਾਂ ਤੋਂ ਸ੍ਰੀ ਮੁਕਤਸਰ ਸਾਹਿਬ ਲਿਆਂਦੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ

## ਸੁਰੱਖਿਅਤ ਥਾਵਾਂ ’ਤੇ ਕੀਤੇ ਸੁਸ਼ੋਭਿਤ

ਫਾਜ਼ਿਲਕਾ : ਭਾਰਤ-ਪਾਕਿਸਤਾਨ ਦਰਮਿਆਨ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀਆਂ ਹਦਾਇਤਾਂ ’ਤੇ ਸ੍ਰੀ ਮੁਕਤਸਰ ਸਾਹਿਬ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਫ਼ਾਜ਼ਿਲਕਾ ਇਲਾਕੇ ਦੇ ਕਰੀਬ 75 ਪਿੰਡਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਪਾਲਕੀ ਸਾਹਿਬਾਨ ’ਚ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਜਾ ਰਿਹਾ ਹੈ। ਗੁਰਦਵਾਰਾ ਸਾਹਿਬ ਤੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਲਗਭਗ 90 ਪਵਿੱਤਰ ਸਰੂਪ ਲਿਆਂਦੇ ਗਏ ਸਨ।



ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ ਤੇ ਡਿਪਟੀ ਮੈਨੇਜਰ ਸੁਖਦੇਵ ਸਿੰਘ ਨੇ ਦਸਿਆ ਕਿ ਫ਼ਾਜ਼ਿਲਕਾ ਇਲਾਕੇ ਦੇ ਵੱਖ-ਵੱਖ ਗੁਰਦਵਾਰਾ ਸਾਹਿਬਾਨ ਤੋਂ ਲਗਭਗ 90 ਪਵਿੱਤਰ ਮੂਰਤੀਆਂ ਨੂੰ ਸੁਰੱਖਿਅਤ ਸ੍ਰੀ ਮੁਕਤਸਰ ਸਾਹਿਬ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਵੀ ਗੁਰਦਵਾਰਾ ਕਮੇਟੀ ਦੇ ਸੇਵਾਦਾਰ ਵੱਖ-ਵੱਖ ਗੁਰਦਵਾਰਿਆਂ ਤੋਂ ਮੂਰਤੀਆਂ ਇਕੱਠੀਆਂ ਕਰਨ ਲਈ ਗਏ ਹਨ, ਜਿਨ੍ਹਾਂ ਨੂੰ ਮੁਕਤਸਰ ਦੇ ਗੁਰਦਵਾਰਾ ਸਾਹਿਬ ਵਿਖੇ ਵੀ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਮੁਕਤਸਰ ਦੇ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਵਿਖੇ ਲੰਗਰ ਆਦਿ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਮੁਸੀਬਤ ਦਾ ਸਾਹਮਣਾ ਨਹੀਂ ਕਰਨ ਦਿਤਾ ਜਾਵੇਗਾ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਇੰਦਰਜੀਤ ਸਿੰਘ ਤੇ ਜਗਜੀਤ ਸਿੰਘ ਵੀ ਮੌਜੂਦ ਸਨ।

ਪਿੰਡਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸੁਰੱਖਿਅਤ ਥਾਵਾਂ ’ਤੇ ਪਹੁੰਚਾਏ : ਭਾਰਤ-ਪਾਕਿ ਤਣਾਅ ਨੂੰ ਲੈ ਕੇ ਸਰਹੱਦ ਨੇੜਲੇ ਪਿੰਡਾਂ ਵਿਚੋਂ ਸ਼੍ਰੋਮਣੀ ਗੁਰਦਆਰਾ ਪ੍ਰਬੰਧਿਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਰੂਬੀ ਦੀ ਅਗਵਾਈ ਹੇਠ ਸਰਹੱਦ ਦੇ ਪਿੰਡ ਨੌਸ਼ਹਿਰਾ ਢਾਲਾ ਦੇ ਗੁਰਦੁਵਾਰਾ ਭਗਤ ਜੱਲਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 11 ਸਰੂਪ, ਗੁਰਦਆਰਾ ਬੀਬੀ ਸੁੱਖਾ ਨੌਸ਼ਹਿਰਾ ਤੋਂ 9 ਸਰੂਪ, ਪਿੰਡ ਹਵੇਲੀਆਂ ਤੋਂ ਪੰਜ ਸਰੂਪ, ਸਤਿਕਾਰ ਸਹਿਤ ਸੁਰੱਖਿਅਤ ਥਾਵਾਂ ’ਤੇ ਪਹੁੰਚਾਏ ਗਏ ਹਨ।

ਇਸ ਸਬੰਧੀ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ, ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ ਘਰਿਆਲਾ ਨੇ ਦੱਸਿਆ ਕਿ ਸਰਹੱਦ ਉਪਰ ਜੰਗ ਦੇ ਮਾਹੌਲ ਨੂੰ ਲੈ ਕੇ ਪੈਦਾ ਹੋਏ ਤਣਾਅ ਕਾਰਨ ਗੁਰਦਵਾਰਾ ਸਾਹਿਬਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਤਿਕਾਰ ਸਹਿਤ ਸੁਰੱਖਿਅਤ ਥਾਵਾਂ ’ਤੇ ਪਹੁੰਚਾਏ ਗਏ ਹਨ ਤਾਂ ਜੋ ਜੇਕਰ ਮਾਹੌਲ ਵਿਗੜਦਾ ਹੈ ਤਾਂ ਗੁਰੂ ਮਹਾਰਾਜ ਦੀ ਬੇਅਦਬੀ ਨਾ ਹੋਵੇ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available
- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ
ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।
ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ
ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

YOUR SAFETY COMPLIANCE

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com


ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਨਿਊਯਾਰਕ ਵਿਖੇ ਮਹਾਨ ਪੰਥਕ ਸਮਾਗਮ ਵਿੱਚ ਗੁਰ ਇਤਿਹਾਸ ਅਤੇ ਪਹਿਲੇ ਸਿੱਖ ਰਾਜ ਤੋਂ ਹੁਣ ਤੱਕ ਦੇ ਸੰਘਰਸ਼ ਨਾਲ ਸਬੰਧਤ ਦਿਹਾੜਿਆਂ ਨੂੰ ਚੜ੍ਹਦੀ ਕਲਾ ਨਾਲ ਮਨਾਇਆ

## -29 ਅਪ੍ਰੈਲ 1986 ਦੇ ਖਾਲਿਸਤਾਨ ਐਲਾਨਨਾਮੇ ਦੇ ਪ੍ਰਣ ਨੂੰ ਪੰਜ ਸਿੰਘਾਂ ਨੇ ਨਿਸ਼ਾਨ ਸਾਹਿਬ ਨੂੰ ਸਲਾਮੀ ਦੇ ਕੇ ਦ੍ਰਿੜ ਕਰਵਾਇਆ- ਸਮੂਹ ਪੰਥਕ ਜਥੇਬੰਦੀਆਂ, ਆਗੂਆਂ ਅਤੇ ਸਿੱਖ ਸੰਗਤਾਂ ਨੇ ਕੀਤੀ ਚੜ੍ਹਦੀ ਕਲਾ ਨਾਲ ਬਹੁਤ ਭਰਵੀਂ ਸ਼ਮੂਲੀਅਤ










ਨਿਊਯਾਰਕ : 11 ਮਈ ਨੂੰ ਨਿਊਯਾਰਕ ਦੇ ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ, ਕੁਈਨਜ ਵਿਲੇਜ ਵਿਖੇ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਪੰਥਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਅਤੇ ਨਾਲ ਹੀ ਸਰਹੰਦ ਫਤਹਿ ਦਿਵਸ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ, ਹਰਪ੍ਰੀਤ ਸਿੰਘ ਰਾਣਾ, 29 ਅਪ੍ਰੈਲ 1986 ਦੇ ਖਾਲਿਸਤਾਨ ਐਲਾਨਨਾਮੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਗਏ। ਇਸ ਤੋਂ ਇਲਾਵਾ ਅਮਰੀਕਾ ਦੀ ਸਿਆਸਤ ਵਿੱਚ ਸਰਗਰਮ ਕਨੈਕਟੀਕਟ ਸਟੇਟ ਵਿੱਚ ਪਿਛਲੇ 15 ਸਾਲਾਂ ਤੋਂ ਵੱਖ-ਵੱਖ ਅਹੁਦਿਆਂ ਉੱਤੇ ਸੇਵਾਵਾਂ ਨਿਭਾਅ ਰਹੇ ਸ. ਸਵਰਨਜੀਤ ਸਿੰਘ ਖਾਲਸਾ ਜੋ ਕਿ ਹੁਣ ਨੌਰਵਿਚ ਸਿਟੀ ਦੇ ਮੇਅਰ ਕੈਂਡੀਡੇਟ ਹਨ ਉਹਨਾਂ ਦੀ ਕਾਮਯਾਬੀ ਲਈ ਅਰਦਾਸ ਅਤੇ ਫੰਡ ਵੀ ਇਕੱਤਰ ਕੀਤਾ ਗਿਆ।

ਸਵੇਰ ਸਮੇਂ ਸ਼੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦਿਨ ਭਰ ਦੇ ਦੀਵਾਨ ਵਿੱਚ ਕੀਰਤਨ, ਕਥਾ ਤੋਂ ਇਲਾਵਾ ਪੰਥਕ ਬੁਲਾਰਿਆਂ ਨੇ ਸਬੰਧਤ ਦਿਹਾੜਿਆਂ ਬਾਰੇ ਵਿਸਥਾਰ ਵਿੱਚ ਸੰਗਤਾਂ ਨਾਲ ਸਾਂਝ ਪਾਈ।

ਗੁਰੂ ਅਮਰਦਾਸ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਉਹਨਾਂ ਦੇ ਪਰਉਪਕਾਰਾਂ ਨੂੰ ਯਾਦ ਕਰਦਿਆਂ ਸੰਗਤਾਂ ਨਾਲ ਸਾਂਝ ਪਾਈ ਗਈ। ਇਸ ਮੌਕੇ ਬੁਲਾਰਿਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਗੁਰੂ ਸਾਹਿਬ ਤੋਂ ਥਾਪੜਾ ਲੈ ਕੇ ਬਖਸ਼ਿਸ਼ ਦੇ ਪੰਜ ਤੀਰ ਅਤੇ ਪੰਜ ਸਿੰਘਾਂ ਦੀ ਪੰਚ ਪ੍ਰਧਾਨੀ ਸਿਸਟਮ ਅਨੁਸਾਰ ਪਹਿਲੇ ਸਿੱਖ ਰਾਜ ਦੀ ਸਥਾਪਨਾ ਬਾਰੇ ਵਿਸਥਾਰ ਨਾਲ ਗੱਲ ਕੀਤੀ ਗਈ। ਮੌਜੂਦਾ ਸਮੇਂ ਵਿੱਚ ਸਿੱਖ ਰਾਜ ਦੀ ਪ੍ਰਾਪਤੀ ਲਈ ਖਾਲਸਤਾਨ ਦੇ ਐਲਾਨ ਦੀ ਮਹੱਤਤਾ ਬਾਰੇ ਅਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਵੱਲੋਂ ਲਗਾਤਾਰਤਾ ਨਾਲ ਚੱਲ ਰਹੇ ਸੰਘਰਸ਼ ਅਤੇ ਟਰਾਂਸ ਨੈਸ਼ਨਲ ਰਿਪਰੈਸ਼ਨ ਤਹਿਤ ਹੋਈਆਂ ਸ਼ਹਾਦਤਾਂ ਨੂੰ ਵੀ ਯਾਦ ਕੀਤਾ ਗਿਆ।

ਸਿੱਖ ਹੱਕਾਂ ਦੀ ਪ੍ਰਾਪਤੀ ਅਤੇ ਸਿੱਖ ਮੁੱਦਿਆਂ ਨੂੰ ਅੱਗੇ ਵਧਾਉਣ ਲਈ ਮੌਜੂਦਾ ਸਮੇਂ ਅਮਰੀਕਾ ਦੀ ਸਿਆਸਤ ਵਿੱਚ ਸਿੱਖ ਨੌਜਵਾਨਾਂ ਨੂੰ ਸ਼ਾਮਲ ਹੋਣ ਲਈ ਪ੍ਰੇਰਨਾ ਸਰੋਤ ਵਜੋਂ ਸ. ਸਵਰਨਜੀਤ ਸਿੰਘ ਖਾਲਸਾ ਦੇ ਪੰਥਕ ਮੁੱਦਿਆਂ ਬਾਰੇ ਲਏ ਸਟੈਂਡ ਅਤੇ ਜਬ ਲੱਗ ਖਾਲਸਾ ਰਹੈ ਨਿਆਰਾ ਦੇ ਸਿਧਾਂਤ ਉੱਤੇ ਪਹਿਰਾ ਦਿੰਦਿਆਂ ਕਰਵਾਏ ਗਏ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸ. ਸਵਰਨਜੀਤ ਸਿੰਘ ਖਾਲਸਾ ਦੀ ਮੇਅਰ ਚੋਣ ਵਿੱਚ ਮਦਦ ਲਈ ਵੋਟ ਦੇ ਨਾਲ ਸਿੱਖ ਸੰਗਤਾਂ ਨੇ ਖੁੱਲ ਕੇ ਮਾਇਕ ਯੋਗਦਾਨ ਵੀ ਪਾਇਆ। ਆਉਣ ਵਾਲੇ ਦਿਨਾਂ ਵਿਚ ਸਿੱਖ ਨੌਜਵਾਨ ਜਪਨੀਤ ਸਿੰਘ ਨੂੰ ਨਿਊਯਾਰਕ ਸਿਟੀ ਕੌਂਸਲ ਲਈ ਜਿਤਾਉਣ ਵਾਸਤੇ ਵੀ ਅਪੀਲ ਕੀਤੀ ਗਈ।





ਵਿਦਵਤਾ ਭਰਪੂਰ ਅਤੇ ਪੰਥਕ ਵਿਚਾਰਾਂ ਦੀ ਸਾਂਝ ਪਾਉਣ ਵਾਲੇ ਬੁਲਾਰਿਆਂ ਵਿੱਚ ਸ. ਹਿੰਮਤ ਸਿੰਘ, ਸ. ਸਵਰਨਜੀਤ ਸਿੰਘ ਖਾਲਸਾ, ਸ. ਸੁਰਜੀਤ ਸਿੰਘ ਕੁਲਾਰ, ਸ. ਅਵਤਾਰ ਸਿੰਘ ਪੰਨੂ, ਸ. ਜਸਬੀਰ ਸਿੰਘ, ਸ. ਰਜਿੰਦਰ ਸਿੰਘ, ਸ. ਤ੍ਰਿਲੋਚਨ ਸਿੰਘ ਭੱਟੀ, ਸ. ਜਪਨੀਤ ਸਿੰਘ ਆਦਿ ਸ਼ਾਮਲ ਸਨ। ਸਟੇਜ ਦੀ ਸੇਵਾ ਸ. ਗੁਰਮੇਲ ਸਿੰਘ ਨੇ ਬਾਖੂਬੀ ਨਿਭਾਈ। ਗਿਆਨੀ ਬਲਵਿੰਦਰ ਸਿੰਘ ਜੀ ਨੇ ਗੁਰਬਾਣੀ ਅਤੇ ਇਤਿਹਾਸ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਇਨ੍ਹਾਂ ਸਮਾਗਮਾਂ ਵਿਚ ਸਮੂਹ ਪੰਥਕ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਆਫ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਸਿੱਖਸ ਫਾਰ ਜਸਟਿਸ, ਦਲ ਖਾਲਸਾ, ਧੰਨ ਧੰਨ ਬਾਬਾ ਬੁੱਢਾ ਜੀ ਐਸੋਸੀਏਸ਼ਨ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਹਰਿਆਣਾ, ਪੰਥਕ ਸਿੱਖ ਸੋਸਾਇਟੀ, ਸ਼ਹੀਦ ਊਧਮ ਸਿੰਘ ਸੋਸਾਇਟੀ, ਸ਼ਹੀਦ ਭਾਈ ਮਨੀ ਸਿੰਘ ਸੋਸਾਇਟੀ ਨਿਉਯਾਰਕ, ਸਿੱਖ ਕੌਂਸਲ ਆਫ ਨਿਉਯਾਰਕ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੇ ਵੀ ਸ਼ਮੂਲੀਅਤ ਕੀਤੀ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਕਸ਼ਮੀਰ ਮੁੱਦੇ ਦੇ ਹੱਲ ਲਈ ਭਾਰਤ-ਪਾਕਿ ਨਾਲ ਕੰਮ ਕਰਨ ਲਈ ਤਿਆਰ ਹਾਂ : ਟਰੰਪ

## ਕਿਹਾ, ਤਬਾਹੀ ਦਾ ਕਾਰਨ ਬਣ ਸਕਦੀ ਸੀ ਜੰਗ

ਨਿਊਯਾਰਕ/ ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਭਾਰਤ ਤੇ ਪਾਕਿਸਤਾਨ ਦੀ ਮਜ਼ਬੂਤ ਅਤੇ ਅਟੱਲ ਸ਼ਕਤੀਸ਼ਾਲੀ ਲੀਡਰਸ਼ਿਪ ਦੀ ਜੰਗਬੰਦੀ 'ਤੇ ਪਹੁੰਚਣ ਲਈ ਪ੍ਰਸ਼ੰਸਾ ਕੀਤੀ ਅਤੇ ਕਸ਼ਮੀਰ ਮੁੱਦੇ ਦੇ ਹੱਲ ਲਈ ਉਨ੍ਹਾਂ ਨਾਲ ਕੰਮ ਕਰਨ ਦੀ ਪੇਸ਼ਕਸ਼ ਕੀਤੀ।



ਭਾਰਤ ਨੇ ਹਮੇਸ਼ਾ ਕਿਹਾ ਹੈ ਕਿ ਕਸ਼ਮੀਰ ਮੁੱਦਾ ਇਕ ਦੁਵੱਲਾ ਮਾਮਲਾ ਹੈ ਤੇ ਕਿਸੇ ਤੀਜੀ ਧਿਰ ਲਈ ਇਸ ਵਿਚ ਕੋਈ ਜਗ੍ਹਾ ਨਹੀਂ ਹੈ। ਭਾਰਤ ਦਾਅਵਾ ਕਰਦਾ ਹੈ ਕਿ ਜੰਮੂ ਅਤੇ ਕਸ਼ਮੀਰ ਦਾ ਕੇਂਦਰੀ ਸ਼ਾਸਿਤ ਪ੍ਰਦੇਸ਼ ਅਤੇ ਲੱਦਾਖ ਦਾ ਕੇਂਦਰੀ ਸ਼ਾਸਿਤ ਪ੍ਰਦੇਸ਼ ਭਾਰਤ ਦੇ ਅਟੁੱਟ ਤੇ ਅਨਿੱਖੜਵੇਂ ਅੰਗ ਹਨ ਤੇ ਹਮੇਸ਼ਾ ਰਹਿਣਗੇ। ਟਰੰਪ ਨੇ ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਕਿਹਾ ਕਿ ਮੈਂ ਤੁਹਾਡੇ ਦੋਵਾਂ ਨਾਲ ਮਿਲ ਕੇ ਇਹ ਦੇਖਣ ਲਈ ਕੰਮ ਕਰਾਂਗਾ ਕਿ ਕੀ ਹਜ਼ਾਰ ਸਾਲਾਂ ਬਾਅਦ ਕਸ਼ਮੀਰ ਦੇ ਸੰਬੰਧ 'ਚ ਕੋਈ ਹੱਲ ਕੱਢਿਆ ਜਾ ਸਕਦਾ ਹੈ। ਟਰੰਪ ਦੀਆਂ ਟਿੱਪਣੀਆਂ ਸਨਿਚਰਵਾਰ ਨੂੰ ਭਾਰਤ ਅਤੇ ਪਾਕਿਸਤਾਨ ਦੁਆਰਾ ਜ਼ਮੀਨ, ਹਵਾ ਅਤੇ ਸਮੁੰਦਰ 'ਤੇ ਸਾਰੀਆਂ ਗੋਲੀਬਾਰੀ ਅਤੇ ਫ਼ੌਜੀ ਕਾਰਵਾਈਆਂ ਨੂੰ ਤੁਰੰਤ ਪ੍ਰਭਾਵ ਨਾਲ ਰੋਕਣ ਲਈ ਸਮਝੌਤਾ ਹੋਣ ਤੋਂ ਕੁਝ ਘੰਟੇ ਬਾਅਦ ਆਈਆਂ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤ ਅਤੇ ਪਾਕਿਸਤਾਨ ਦੀ ਮਜ਼ਬੂਤ ਅਤੇ ਅਟੱਲ ਸ਼ਕਤੀਸ਼ਾਲੀ ਲੀਡਰਸ਼ਿਪ 'ਤੇ ਬਹੁਤ ਮਾਣ ਹੈ ਕਿਉਂਕਿ ਉਨ੍ਹਾਂ ਕੋਲ ਪੂਰੀ ਤਰ੍ਹਾਂ ਜਾਣਨ ਅਤੇ ਸਮਝਣ ਦੀ ਤਾਕਤ, ਸਿਆਣਪ ਅਤੇ ਦ੍ਰਿੜ੍ਹਤਾ ਹੈ ਕਿ ਇਹ ਮੌਜੂਦਾ ਹਮਲੇ ਨੂੰ ਰੋਕਣ ਦਾ ਸਮਾਂ ਹੈ, ਜੋ ਏਨੇ ਸਾਰੇ ਲੋਕਾਂ ਨੂੰ ਮੌਤ ਅਤੇ ਵਿਨਾਸ਼ ਵੱਲ ਲੈ ਜਾ ਸਕਦਾ ਸੀ। ਟਰੰਪ ਨੇ ਕਿਹਾ ਕਿ ਲੱਖਾਂ ਚੰਗੇ ਅਤੇ ਨਿਰਦੋਸ਼ ਲੋਕ ਮਰ ਸਕਦੇ ਸਨ। ਤੁਹਾਡੀ ਵਿਰਾਸਤ ਤੁਹਾਡੇ ਸਾਹਸੀ ਕੰਮਾਂ ਨਾਲ ਬਹੁਤ ਵਧ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਅਮਰੀਕਾ ਇਸ ਇਤਿਹਾਸਕ ਅਤੇ ਬਹਾਦਰੀ ਵਾਲੇ ਫ਼ੈਸਲੇ 'ਤੇ ਪਹੁੰਚਣ 'ਚ ਤੁਹਾਡੀ ਮਦਦ ਕਰਨ ਦੇ ਯੋਗ ਸੀ। ਟਰੰਪ ਨੇ ਅੱਗੇ ਕਿਹਾ ਕਿ ਭਾਵੇਂ ਇਸ 'ਤੇ ਚਰਚਾ ਨਹੀਂ ਕੀਤੀ ਗਈ ਹੈ, ਉਹ ਇਨ੍ਹਾਂ ਦੋਵਾਂ ਮਹਾਨ ਦੇਸ਼ਾਂ ਨਾਲ ਵਪਾਰ 'ਚ ਕਾਫ਼ੀ ਵਾਧਾ ਕਰਨ ਜਾ ਰਹੇ ਹਨ। ਇਸਲਾਮਾਬਾਦ 'ਚ ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਨੇ ਐਤਵਾਰ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਟਰੰਪ ਦੀ ਜੰਮੂ ਅਤੇ ਕਸ਼ਮੀਰ ਵਿਵਾਦ ਦੇ ਹੱਲ ਲਈ ਯਤਨਾਂ ਦਾ ਸਮਰਥਨ ਕਰਨ ਦੀ ਇੱਛਾ ਦੀ ਕਦਰ ਕਰਦਾ ਹੈ। ਟਰੰਪ ਨੇ ਸਨਿਚਰਵਾਰ ਨੂੰ ਐਲਾਨ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਰਾਤ ਭਰ ਦੀ ਲੰਬੀ ਗੱਲਬਾਤ ਤੋਂ ਬਾਅਦ ਪੂਰੀ ਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋਏ ਹਨ।

# ਫਰਿਜ਼ਨੋ 'ਚ ਪੰਜਾਬੀ ਮਾਂ ਬੋਲੀ ਜਾਗਰੂਕਤਾ ਦਿਹਾੜਾ - ਭਾਸ਼ਾ ਪ੍ਰੇਮੀਆਂ ਦੀ ਭਰਪੂਰ ਹਾਜ਼ਰੀ ਨਾਲ ਸਮਾਗਮ ਯਾਦਗਾਰੀ ਹੋ ਨਿੱਬੜਿਆ

ਫਰਿਜ਼ਨੋ/ਕੈਲੀਫੋਰਨੀਆ, (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਇੰਡੋ ਯੂ.ਐਸ. ਹੈਰੀਟੇਜ ਫਰਿਜ਼ਨੋ ਵੱਲੋਂ ਪੰਜਾਬੀ ਮਾਂ ਬੋਲੀ ਜਾਗਰੂਕਤਾ ਦਿਹਾੜਾ ਇੰਡੀਆ ਓਵਨ ਰੈਸਟੋਰੈਂਟ ਦੇ ਹਾਲ ਵਿਖੇ ਸਾਦੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ ਪ੍ਰਤੀ ਪ੍ਰੇਮ, ਸੰਕਲਪ ਅਤੇ ਇਸ ਦੀ ਸੰਭਾਲ ਲਈ ਸਪੱਸ਼ਟ ਸਨੇਹਾ ਦੇ ਕੇ ਲੋਕ ਮਨਾਂ 'ਚ ਇੱਕ ਉਤਸ਼ਾਹ ਜਗਾਉਂਦਾ ਯਾਦਗਾਰੀ ਹੋ ਨਿੱਬੜਿਆ।



ਸਮਾਗਮ ਦੀ ਸ਼ੁਰੂਆਤ ਮੰਚ ਸੰਚਾਲਕ ਪੱਤਰਕਾਰ ਨੀਟਾ ਮਾਛੀਕੇ ਨੇ ਸਾਰਿਆਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਅਤੇ ਭਾਰਤ-ਪਾਕਿਸਤਾਨ ਜੰਗ ਦੌਰਾਨ ਮਾਰੇ ਗਏ ਨਿਰਦੋਸ਼ ਲੋਕਾਂ ਅਤੇ ਫੌਜੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਇਸ ਮੌਕੇ ਪੰਜਾਬੀ ਭਾਸ਼ਾ ਦੇ ਪ੍ਰਸਾਰ, ਪ੍ਰਚਾਰ ਅਤੇ ਨਿੱਘਾਰ ਬਾਰੇ ਖੁਲ੍ਹਕੇ ਗੱਲਬਾਤ ਹੋਈ। ਪ੍ਰੋਗਰਾਮ ਦੀ ਸ਼ੁਰੂਆਤ 'ਯਮਲੇ ਜੱਟ' ਦੇ ਸ਼ਗਿਰਦ ਰਾਜ ਬਰਾੜ ਵੱਲੋਂ ਇੱਕ ਧਾਰਮਿਕ ਗੀਤ ਰਾਹੀਂ ਕੀਤੀ ਗਈ।

ਬੋਲਣ ਵਾਲੇ ਬੁਲਾਰਿਆਂ ਵਿੱਚ ਮਾਣਯੋਗ ਸ਼ਖ਼ਸੀਅਤਾਂ ਪ੍ਰਿੰਸੀਪਲ ਦਲਜੀਤ ਸਿੰਘ (ਪ੍ਰਿੰਸੀਪਲ ਖ਼ਾਲਸਾ ਕਾਲਜ ਅੰਮ੍ਰਿਤਸਰ), ਡਾ. ਅਰਜਨ ਸਿੰਘ ਜੋਸ਼ਨ, ਸਾਧੂ ਸਿੰਘ ਸੰਘਾ (ਕਨਵੀਨਰ ਇੰਡੋ ਯੂ. ਐਸ. ਹੈਰੀਟੇਜ), ਮਹਿੰਦਰ ਸਿੰਘ ਸੰਧਾਵਾਲੀਆ, ਡਾ. ਗੁਰਰੀਤ ਬਰਾੜ, ਹਰਨੇਕ ਸਿੰਘ ਲੋਹਗੜ੍ਹ, ਰਣਜੀਤ ਗਿੱਲ, ਕੁਲਵੰਤ ਕੌਰ, ਕਮਲਜੀਤ ਕੌਰ ਭੰਗਲ, ਪ੍ਰਵੀਨ ਸ਼ਰਮਾ (ਰੇਡੀਓ ਹੋਸਟ), ਸ਼ਾਇਰ ਹਰਜਿੰਦਰ ਕੰਗ, ਮਲਕੀਤ ਸਿੰਘ ਕਿੰਗਰਾ, ਕਹਾਣੀਕਾਰ ਕਰਮ ਸਿੰਘ ਮਾਨ, ਹਰਦੇਵ ਸਿੰਘ ਰਸੂਲਪੁਰ, ਗੁਰਬਖ਼ਸ਼ ਸਿੰਘ ਸਿੱਧੂ, ਸੰਤੋਖ ਮਨਿਹਾਸ, ਰਾਜ ਕਿਸ਼ਨਪੁਰਾ, ਇਕਬਾਲ ਸਿੰਘ ਸੇਖੋਂ, ਸੁਰਿੰਦਰ ਮੰਡਾਲੀ ਆਦਿ ਨੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਤੇ ਇਸਦੇ ਭਵਿੱਖ ਬਾਰੇ ਸੋਚਣ ਉਤੇ ਜ਼ੋਰ ਦਿੱਤਾ।

ਕਵੀ ਦਰਬਾਰ ਵਿੱਚ ਕਈ ਮਸ਼ਹੂਰ ਕਵੀਆਂ ਨੇ ਹਿੱਸਾ ਲਿਆ। ਰਣਜੀਤ ਗਿੱਲ ਤੇ ਗਾਇਕ ਗੁਰਦੀਪ ਧਾਲੀਵਾਲ ਨੇ ਬਾਪੂ ਕਰਨੈਲ ਕਵੀਸ਼ਰ ਦੀ ਕਵਿਸ਼ਰੀ ਪੇਸ਼ ਕਰਕੇ ਦਰਸ਼ਕਾਂ ਦੀ ਖੂਬ ਵਾਹ ਵਾਹ ਖੱਟੀ। ਸ੍ਰ. ਸਾਧੂ ਸਿੰਘ ਸੰਘਾ ਨੇ ਹਾਸਰਸ ਕਵਿਤਾ ਰਾਹੀਂ ਹਾਜ਼ਰੀਨ ਨੂੰ ਲੋਟਪੋਟ ਕਰ ਦਿੱਤਾ।

ਕਵੀ ਦਰਬਾਰ ਵਿੱਚ ਦਲਜੀਤ ਰਿਆੜ, ਸੁੱਖੀ ਧਾਲੀਵਾਲ, ਰੂਬੀ ਕੌਰ (ਕਰਮਨ), ਰਜਿੰਦਰ ਕੁਮਾਰ, ਹਰਜਿੰਦਰ ਢੇਸੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਭਰੀ। ਗਾਇਕ ਕਮਲਜੀਤ ਬੈਨੀਪਾਲ ਨੇ ਆਪਣੇ ਦੋ ਗੀਤ ਪੇਸ਼ ਕਰਕੇ ਸਮਾਗਮ ਵਿੱਚ ਸੰਗੀਤਕ ਰੰਗ ਭਰ ਦਿੱਤਾ।

ਇਸ ਮੌਕੇ ਸ਼ਾਇਰ ਸੁੱਖੀ ਧਾਲੀਵਾਲ ਦਾ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਪ੍ਰਤੀ ਯੋਗਦਾਨ ਲਈ ਇੰਡੋ. ਯੂ. ਐਸ. ਹੈਰੀਟੇਜ ਦੇ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ।

ਸਮਾਗਮ ਵਿੱਚ ਇੰਡੋ-ਅਮਰੀਕਨ ਹੈਰੀਟੇਜ ਫੋਰਮ, ਵਿਰਸਾ ਫਾਊਂਡੇਸ਼ਨ, ਖਾਲੜਾ ਪਾਰਕ ਵਾਲੇ ਬਾਬੇ, ਜੀ ਐਚ ਜੀ, ਸੌਂਗੀ ਕਿੰਗ ਚਰਨਜੀਤ ਸਿੰਘ ਬਾਠ, ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ, ਹੈਰੀ (ਕੋਸਟ ਟੂ ਕੋਸਟ), ਕਰਮ ਸਿੰਘ ਸੰਘਾ,ਆਦਿ ਅਤੇ ਫਰਿਜ਼ਨੋ ਦੀਆਂ ਹੋਰ ਵੀ ਬਹੁਤ ਸਾਰੀਆਂ ਮਾਣਯੋਗ ਸ਼ਖ਼ਸੀਅਤਾਂ ਨੇ ਭਾਗ ਲਿਆ। ਇਸ ਸਮੇਂ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਅੰਦਰ ਚਾਹ, ਪਕੌੜਿਆਂ ਅਤੇ ਮਠਿਆਈ ਨਾਲ ਆਏ ਮਹਿਮਾਨਾਂ ਦੀ ਸੇਵਾ ਕੀਤੀ ਗਈ।

ਇਹ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਇੰਡੋ ਯੂ. ਐਸ. ਹੈਰੀਟੇਜ ਦੇ ਸਮੂਹ ਮੈਂਬਰ ਸਹਿਬਾਨ ਨਿਰਮਲ ਸਿੰਘ ਗਿੱਲ (ਪ੍ਰਧਾਨ), ਸੰਤੋਖ ਸਿੰਘ ਢਿੱਲੋਂ, ਮਨਜੀਤ ਕੁਲਾਰ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਰਣਜੀਤ ਗਿੱਲ, ਸਾਧੂ ਸਿੰਘ ਸੰਘਾ, ਕੁਲਵਿੰਦਰ ਸਿੰਘ ਢੀਂਡਸਾ, ਕਮਲਜੀਤ ਬੈਨੀਪਾਲ, ਪੁਸ਼ਪਿੰਦਰ ਪਾਤੜਾਂ, ਸੁਲੱਖਣ ਸਿੰਘ ਗਿੱਲ, ਨੀਟਾ ਮਾਛੀਕੇ, ਹੈਰੀ ਮਾਨ ਆਦਿ ਦਾ ਖ਼ਾਸ ਸਹਿਯੋਗ ਰਿਹਾ।

ਇਹ ਸਮਾਗਮ ਪੰਜਾਬੀ ਮਾਂ ਬੋਲੀ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜਾਂ ਨਾਲ ਜੋੜਨ ਦੇ ਯਤਨਾਂ ਲਈ ਇੱਕ ਯਾਦਗਾਰੀ ਕਦਮ ਸਾਬਤ ਹੋਇਆ।

# ਅਮਰੀਕਾ ਹਰ ਸਤਾਏ ਗਏ ਵਿਅਕਤੀ ਲਈ ਇੱਕ ਸੁਰੱਖਿਅਤ ਜਗ੍ਹਾ : ਟਰੰਪ

ਨਿਊਯਾਰਕ : ਡੋਨਾਲਡ ਟਰੰਪ ਦੀ ਅਮਰੀਕਾ ਵਾਪਸੀ ਤੋਂ ਬਾਅਦ ਇਮੀਗ੍ਰੇਸ਼ਨ ਨੀਤੀ ਇੱਕ ਵਾਰ ਫਿਰ ਵਿਵਾਦਾਂ ਵਿਚ ਘਿਰ ਗਈ ਹੈ। ਇੱਕ ਪਾਸੇ, ਹਜ਼ਾਰਾਂ ਗੈਰ-ਕਾਨੂੰਨੀ ਪ੍ਰਵਾਸੀਆਂ ਜਿਵੇਂ ਕਿ ਭਾਰਤੀ, ਬ੍ਰਾਜ਼ੀਲੀਅਨ, ਬੰਗਲਾਦੇਸ਼ੀ ਤੇ ਪਾਕਿਸਤਾਨੀਆਂ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ ਗਿਆ, ਜਦੋਂ ਕਿ ਦੂਜੇ ਪਾਸੇ, ਦੱਖਣੀ ਅਫਰੀਕਾ ਤੋਂ ਆਏ ਗੋਰੇ ਲੋਕਾਂ ਦਾ ਵਿਸ਼ੇਸ਼ ਸਵਾਗਤ ਕੀਤਾ ਗਿਆ। ਇਨ੍ਹਾਂ ਗੋਰਿਆਂ ਨੂੰ ਅਮਰੀਕੀ ਸਰਕਾਰ ਨੇ ਨਾ ਸਿਰਫ਼ ਹਵਾਈ ਜਹਾਜ਼ ਰਾਹੀਂ ਲਿਆਂਦਾ ਸੀ, ਸਗੋਂ ਉਨ੍ਹਾਂ ਨੂੰ ਨਾਗਰਿਕਤਾ ਦੇਣ ਦਾ ਵਾਅਦਾ ਵੀ ਕੀਤਾ ਸੀ। ਇਹ ਫੈਸਲਾ ਹੁਣ ਨਸਲੀ ਵਿਤਕਰੇ ਦੇ ਗੰਭੀਰ ਦੋਸ਼ਾਂ ਦਾ ਕਾਰਨ ਬਣ ਗਿਆ ਹੈ। ਅਮਰੀਕਾ ਤੋਂ ਕੱਢੇ ਗਏ ਜ਼ਿਆਦਾਤਰ ਲੋਕ ਏਸ਼ੀਆ ਤੇ ਲਾਤੀਨੀ ਅਮਰੀਕਾ ਦੇ ਨਾਗਰਿਕ ਸਨ। ਭਾਰਤ, ਬ੍ਰਾਜ਼ੀਲ, ਮੈਕਸੀਕੋ, ਸ੍ਰੀਲੰਕਾ, ਪਾਕਿਸਤਾਨ ਤੇ ਬੰਗਲਾਦੇਸ਼ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ। ਉਨ੍ਹਾਂ ਵਿਚੋਂ ਬਹੁਤ ਸਾਰੇ ਏਜੰਟਾਂ ਦੁਆਰਾ ਧੋਖਾ ਖਾ ਕੇ ਬਿਨਾਂ ਕਿਸੇ ਜਾਇਜ਼ ਦਸਤਾਵੇਜ਼ ਦੇ ਅਮਰੀਕਾ ਪਹੁੰਚ ਗਏ ਸਨ। ਟਰੰਪ ਪ੍ਰਸ਼ਾਸਨ ਨੇ 'ਗੈਰ-ਕਾਨੂੰਨੀ ਪ੍ਰਵੇਸ਼' ਦਾ ਹਵਾਲਾ ਦਿੰਦੇ ਹੋਏ ਕੋਈ ਮਾਨਵਤਾਵਾਦੀ ਰਾਹਤ ਪ੍ਰਦਾਨ ਨਹੀਂ ਕੀਤੀ।

**ਦੱਖਣੀ ਅਫ਼ਰੀਕਾ ਦੇ ਗੋਰੇ ਲੋਕਾਂ ਨੂੰ ਪਹਿਲ ਕਿਉਂ ਦਿੱਤੀ ਗਈ?**

ਟਰੰਪ ਪ੍ਰਸ਼ਾਸਨ ਨੇ ਦੱਖਣੀ ਅਫ਼ਰੀਕਾ ਤੋਂ ਆਉਣ ਵਾਲੇ ਗੋਰੇ ਲੋਕਾਂ ਨੂੰ ਤਰਜੀਹ ਦਿੰਦੇ ਹੋਏ ਕਿਹਾ ਕਿ ਇਹ ਲੋਕ ਉਨ੍ਹਾਂ ਦੇ ਦੇਸ਼ ਵਿਚ ਨਸਲੀ ਵਿਤਕਰੇ ਤੇ ਹਿੰਸਾ ਦੇ ਸ਼ਿਕਾਰ ਹਨ। ਉਨ੍ਹਾਂ ਨੂੰ ਨੌਕਰੀਆਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ ਤੇ ਉਨ੍ਹਾਂ ਨੂੰ ਮਾਰਿਆ ਜਾ ਰਿਹਾ ਹੈ। ਟਰੰਪ ਨੇ ਇਸ ਵਰਗ ਨੂੰ ਨਸਲਕੁਸ਼ੀ ਤੋਂ ਪੀੜਤ ਘੱਟ ਗਿਣਤੀ ਦੱਸਿਆ ਤੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਨਾਗਰਿਕਤਾ ਦੇਵਾਂਗੇ ਕਿਉਂਕਿ ਅਮਰੀਕਾ ਹਰ ਸਤਾਏ ਗਏ ਵਿਅਕਤੀ ਲਈ ਇੱਕ ਸੁਰੱਖਿਅਤ ਜਗ੍ਹਾ ਹੈ। ਇਸ ਨੀਤੀ ਦੇ ਤਹਿਤ, ਸੋਮਵਾਰ ਨੂੰ ਅਮਰੀਕਾ ਪਹੁੰਚੇ 49 ਗੋਰੇ ਅਫਰੀਕੀ ਨਾਗਰਿਕਾਂ ਨੂੰ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਲਿਆਂਦਾ ਗਿਆ। ਇਸ ਤੋਂ ਇਲਾਵਾ, 8000 ਹੋਰ ਲੋਕਾਂ ਨੇ ਅਮਰੀਕਾ ਵਿਚ ਵਸਣ ਦੀ ਇੱਛਾ ਜ਼ਾਹਰ ਕੀਤੀ ਹੈ।

**ਕੀ ਇਹ ਨਸਲੀ ਪੱਖਪਾਤ ਨਹੀਂ ਹੈ?**

ਆਲੋਚਕਾਂ ਦਾ ਦਾਅਵਾ ਹੈ ਕਿ ਇਹ ਨੀਤੀ ਨਸਲੀ ਤਰਜੀਹ 'ਤੇ ਆਧਾਰਿਤ ਹੈ, ਜੋਕਿ ਅਮਰੀਕੀ ਸੰਵਿਧਾਨ ਦੇ ਸਮਾਨਤਾ ਦੇ ਅਧਿਕਾਰ ਦੇ ਵਿਰੁੱਧ ਹੈ। ਟਰੰਪ ਪ੍ਰਸ਼ਾਸਨ ਨੇ ਮਨੁੱਖੀ ਆਧਾਰ 'ਤੇ ਕਾਲੇ ਜਾਂ ਦੱਖਣੀ ਏਸ਼ਿਆਈ ਪ੍ਰਵਾਸੀਆਂ ਪ੍ਰਤੀ ਕੋਈ ਨਰਮੀ ਨਹੀਂ ਦਿਖਾਈ। ਇਹ ਕਦਮ ਅਮਰੀਕਾ ਦੀ ਗੋਰੀ ਸਰਵੋਤਮਤਾਵਾਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਦਾ ਹੈ। ਹਾਲਾਂਕਿ, ਰਾਸ਼ਟਰਪਤੀ ਟਰੰਪ ਇਸ ਫੈਸਲੇ ਦਾ ਬਚਾਅ ਕਰਦੇ ਹੋਏ ਕਹਿੰਦੇ ਹਨ, 'ਅਸੀਂ ਕਿਸੇ ਨਸਲ ਦੇ ਵਿਰੁੱਧ ਨਹੀਂ ਹਾਂ, ਪਰ ਜਿਨ੍ਹਾਂ 'ਤੇ ਜ਼ੁਲਮ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਮਦਦ ਮਿਲਣੀ ਚਾਹੀਦੀ ਹੈ।'

**ਨਿਊਯਾਰਕ ਟਾਈਮਜ਼ ਨੇ ਟਰੰਪ ਦੇ ਦਾਅਵੇ ਨੂੰ ਖਾਰਜ ਕੀਤਾ**

ਨਿਊਯਾਰਕ ਟਾਈਮਜ਼ ਦੀ ਇੱਕ ਵਿਸਤ੍ਰਿਤ ਰਿਪੋਰਟ ਵਿੱਚ ਟਰੰਪ ਦੇ ਇਸ ਦਾਅਵੇ 'ਤੇ ਸਵਾਲ ਉਠਾਏ ਗਏ ਹਨ ਕਿ 'ਦੱਖਣੀ ਅਫਰੀਕਾ ਵਿਚ ਗੋਰੇ ਕਿਸਾਨਾਂ ਦੀ ਨਸਲਕੁਸ਼ੀ ਹੋ ਰਹੀ ਹੈ।' ਰਿਪੋਰਟ ਦੇ ਅਨੁਸਾਰ, ਅਪ੍ਰੈਲ 2020 ਤੋਂ ਮਾਰਚ 2024 ਤੱਕ, ਖੇਤਾਂ ਵਿਚ 225 ਮੌਤਾਂ ਹੋਈਆਂ। ਇਨ੍ਹਾਂ ਵਿਚੋਂ 101 ਮਜ਼ਦੂਰ (ਜ਼ਿਆਦਾਤਰ ਕਾਲੇ) ਸਨ। 53 ਗੋਰੇ ਕਿਸਾਨ ਵੀ ਮਾਰੇ ਗਏ ਸਨ। ਪੁਲਿਸ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਟਰੰਪ ਦੇ ਦਾਅਵਿਆਂ ਨੂੰ ਪ੍ਰਚਾਰ ਤੇ ਰਾਜਨੀਤਿਕ ਸਟੰਟ ਦੱਸਿਆ ਹੈ।

# ਟਰੰਪ ਨੂੰ ਮਿਲੇਗਾ ਦੁਨੀਆ ਦਾ ਸਭ ਤੋਂ ਮਹਿੰਗਾ ਤੋਹਫਾ

## ਕਤਰ ਦੇਣ ਜਾ ਰਿਹਾ 3400 ਕਰੋੜ ਦਾ ਬੋਇੰਗ 747-8 ਜੰਬੋ ਜੈੱਟ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੁਨੀਆ ਦਾ ਸਭ ਤੋਂ ਮਹਿੰਗਾ ਤੋਹਫ਼ਾ ਮਿਲਣ ਜਾ ਰਿਹਾ ਹੈ। ਕਤਰ ਸਰਕਾਰ ਟਰੰਪ ਨੂੰ ਇੱਕ ਲਗਜ਼ਰੀ ਬੋਇੰਗ 747-8 ਜੰਬੋ ਜੈੱਟ ਤੋਹਫ਼ੇ ਵਜੋਂ ਦੇਣ ਜਾ ਰਹੀ ਹੈ। ਇਸ ਜਹਾਜ਼ ਦੀ ਕੀਮਤ 400 ਮਿਲੀਅਨ ਡਾਲਰ (ਲਗਭਗ 3400 ਕਰੋੜ ਰੁਪਏ) ਹੈ। ਇਹ ਤੋਹਫ਼ਾ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨੂੰ ਮਿਲਿਆ ਹੁਣ ਤੱਕ ਦਾ ਸਭ ਤੋਂ ਮਹਿੰਗਾ ਵਿਦੇਸ਼ੀ ਤੋਹਫ਼ਾ ਹੋਵੇਗਾ।



ਹਾਲਾਂਕਿ, ਐਲਾਨ ਤੋਂ ਬਾਅਦ ਵੀ, ਟਰੰਪ ਨੂੰ ਇਹ ਤੋਹਫ਼ਾ ਅਜੇ ਪ੍ਰਾਪਤ ਨਹੀਂ ਹੋਵੇਗਾ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਦੇ ਅਨੁਸਾਰ, ਇਸ ਵਿਚ ਸਮਾਂ ਲੱਗ ਸਕਦਾ ਹੈ। ਰਿਪੋਰਟਾਂ ਅਨੁਸਾਰ, ਟਰੰਪ ਇਸ ਜਹਾਜ਼ ਨੂੰ ਏਅਰ ਫੋਰਸ ਵੰਨ ਦੇ ਵਿਕਲਪ ਵਜੋਂ ਅਸਥਾਈ ਤੌਰ 'ਤੇ ਵਰਤਣਗੇ। ਏਅਰ ਫੋਰਸ ਵੰਨ ਅਮਰੀਕੀ ਰਾਸ਼ਟਰਪਤੀ ਦਾ ਅਧਿਕਾਰਤ ਜਹਾਜ਼ ਹੈ। ਵਰਤਮਾਨ ਵਿਚ, ਟਰੰਪ ਦਾ ਨਿੱਜੀ ਜਹਾਜ਼, 'ਟਰੰਪ ਫੋਰਸ ਵੰਨ', 1990 ਦੇ ਦਹਾਕੇ ਦਾ ਇੱਕ ਪੁਰਾਣਾ 747 ਜੈੱਟ ਹੈ। ਇਸਨੂੰ 2011 'ਚ ਖਰੀਦਿਆ ਗਿਆ ਸੀ। ਕਤਰ ਦਾ ਜਹਾਜ਼ ਮੌਜੂਦਾ ਫੋਰਸ ਵੰਨ ਨਾਲੋਂ ਕਿਤੇ ਜ਼ਿਆਦਾ ਆਧੁਨਿਕ ਅਤੇ ਆਲੀਸ਼ਾਨ ਹੈ। ਹਾਲਾਂਕਿ, ਕਤਰ ਨੇ ਹੁਣ ਤੱਕ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਜਹਾਜ਼ ਤੋਹਫ਼ੇ ਵਜੋਂ ਦਿੱਤਾ ਜਾ ਰਿਹਾ ਹੈ।

**ਇਸ ਜੰਬੋ ਜੈੱਟ ਵਿਚ ਕੀ ਹਨ ਸਹੂਲਤਾਂ :** ਤੁਹਾਨੂੰ ਦੱਸ ਦੇਈਏ ਕਿ ਇਹ ਇੱਕ ਨਿੱਜੀ ਬੋਇੰਗ 747 ਹੈ, ਜੋ ਆਪਣੇ ਆਪ ਵਿਚ ਹਵਾ ਵਿਚ ਤੈਰਦਾ ਇੱਕ ਮਹੱਲ ਹੈ। ਇਸ ਵਿਚ ਇੱਕ ਮਾਸਟਰ ਬੈੱਡਰੂਮ ਹੈ, ਜੋ ਕਿ ਕਾਫ਼ੀ ਆਲੀਸ਼ਾਨ ਹੈ। ਇਸ ਤੋਂ ਇਲਾਵਾ, ਇਸ ਵਿਚ ਇੱਕ ਗੈਸਟ ਰੂਮ ਤੇ ਸ਼ਾਵਰਾਂ ਨਾਲ ਲੈਸ ਦੋ ਵੱਡੇ ਬਾਥਰੂਮ ਹਨ। ਜਹਾਜ਼ ਦੇ ਅੰਦਰ 5 ਛੋਟੀਆਂ ਰਸੋਈਆਂ ਅਤੇ 9 ਛੋਟੇ ਟਾਇਲਟ ਹਨ। ਇੰਨਾ ਹੀ ਨਹੀਂ, ਇਸਦੇ ਅੰਦਰ ਇੱਕ ਨਿੱਜੀ ਦਫ਼ਤਰ ਵੀ ਹੈ, ਜਿਸ ਵਿਚ ਆਰਾਮ ਨਾਲ ਕੰਮ ਕੀਤਾ ਜਾ ਸਕਦਾ ਹੈ।

# ਨਿਊਯਾਰਕ ਦੇ ਗੁਜਰਾਤੀ-ਭਾਰਤੀ ਮਨੀਸ਼ ਕੁਮਾਰ ਪਟੇਲ ਨੂੰ 48 ਮਿਲੀਅਨ ਡਾਲਰ ਦੇ ਮੈਡੀਕੇਅਰ ਧੋਖਾਧੜੀ ਦੀ ਸਕੀਮ ਵਿੱਚ 14 ਮਹੀਨਿਆਂ ਦੀ ਅਦਾਲਤ ਨੇ ਸਜ਼ਾ ਸੁਣਾਈ

ਨਿਊਯਾਰਕ, (ਰਾਜ ਗੋਗਨਾ ਭੁਲੱਥ) : ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਜੇ ਕਲੇਟਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕ ਭਾਰਤੀ ਮੂਲ ਦੇ 44 ਸਾਲਾ ਮਨੀਸ਼ ਕੁਮਾਰ ਪਟੇਲ ਨੇ 50 ਮਿਲੀਅਨ ਡਾਲਰ ਦੀ ਮੈਡੀਕਲ ਧੋਖਾਧੜੀ ਕੀਤੀ ਸੀ।ਅਤੇ ਉਸ ਨੂੰ ਨਿਊਯਾਰਕ ਦੀ ਅਦਾਲਤ ਨੇ 14 ਮਹੀਨੇ ਦੀ ਸਜ਼ਾ ਦਾ ਹੁਕਮ ਸੁਣਾਇਆ ਹੈ। ਦੱਸਣਯੋਗ ਹੈ ਕਿ ਅਮਰੀਕਾ ਵਿੱਚ ਵਿੱਤੀ ਅਤੇ ਮੈਡੀਕੇਅਰ ਧੋਖਾਧੜੀ ਵਿੱਚ ਸ਼ਾਮਲ ਗੁਜਰਾਤੀਆਂ ਦੀ ਗਿਣਤੀ ਹੁਣ ਵੱਧ ਰਹੀ ਹੈ। ਜਿਸ ਵਿੱਚ ਗੁਜਰਾਤੀ- ਭਾਰਤੀ ਨਿਊਯਾਰਕ ਦੇ ਮਨੀਸ਼ ਕੁਮਾਰ ਪਟੇਲ ਨੂੰ ਇਸੇ ਤਰ੍ਹਾਂ ਦੀ ਮੈਡੀਕੇਅਰ ਧੋਖਾਧੜੀ ਯੋਜਨਾ ਵਿੱਚ 14 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ, ਜੇ ਕਲੇਟਨ ਨੇ 44 ਸਾਲਾ ਮਨੀਸ਼ ਕੁਮਾਰ ਪਟੇਲ ਜਿਸ ਨੇ 50 ਮਿਲੀਅਨ ਡਾਲਰ ਦੀ ਮੈਡੀਕਲ ਧੋਖਾਧੜੀ ਕੀਤੀ ਸੀ, ਅਤੇ ਉਹ ਇਸ ਪੂਰੀ ਧੋਖਾਧੜੀ ਦਾ ਮਾਸਟਰਮਾਈਂਡ ਸੀ। ਜਿਸ ਕਾਰਨ ਉਸ ਨੂੰ ਅਦਾਲਤ ਨੇ 14 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇਲਾਵਾ ਮਨੀਸ਼ ਪਟੇਲ ਨੂੰ ਇੱਕ ਸਾਲ ਦੀ ਘਰ ਵਿੱਚ ਨਜ਼ਰਬੰਦੀ ਦੀ ਸਜ਼ਾ ਦਾ ਹੁਕਮ ਜਾਰੀ ਕੀਤਾ ਹੈ।ਅਦਾਲਤ ਨੇ ਮਨੀਸ਼ ਪਟੇਲ ਨੂੰ ਆਪਣੀ ਕੀਤੀ ਧੋਖਾਧੜੀ ਦੇ ਕਰਨ ਤੇ 48,150,692 ਡਾਲਰ ਵਾਪਸ ਕਰਨੇ ਪੈਣਗੇ ਅਤੇ 68,39,900 ਡਾਲਰ ਵਾਧੂ ਵੀ ਦੇਣੇ ਪੈਣਗੇ। ਨਿਊਯਾਰਕ ਨਿਵਾਸੀ ਭਾਰਤੀ- ਗੁਜਰਾਤੀ ਮਨੀਸ਼ ਕੁਮਾਰ ਪਟੇਲ ਨੂੰ ਮੈਡੀਕੇਅਰ ਧੋਖਾਧੜੀ ਦੇ ਦੋਸ਼ ਵਿੱਚ 14 ਮਹੀਨਿਆ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।

# ਪਾਕਿਸਤਾਨ ਸਾਹਮਣੇ ਚੁਣੌਤੀਆਂ

ਭਾਰਤ ਅਤੇ ਪਾਕਿਸਤਾਨ ਵਿਚ 4 ਦਿਨ ਤੱਕ ਸਖ਼ਤ ਲੜਾਈ ਹੋਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਗੋਲੀਬਾਰੀ ਬੰਦ ਕਰਨ ਲਈ ਸਹਿਮਤੀ ਬਣੀ ਸੀ। ਅਜਿਹਾ ਦੋਵਾਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨਜ਼ ਦਰਮਿਆਨ ਸਨਿਚਰਵਾਰ ਨੂੰ ਹੋਈ ਗੱਲਬਾਤ ਤੋਂ ਪਿੱਛੋਂ ਹੋਇਆ ਸੀ। ਉਸ ਸਮੇਂ ਇਹ ਵੀ ਸਹਿਮਤੀ ਬਣੀ ਸੀ ਕਿ ਦੋਵੇਂ ਫ਼ੌਜੀ ਜਰਨੈਲਾਂ ਦਰਮਿਆਨ ਅਗਲੀ ਗੱਲਬਾਤ ਸੋਮਵਾਰ ਨੂੰ ਹੋਵੇਗੀ। ਇਸ ਤਰ੍ਹਾਂ ਲੜਾਈ ਰੁਕਣ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੇ ਇਕ ਵਾਰ ਤਾਂ ਸੁੱਖ ਦਾ ਸਾਹ ਲਿਆ ਹੈ। ਦੁਨੀਆ ਭਰ ਦੇ ਦੇਸ਼ਾਂ ਵਲੋਂ ਇਸ ਸੰਬੰਧੀ ਚਿੰਤਾ ਪ੍ਰਗਟਾਈ ਜਾਂਦੀ ਰਹੀ ਹੈ ਅਤੇ ਉਨ੍ਹਾਂ ਵਲੋਂ ਦੋਵਾਂ ਦੇਸ਼ਾਂ ਨੂੰ ਆਪਸ ਵਿਚ ਗੱਲਬਾਤ ਕਰਨ ਲਈ ਅਪੀਲਾਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੋਲੀਬਾਰੀ ਬੰਦ ਹੋਣ ਸੰਬੰਧੀ ਸੰਤੁਸ਼ਟੀ ਜ਼ਾਹਿਰ ਕੀਤੀ ਹੈ ਅਤੇ ਇਹ ਵੀ ਆਸ ਪ੍ਰਗਟ ਕੀਤੀ ਹੈ ਕਿ ਆਉਂਦੇ ਸਮੇਂ ਵਿਚ ਦੋਵੇਂ ਦੇਸ਼ ਆਪਸੀ ਗੱਲਬਾਤ ਰਾਹੀਂ ਬੇਹੱਦ ਉਲਝ ਚੁੱਕੇ ਮਸਲਿਆਂ ਨੂੰ ਵੀ ਹੱਲ ਕਰਨ ਦਾ ਯਤਨ ਕਰਨਗੇ।

ਬਿਨਾਂ ਸ਼ੱਕ ਪਾਕਿਸਤਾਨ ਇਕ ਤੈਅਸ਼ੁਦਾ ਨੀਤੀ ਅਧੀਨ ਅੱਤਵਾਦੀ ਸੰਗਠਨਾਂ ਨੂੰ ਪਾਲ ਕੇ ਭਾਰਤ ਵਿਰੁੱਧ ਵਰਤਦਾ ਰਿਹਾ ਹੈ। ਪਿਛਲੇ ਲਗਭਗ 35 ਸਾਲ ਤੋਂ ਉਸ ਵਲੋਂ ਹਿੰਸਕ



ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾਂਦਾ ਰਿਹਾ ਹੈ। ਇਸ ਵਿਚ ਪਾਕਿਸਤਾਨ ਦੀ ਫ਼ੌਜ ਦੀ ਵੱਡੀ ਹੱਦ ਤੱਕ ਹੱਲਾਸ਼ੇਰੀ ਅਤੇ ਸ਼ਮੂਲੀਅਤ ਰਹੀ ਹੈ। ਇਸੇ ਕੜੀ ਵਿਚ ਦੇਸ਼ ਭਰ ਵਿਚ ਲਗਾਤਾਰ ਅੱਤਵਾਦੀ ਹਮਲੇ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਅਜਿਹਾ ਘਟਨਾਕ੍ਰਮ ਰਾਸ਼ਟਰ ਲਈ ਅਭੁੱਲ ਬਣ ਚੁੱਕਾ ਹੈ। ਚਾਹੇ ਇਨ੍ਹਾਂ ਕਾਰਵਾਈਆਂ ਵਿਚ ਅਨੇਕਾਂ ਤਰ੍ਹਾਂ ਦੇ ਅੱਤਵਾਦੀ ਸੰਗਠਨਾਂ ਦੀ ਸ਼ਮੂਲੀਅਤ ਮੰਨੀ ਜਾਂਦੀ ਹੈ ਪਰ ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਦੀਨ ਤਿੰਨ ਅਜਿਹੇ ਸੰਗਠਨ ਹਨ, ਜਿਨ੍ਹਾਂ ਦੇ ਮੁੱਖ ਅੱਡੇ ਮਕਬੂਜ਼ਾ ਕਸ਼ਮੀਰ, ਪੰਜਾਬ ਅਤੇ ਪਾਕਿਸਤਾਨ ਦੇ ਹੋਰ ਹਿੱਸਿਆਂ ਵਿਚ ਹਨ ਅਤੇ ਇਨ੍ਹਾਂ ’ਤੇ ਭਾਰਤ ਵਿਚ ਵੱਡੀਆਂ ਘਟਨਾਵਾਂ ਕਰਨ ਦਾ ਦੋਸ਼ ਲਗਦਾ ਹੈ। ਇਨ੍ਹਾਂ ਵਿਚ ਸਾਲ 2008 ਵਿਚ ਮੁੰਬਈ ਵਿਚ ਕੀਤੇ ਹਮਲੇ ਵੀ ਸ਼ਾਮਿਲ ਹਨ। ਕੀਤੀਆਂ ਗਈਆਂ ਅਜਿਹੀਆਂ ਹਿੰਸਕ ਕਾਰਵਾਈਆਂ ਦੀ ਲੜੀ ਬਹੁਤ ਲੰਮੀ ਹੈ, ਜਿਨ੍ਹਾਂ ਪ੍ਰਤੀ ਪਾਕਿਸਤਾਨ ਨੂੰ ਲਗਾਤਾਰ ਸੂਚਿਤ ਵੀ ਕੀਤਾ ਜਾਂਦਾ ਰਿਹਾ ਹੈ। ਪਰ ਉੱਥੋਂ ਦੀਆਂ ਸਰਕਾਰਾਂ ’ਤੇ ਕੋਈ ਅਸਰ ਨਹੀਂ ਸੀ ਹੋਇਆ। ਇਸੇ ਕੜੀ ਵਿਚ ਹੀ 22 ਅਪ੍ਰੈਲ ਨੂੰ ਪਹਿਲਗਾਮ ਵਿਚ ਕੀਤਾ ਗਿਆ ਅੱਤਵਾਦੀ ਹਮਲਾ ਸ਼ਾਮਲ ਹੈ, ਜਿਸ ਵਿਚ 26 ਭਾਰਤੀਆਂ ਨੂੰ ਚੁਣ-ਚੁਣ ਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ।

ਇਸ ਦੁਖਦਾਈ ਅਤੇ ਕਰੂਰਤਾ ਭਰੀ ਕਾਰਵਾਈ ਤੋਂ ਬਾਅਦ ਭਾਰਤ ਵਲੋਂ 7 ਮਈ ਨੂੰ ਜਵਾਬੀ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ ਸੀ, ਜਿਨ੍ਹਾਂ ਵਿਚ ਪਾਕਿਸਤਾਨ ਵਿਚਲੇ ਅੱਤਵਾਦੀਆਂ ਦੇ ਕੈਂਪਾਂ ਅਤੇ ਉਨ੍ਹਾਂ ਦੇ ਰਹਿਣ ਵਾਲੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਭਾਰਤ ਸਰਕਾਰ ਵਲੋਂ ਸਿੰਧੂ ਜਲ ਸਮਝੌਤੇ ਨੂੰ ਖ਼ਤਮ ਕਰਨ ਅਤੇ ਪਾਕਿਸਤਾਨ ਨਾਲ ਸਫ਼ਾਰਤੀ ਪੱਧਰ ਦੇ ਸੰਬੰਧਾਂ ਨੂੰ ਘਟਾਉਣ ਦਾ ਐਲਾਨ ਕੀਤਾ ਗਿਆ ਸੀ। ਸਫ਼ਾਰਤੀ ਸਟਾਫ਼ ਨੂੰ ਘਟਾਉਣ, ਆਪਸੀ ਵਪਾਰ ਬੰਦ ਕਰਨ ਅਤੇ ਹਰ ਤਰ੍ਹਾਂ ਦਾ ਮੇਲ-ਜੋਲ ਖ਼ਤਮ ਕਰਨ ਨੇ ਪਾਕਿਸਤਾਨ ਦੀਆਂ ਚਿੰਤਾਵਾਂ ਨੂੰ ਵੱਡੀ ਹੱਦ ਤਕ ਵਧਾ ਦਿੱਤਾ ਸੀ।

ਹੁਣ ਫ਼ੌਜ ਦੇ ਤਿੰਨਾਂ ਵਿੰਗਾਂ ਦੇ ਉੱਚ ਅਧਿਕਾਰੀਆਂ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਕੁਝ ਦਿਨ ਦੀ ਸੀਮਤ ਜੰਗ ਤੋਂ ਬਾਅਦ ਭਾਰਤ ਦੇ ਸਾਰੇ ਫ਼ੌਜੀ ਅੱਡੇ ਅਤੇ ਪ੍ਰਬੰਧ ਪੂਰੀ ਤਰ੍ਹਾਂ ਸੁਰੱਖਿਅਤ ਹਨ ਤੇ ਆਮ ਦੀ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਪਾਕਿਸਤਾਨ ਵਿਚ ਮਿਜ਼ਾਈਲਾਂ ਨਾਲ ਅੱਤਵਾਦੀਆਂ ਦੇ 9 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ, 11 ਹਵਾਈ ਅੱਡਿਆਂ ਨੂੰ ਨਸ਼ਟ ਕੀਤਾ ਗਿਆ ਅਤੇ 100 ਤੋਂ ਵਧੇਰੇ ਅੱਤਵਾਦੀਆਂ ਨੂੰ ਵੀ ਮਾਰ ਦਿੱਤਾ ਗਿਆ ਹੈ। ਭਾਰਤ ਸਰਕਾਰ ਵਲੋਂ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਅੱਗੇ ਲਈ ਕਿਸੇ ਵੀ ਅੱਤਵਾਦੀ ਹਮਲੇ ਨੂੰ ਦੇਸ਼ ਵਿਰੁੱਧ ਜੰਗ ਸਮਝਿਆ ਜਾਏਗਾ। ਇਸ ਪੜਾਅ ’ਤੇ ਪਹੁੰਚ ਕੇ ਪਾਕਿਸਤਾਨੀ ਹਾਕਮਾਂ ਅਤੇ ਫ਼ੌਜ ਨੂੰ ਇਹ ਸਮਝ ਜ਼ਰੂਰ ਆ ਜਾਣੀ ਚਾਹੀਦੀ ਹੈ, ਕਿ ਦਹਾਕਿਆਂ ਤੋਂ ਉਨ੍ਹਾਂ ਵਲੋਂ ਕੀਤੀ ਜਾ ਰਹੀ ਅਜਿਹੀ ਕਵਾਇਦ ਅਜਿਹੇ ਮਾੜੇ ਸਿੱਟਿਆਂ ਦੀ ਧਾਰਨੀ ਹੋ ਸਕਦੀ ਹੈ, ਜਿਸ ਨਾਲ ਕਿ ਪਾਕਿਸਤਾਨ ਦਾ ਭਵਿੱਖ ਪੂਰੀ ਤਰ੍ਹਾਂ ਅਨਿਸਚਿਤ ਹੋ ਜਾਏਗਾ।

ਪਹਿਲਾਂ ਹੀ ਇਹ ਦੇਸ਼ ਆਰਥਿਕ ਮੰਦਵਾੜੇ ਨਾਲ ਝੰਬਿਆ ਹੋਇਆ ਹੈ, ਜਿਸ ਕਰਕੇ ਉੱਥੇ ਦੇ ਕਰੋੜਾਂ ਨਾਗਰਿਕ ਮੰਦਹਾਲੀ ਭਰਿਆ ਜੀਵਨ ਜਿਊਣ ਲਈ ਮਜਬੂਰ ਹਨ। ਅਜਿਹੀਆਂ ਨੀਤੀਆਂ ਕਰਕੇ ਹੀ ਪਾਕਿਸਤਾਨ ਨੂੰ ਅੱਜ ਵੱਡੀਆਂ ਅੰਦਰੂਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜੇਕਰ ਉਹ ਆਪਣਾ ਵਤੀਰਾ ਨਹੀਂ ਬਦਲਦਾ ਤਾਂ ਉਸ ਦੀਆਂ ਮੁਸ਼ਕਿਲਾਂ ਹੋਰ ਵੀ ਵਧ ਸਕਦੀਆਂ ਹਨ।

# ਦਹਿਸ਼ਤੀ ਮੋਰਚੇ ’ਤੇ ਪਾਕਿਸਤਾਨ ਲਈ ਚਿਤਾਵਨੀ

**ਲੈਫ਼ਟੀਨੈਂਟ ਜਨਰਲ ਡੀਐੱਸ ਹੁੱਡਾ (ਸੇਵਾਮੁਕਤ)**



ਛੇ ਤੇ ਸੱਤ ਮਈ ਦੀ ਰਾਤ ਨੂੰ ਭਾਰਤ ਨੇ ਅਪਰੇਸ਼ਨ ਸਿੰਧੂਰ ਲਾਂਚ ਕੀਤਾ, ਜਿਸ ਤਹਿਤ ਪਾਕਿਸਤਾਨ ’ਚ ਦਹਿਸ਼ਤੀ ਢਾਂਚੇ ’ਤੇ ਲੜੀਵਾਰ ਫੌਜੀ ਹੱਲੇ ਬੋਲੇ ਗਏ। ਨੌਂ ਅਤਿਵਾਦੀ ਕੈਂਪ ਤਬਾਹ ਹੋ ਗਏ, ਜਿਨ੍ਹਾਂ ਵਿਚ ਪੰਜ ਮਕਬੂਜ਼ਾ ਕਸ਼ਮੀਰ ਤੇ ਚਾਰ ਪੰਜਾਬ ਸੂਬੇ ’ਚ ਸਨ। ਸਭ ਤੋਂ ਅਹਿਮ ਨਿਸ਼ਾਨਾ ਮੁਰੀਦਕੇ ਅਤੇ ਬਹਾਵਲਪੁਰ ਸੀ।

ਮੁਰੀਦਕੇ, ਜੋ ਲਾਹੌਰ ਤੋਂ 40 ਕਿਲੋਮੀਟਰ ਦੂਰ ਹੈ, ਲਸ਼ਕਰ-ਏ-ਤੋਇਬਾ ਤੇ ਇਸ ਦੀ ਫਰੰਟ ਇਕਾਈ ਜਮਾਤ-ਉਦ-ਦਾਵਾ ਦਾ ਹੈੱਡਕੁਆਰਟਰ ਹੈ। ‘ਦਿ ਰਿਜ਼ਿਸਟੈਂਸ ਫਰੰਟ’ (ਟੀਆਰਐਫ), ਜਿਸ ਨੇ ਪਹਿਲਾਂ ਪਹਿਲਗਾਮ ਕਤਲੇਆਮ ਦੀ ਜ਼ਿੰਮੇਵਾਰੀ ਲਈ ਸੀ, ਲਸ਼ਕਰ ਨਾਲ ਜੁੜੇ ਹੋਣ ਲਈ ਜਾਣੀ ਜਾਂਦੀ ਹੈ। ਬਹਾਵਲਪੁਰ ਜੈਸ਼-ਏ-ਮੁਹੰਮਦ ਦਾ ਟਿਕਾਣਾ ਹੈ, ਜੋ ਜਾਮੀਆ ਮਸਜਿਦ ਸੁਭਾਨ ਅੱਲ੍ਹਾ ਕੰਪਲੈਕਸ ਵਿਚੋਂ ਚੱਲਦੀ ਹੈ, ਇਹ ਉਸਮਾਨ-ਓ-ਅਲੀ ਕੈਂਪਸ ਵਜੋਂ ਵੀ ਮਸ਼ਹੂਰ ਹੈ।

ਅਪਰੇਸ਼ਨ ਸਿੰਧੂਰ ਸਾਲ 2016 ਤੇ 2019 ਵਿਚ ਕੀਤੇ ਸਰਹੱਦ-ਪਾਰ ਵਾਰਾਂ ਨਾਲੋਂ ਪੱਧਰ ਤੇ ਘੇਰੇ ’ਚ ਕਿਤੇ ਵੱਡਾ ਹੈ। ਜਿਹੜਾ ਸੁਨੇਹਾ ਇਸ ਨੇ ਦਿੱਤਾ ਹੈ, ਉਹ ਵੀ ਜ਼ਿਆਦਾ ਸ਼ਕਤੀਸ਼ਾਲੀ ਤੇ ਇਕਸੁਰ ਹੈ; ਤੇ ਇਸ ਸੁਨੇਹੇ ਵਿਚ ਪਾਕਿਸਤਾਨ ਨਾਲ ਨਜਿੱਠਣ ਦੀ ਭਾਰਤ ਦੀ ਭਵਿੱਖੀ ਰਣਨੀਤੀ ’ਚ ਕੁਝ ਅਹਿਮ ਬਦਲਾਅ ਹਨ।

ਪਹਿਲਾ ਇਹ ਕਿ ਵੱਡੇ ਅਤਿਵਾਦੀ ਹਮਲਿਆਂ ਲਈ ਸਖ਼ਤ ਸਜ਼ਾ ਮਿਲੇਗੀ। ਕਿਉਂਕਿ 2016 ਤੇ 2019 ਦੇ ਭਾਰਤੀ ਹੱਲੇ ਸੀਮਤ ਸਨ, ਇਸ ਲਈ ਇਹ ਪਾਕਿਸਤਾਨ ਨੂੰ, ਅਤਿਵਾਦ ਨੂੰ ਸਰਕਾਰੀ ਨੀਤੀ ਦਾ ਇਕ ਸਾਧਨ ਬਣਾ ਕੇ ਵਰਤਣ ਤੋਂ ਰੋਕ ਨਹੀਂ ਸਕੇ, ਪਰ ਹੁਣ ਸਭ ਤੋਂ ਜ਼ਿਆਦਾ ਦਰਦ ਉਨ੍ਹਾਂ ਨੂੰ ਹੋ ਰਿਹਾ ਹੋਵੇਗਾ ਜਿਹੜੇ ਅਤਿਵਾਦ ਦੀ ਇਸ ਮੁਹਿੰਮ ਨੂੰ ਸਿੱਧੇ ਤੌਰ ’ਤੇ ਸੰਭਾਲ ਰਹੇ ਸਨ। ਜੇ ਪਾਕਿਸਤਾਨੀ ਫੌਜ ਅਤਿਵਾਦੀਆਂ ਦੀ ਲੀਡਰਸ਼ਿਪ ਨੂੰ ਨਕੇਲ ਪਾਉਣ ਦੀ ਚਾਹਵਾਨ ਨਹੀਂ ਹੈ, ਤਾਂ ਭਾਰਤ ਸੈਨਿਕ ਸਾਜ਼ੋ-ਸਾਮਾਨ ਦੀ ਵਰਤੋਂ ਕਰ ਕੇ ਅਜਿਹਾ ਕਰੇਗਾ।

ਭਾਰਤ ਨੇ ਲੰਮਾ ਸਮਾਂ ਰਣਨੀਤਕ ਸੰਜਮ ਦਾ ਰੁਖ਼ ਅਖ਼ਤਿਆਰ ਕਰ ਕੇ ਰੱਖਿਆ। ਹਾਲਾਂਕਿ ਬਦਲ ਰਹੀ ਸੁਰੱਖਿਆ ਸਥਿਤੀ ਕਰ ਕੇ, ਖਾਸ ਤੌਰ ’ਤੇ ਭਿਆਨਕ ਪਹਿਲਗਾਮ ਹਮਲੇ ਤੋਂ ਬਾਅਦ, ਨਵੇਂ ਸਿਰਿਓਂ ਰਣਨੀਤੀ ਘੜਨ ਦੀ ਲੋੜ ਪਈ ਹੈ। ਬਹਾਵਲਪੁਰ ਤੇ ਮੁਰੀਦਕੇ ਵਰਗੀਆਂ ਧੁਰ ਅੰਦਰਲੀਆਂ ਥਾਵਾਂ ’ਤੇ ਹਮਲਾ ਕਰ ਕੇ ਭਾਰਤ ਨੇ ਸੰਕੇਤ ਦਿੱਤਾ ਹੈ ਕਿ ਇਹ ਹੁਣ ਮਹਿਜ਼ ਜਵਾਬੀ ਕਾਰਵਾਈ ਨੂੰ ਕਾਫ਼ੀ ਨਹੀਂ ਮੰਨਦਾ। ਨਵੀਂ ਪਹੁੰਚ ਦਾ ਉਦੇਸ਼ ਉਨ੍ਹਾਂ ਦੀਆਂ ਸੁਵਿਧਾਜਨਕ ਗਿਣਤੀਆਂ-ਮਿਣਤੀਆਂ ਨੂੰ ਵਿਗਾੜਨਾ ਹੈ ਜਿਹੜੇ ਸਰਹੱਦ ਪਾਰੋਂ ਅਤਿਵਾਦ ਨੂੰ ਸ਼ਹਿ ਦਿੰਦੇ ਹਨ।

ਅਪਰੇਸ਼ਨ ਸਿੰਧੂਰ ’ਤੇ ਜਾਣਕਾਰੀ ਦਿੰਦਿਆਂ ਸਰਕਾਰ ਨੇ, ਪਹਿਲਾਂ ਹੋਏ ਦਹਿਸ਼ਤੀ ਹਮਲਿਆਂ (2001 ਦੇ ਸੰਸਦੀ ਹਮਲੇ ਤੋਂ ਲੈ ਕੇ 2008 ਦੇ ਮੁੰਬਈ ਹਮਲੇ, ਉੜੀ 2016, ਪੁਲਵਾਮਾ 2019 ਤੇ ਪਹਿਲਗਾਮ ਹਮਲੇ) ਦਾ ਚਾਰਟ ਵੀ ਦਿਖਾਇਆ, ਜਿਸ ਰਾਹੀਂ ਸਰਹੱਦ-ਪਾਰੋਂ ਹੁੰਦੇ ਅਤਿਵਾਦ ਦੀ ਚੁਕਾਈ ਜਾਂਦੀ ਕੀਮਤ ਨੂੰ ਉਭਾਰ ਕੇ ਪੇਸ਼ ਕੀਤਾ ਗਿਆ; ਤੇ ਇਸ ਤੋਂ ਬਾਅਦ ਸੁਨੇਹਾ ਫਲੈਸ਼ ਕੀਤਾ ਗਿਆ “ ਬਸ ਹੋਰ ਨਹੀਂ”। ਇਹ ਸਭ ਭਾਵੇਂ ਨਾਟਕੀ ਲੱਗ ਸਕਦਾ ਹੈ, ਪਰ ਇਹ ਭਾਰਤ ਦੇ ਅਹਿਦ ਨੂੰ ਉਭਾਰਦਾ ਹੈ ਕਿ ਇਹ ਹੁਣ ਪਾਕਿਸਤਾਨੀ ਧਰਤੀ ਤੋਂ ਉੱਠਦੇ ਅਤਿਵਾਦ ਨੂੰ ਹੋਰ ਬਰਦਾਸ਼ਤ ਨਹੀਂ ਕਰੇਗਾ।

ਦੂਜਾ, ਪਾਕਿਸਤਾਨੀ ਸੈਨਾ ਕੋਲ ਦੋ ਬਦਲ ਹਨ। ਇਸ ਨੂੰ ਜਾਂ ਤਾਂ ਮਿਲਟਰੀ-ਜਹਾਦ ਕੰਪਲੈਕਸ ਦੀ ਮਜ਼ਬੂਤ ਨੀਂਹ ਪੁੱਟਣੀ ਪਵੇਗੀ, ਜਿਸ ਨੂੰ ਇਸ ਨੇ ਲੰਮਾ ਸਮਾਂ ਸਹਾਰਾ ਦਿੱਤਾ ਹੈ, ਜਾਂ ਫੇਰ ਭਾਰਤ ਨਾਲ ਤਬਾਹਕੁਨ ਟਕਰਾਅ ਮੁੱਲ ਲੈਣਾ ਪਵੇਗਾ, ਜਿਹੜਾ ਪਾਕਿਸਤਾਨ ਵਰਗੇ ਸੰਕਟਗ੍ਰਸਤ ਮੁਲਕ ਨੂੰ ਹੋਰ ਅਸਥਿਰਤਾ ਤੇ ਖ਼ਤਰੇ ’ਚ ਫਸਾ ਦੇਵੇਗਾ।

ਦਹਾਕਿਆਂ ਤੱਕ ਪਾਕਿਸਤਾਨੀ ਫੌਜ ਨੇ ਜਹਾਦੀ ਗਰੁੱਪਾਂ ਨੂੰ ਰਣਨੀਤਕ ਅਸਾਸਿਆਂ ਵਜੋਂ ਸਾਂਭਿਆ ਹੈ ਤੇ ਭਾਰਤ ਖਿਲਾਫ਼ ਵਰਤਿਆ ਹੈ, ਪਰ ਨਾਲ ਹੀ ਇਸ ਸਭ ਤੋਂ ਇਨਕਾਰੀ ਵੀ ਰਹੀ ਹੈ। ਅਪਰੇਸ਼ਨ ਸਿੰਧੂਰ ਦੇ ਨਾਲ, ਭਾਰਤ ਇਹ ਸਾਫ਼ ਕਰ ਰਿਹਾ ਹੈ ਕਿ ਸਰਕਾਰ ਤੇ ਇਸ ਦੇ ਉਨ੍ਹਾਂ ਰੂਪਾਂ (ਪਰੌਕਸੀ) ਵਿਚ ਕੋਈ ਫ਼ਰਕ ਨਹੀਂ ਹੈ, ਜਿਨ੍ਹਾਂ ਨੂੰ ਇਹ ਸ਼ਹਿ ਦੇ ਰਹੀ ਹੈ। ਰੇਖਾਵਾਂ ਫਿੱਕੀਆਂ ਕਰਨ ਦਾ ਇਹ ਕਦਮ ਸੋਚ ਕੇ ਚੁੱਕਿਆ ਗਿਆ ਹੈ। ਪੰਜਾਬ ਵਿਚ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਨੇ ਸੰਕੇਤ ਦਿੱਤਾ ਹੈ ਕਿ ਸੁਰੱਖਿਅਤ ਲੁਕਣਗਾਹਾਂ ਹੁਣ ਬਚ ਨਹੀਂ ਸਕਣਗੀਆਂ, ਭਾਵੇਂ ਉਨ੍ਹਾਂ ਦਾ ਰਾਜਨੀਤਕ ਜੁੜਾਅ ਕਿਹੋ ਜਿਹਾ ਵੀ ਹੋਵੇ।

ਮੀਡੀਆ ਨੂੰ ਜਾਣਕਾਰੀ ਦਿੰਦਿਆਂ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਦੀ “ਕਾਰਵਾਈ ਸੰਤੁਲਿਤ, ਕੇਂਦਰਿਤ, ਗੈਰ-ਉਤੇਜਿਤ ਤੇ ਜ਼ਿੰਮੇਵਾਰਾਨਾ ਸੀ। ਇਸ ਨੇ ਦਹਿਸ਼ਤੀ ਨੈੱਟਵਰਕ ਨੂੰ ਨਿਸ਼ਾਨਾ ਬਣਾਇਆ ਤੇ ਉਨ੍ਹਾਂ ਅਤਿਵਾਦੀਆਂ ਨੂੰ ਖ਼ਤਮ ਕੀਤਾ ਜਿਨ੍ਹਾਂ ਨੂੰ ਭਾਰਤ ਭੇਜਿਆ ਜਾ ਸਕਦਾ ਸੀ।” ਇਹ ਪਾਕਿਸਤਾਨ ਨੂੰ ਸੂਖਮ ਸੁਨੇਹਾ ਸੀ ਕਿ ਤਣਾਅ ਨੂੰ ਕਾਬੂ ’ਚ ਰੱਖਿਆ ਜਾ ਸਕਦਾ ਹੈ ਜੇਕਰ ਇਹ ਕਿਸੇ ਜਵਾਬੀ ਫੌਜੀ ਕਾਰਵਾਈ ਤੋਂ ਗੁਰੇਜ਼ ਕਰੇ, ਤੇ ਭਵਿੱਖ ’ਚ ਅਤਿਵਾਦੀ ਗਤੀਵਿਧੀਆਂ ਉਤੇ ਨਜ਼ਰ ਰੱਖੇ। ਪਾਕਿਸਤਾਨੀ ਸੈਨਾ ਨੇ ਇਸ ਸੁਨੇਹੇ ’ਤੇ ਗੌਰ ਕੀਤਾ ਹੈ ਜਾਂ ਨਹੀਂ, ਇਸ ਬਾਰੇ ਕੁਝ ਪੱਕਾ ਨਹੀਂ।

ਤੀਜਾ, ਭਾਰਤ ਸਪੱਸ਼ਟ ਹੈ ਕਿ ਪਰਮਾਣੂ ਟਕਰਾਅ ਤੋਂ ਹੇਠਾਂ ਸੀਮਤ ਕਾਰਵਾਈ ਦੀ ਗੁੰਜਾਇਸ਼ ਹੈ। ਜਦ ਵੀ ਭਾਰਤ-ਪਾਕਿਸਤਾਨ ਸੰਕਟ ਦੀ ਗੱਲ ਆਉਂਦੀ ਹੈ ਤਾਂ ਪਾਕਿਸਤਾਨ ਪਹਿਲੇ ਹੱਲੇ ਹੀ ਆਪਣਾ ਪਰਮਾਣੂ ਪੱਤਾ ਖੇਡ ਦਿੰਦਾ ਹੈ। ਮੰਤਰੀ ਹਨੀਫ਼ ਅੱਬਾਸੀ ਨੇ ਕਿਹਾ ਕਿ ਜੇ ਭਾਰਤ ਸਿੰਧੂ ਜਲ ਸੰਧੀ ਰੱਦ ਕਰ ਕੇ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਬੰਦ ਕਰਦਾ ਹੈ ਤਾਂ ਇਸਲਾਮਾਬਾਦ ਪਰਮਾਣੂ ਹਥਿਆਰਾਂ ਨਾਲ ਹਮਲਾ ਕਰਨ ਲਈ ਤਿਆਰ ਹੋਵੇਗਾ। ਰੂਸ ਵਿਚ ਪਾਕਿਸਤਾਨ ਦੇ ਰਾਜਦੂਤ ਮੁਹੰਮਦ ਖਾਲਿਦ ਜਮਾਲੀ ਨੇ ਵੀ ਇਹੀ ਧਮਕੀ ਦਿੱਤੀ।

ਭਾਰਤ ਹੁਣ ਆਪਣੇ ਆਪ ਨੂੰ ਪਾਕਿਸਤਾਨ ਦੇ ਪਰਮਾਣੂ ਬਲੈਕਮੇਲ ਨਾਲ ਬੰਨ੍ਹਿਆ ਹੋਇਆ ਨਹੀਂ ਦੇਖਦਾ। ਅਪਰੇਸ਼ਨ ਸਿੰਧੂਰ ਰਾਹੀਂ ਪੰਜਾਬ ਦੇ ਧੁਰ ਅੰਦਰ ਹੱਲਾ ਬੋਲ ਕੇ ਇਸ ਨੇ ਹਵਾਈ ਤਾਕਤ ਦੀ ਵਰਤੋਂ ’ਚ ਨਵਾਂ ਮਿਆਰ ਸਥਾਪਿਤ ਕੀਤਾ ਹੈ, ਜਿਸ ਨੂੰ ਕਿਸੇ ਵੇਲੇ ਦਹਿਸ਼ਤੀ ਹਮਲਿਆਂ ਦੇ ਜਵਾਬ ’ਚ ਬੇਹੱਦ ਖ਼ਤਰਨਾਕ ਤੇ ਉਤੇਜਿਤ ਕਰਨ ਵਾਲਾ ਮੰਨਿਆ ਜਾਂਦਾ ਸੀ।

ਚੌਥਾ, ਦਹਿਸ਼ਤਗਰਦੀ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਸਾਬਿਤ ਕਰਨ ਲਈ ਆਲਮੀ ਖੇਮਿਆਂ ’ਚ ਭਾਰਤ ਤੋਂ ਸਬੂਤਾਂ ਦੀ ਹੁੰਦੀ ਰਹੀ ਮੰਗ ਦਾ ਸਮਾਂ ਵੀ ਪੁੱਗ ਗਿਆ ਹੈ। ਭਾਰਤ ਦਹਾਕਿਆਂ ਤੋਂ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਦਾ ਸ਼ਿਕਾਰ ਰਿਹਾ ਹੈ। ਸਮੱਸਿਆ ਉਹ ਨਹੀਂ ਹਨ ਜਿਹੜੇ ਹਮਲਿਆਂ ਨੂੰ ਅੰਜਾਮ ਦਿੰਦੇ ਹਨ, ਬਲਕਿ ਪਾਕਿਸਤਾਨ ਦੀ ਅਤਿਵਾਦੀ ਤੇ ਫੌਜੀ ਲੀਡਰਸ਼ਿਪ ਹੈ ਜਿਹੜੀ ਉਨ੍ਹਾਂ ਨੂੰ ਪਾਲਦੀ ਹੈ। ਪੁਖ਼ਤਾ ਸਬੂਤਾਂ ਦੀ ਮੰਗ ‘ਪਰੌਕਸੀ’ ਜੰਗ ਦੇ ਸਰੂਪ ਨੂੰ ਨਜ਼ਰਅੰਦਾਜ਼ ਕਰਦੀ ਹੈ। ਭਾਰਤ ’ਚ ਹੋਏ ਹਮਲਿਆਂ ਦੀ ਨਿਰੰਤਰਤਾ, ਕਸੂਰਵਾਰਾਂ ਦੀ ਸ਼ਨਾਖ਼ਤ, ਉਨ੍ਹਾਂ ਦੀ ਸਿਖਲਾਈ, ਵਿਚਾਰਧਾਰਕ ਬਿਰਤਾਂਤ ਤੇ ਫੰਡਿੰਗ ਇਕ ਅਜਿਹੇ ਢਾਂਚੇ ਵੱਲ ਇਸ਼ਾਰਾ ਕਰਦੇ ਹਨ ਜਿਹੜਾ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਚੱਲ ਹੀ ਨਹੀਂ ਸਕਦਾ।

ਪੰਜਵਾਂ, ਕੌਮਾਂਤਰੀ ਭਾਈਚਾਰੇ ਨੂੰ ਵੀ ਸੁਨੇਹਾ ਗਿਆ ਹੈ। ਭਾਰਤ ਵਿਚ ਸੰਯੁਕਤ ਰਾਸ਼ਟਰ ਵਰਗੀਆਂ ਆਲਮੀ ਸੰਸਥਾਵਾਂ ਨੂੰ ਲੈ ਕੇ ਨਿਰਾਸ਼ਾ ਹੈ ਕਿਉਂਕਿ ਉਹ ਪਾਕਿਸਤਾਨ ਨੂੰ ਦਹਿਸ਼ਤਗਰਦੀ ਲਈ ਜਵਾਬਦੇਹ ਨਹੀਂ ਬਣਾ ਸਕੀਆਂ। ਕੌਮਾਂਤਰੀ ਰਾਇ ਤੇ ਕੂਟਨੀਤਕ ਹਮਾਇਤ ਭਾਵੇਂ ਮਹੱਤਵਪੂਰਨ ਹੈ, ਪਰ ਜਦ ਭਾਰਤ ਪਾਕਿਸਤਾਨ ਦੇ ਅਤਿਵਾਦ ਖਿਲਾਫ਼ ਕਾਰਵਾਈ ਦੇ ਬਦਲ ਚੁਣਦਾ ਹੈ ਤਾਂ ਇਹ ਪ੍ਰਮੁੱਖ ਨੁਕਤਿਆਂ ਵਿਚ ਸ਼ਾਮਲ ਨਹੀਂ ਹੈ।

ਅਪਰੇਸ਼ਨ ਸਿੰਧੂਰ ਨੇ ਨਵੇਂ ਸਿਧਾਂਤਕ ਮਿਆਰ ਸਥਾਪਿਤ ਕੀਤੇ ਹਨ: ਦਹਿਸ਼ਤੀ ਢਾਂਚਾ ਤਬਾਹ ਕੀਤਾ ਜਾਵੇਗਾ, ਪਰਮਾਣੂ ਧਮਕੀਆਂ ‘ਪਰੌਕਸੀ’ ਲਾਉਣ ਵਾਲਿਆਂ ਨੂੰ ਬਚਾ ਨਹੀਂ ਸਕਣਗੀਆਂ, ਆਲਮੀ ਭਾਈਚਾਰੇ ਦੀ ਨੈਤਿਕ ਦੁਚਿੱਤੀ ਭਾਰਤ ਦੀਆਂ ਖ਼ੁਦਮੁਖਤਿਆਰ ਚੋਣਾਂ ਤੋਂ ਉਤੇ ਨਹੀਂ ਜਾਵੇਗੀ, ਤੇ ਪਾਕਿਸਤਾਨੀ ਫ਼ੌਜ ਨੂੰ ਜਹਾਦੀ ਗਰੁੱਪਾਂ ਨਾਲ ਆਪਣੀ ਲੰਮੀ ਨੇੜਤਾ ਦੇ ਸਿੱਟਿਆਂ ਦਾ ਅਹਿਸਾਸ ਜ਼ਰੂਰ ਕਰਾਇਆ ਜਾਵੇਗਾ।

ਬਦਕਿਸਮਤੀ ਨਾਲ, ਇਹ ਦੱਖਣ ਏਸ਼ੀਆ ਦੀ ਸਥਿਰਤਾ ਨੂੰ ਸੱਟ ਮਾਰਦਾ ਹੈ। ਜੇ ਪਾਕਿਸਤਾਨ ਅਤਿਵਾਦ ਨੂੰ ਸਰਕਾਰੀ ਨੀਤੀ ਦੇ ਤੌਰ ’ਤੇ ਵਰਤਦਾ ਰਹਿੰਦਾ ਹੈ, ਤਾਂ ਆਪਣੀ ਭਵਿੱਖੀ ਉਡਾਰੀ ਬਾਰੇ ਕੌੜੀਆਂ ਸੱਚਾਈਆਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਹੇ।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ


Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# 24 ਸਾਲਾ ਦੇ ਨੀਲ ਪਟੇਲ ਗੁਜਰਾਤੀ-ਭਾਰਤੀ ਨੂੰ ਅਮਰੀਕਾ ਦੀ ਅਦਾਲਤ ਨੇ ਸੁਣਾਈ ਡੇਢ ਸਾਲ ਦੀ ਕੈਦ



ਨਿਊਯਾਰਕ, (ਰਾਜ ਗੋਹਨਾ) : ਅਮਰੀਕਾ ਵਿੱਚ ਚੱਲ ਰਹੇ ਪਾਰਸਲ ਘੁਟਾਲੇ ਵਿੱਚ ਅਦਾਲਤ ਨੇ ਇੱਕ ਹੋਰ ਗੁਜਰਾਤੀ ਨੂੰ ਸਜ਼ਾ ਸੁਣਾਈ ਹੈ। ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਮੋਂਟਗੋਮਰੀ ਕਾਉਂਟੀ ਸਟੇਟ ਅਟਾਰਨੀ ਦਫ਼ਤਰ ਦੇ ਅਨੁਸਾਰ, ਕਾਉਂਟੀ ਦੀ ਸਰਕਟ ਅਦਾਲਤ ਨੇ ਅਮਰੀਕਾ ਦੇ ਰਾਜ ਇਲੀਨੋਇਸ ਦੇ ਇਕ ਗੁਜਰਾਤੀ-ਭਾਰਤੀ ਨੀਲ ਪਟੇਲ ਨੂੰ, ਡੇਢ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ, ਜੇਲ੍ਹ ਤੋਂ ਰਿਹਾਈ ਤੋਂ ਬਾਅਦ ਉਸਨੂੰ ਪੰਜ ਸਾਲਾਂ ਲਈ ਨਿਗਰਾਨੀ ਅਧੀਨ ਪ੍ਰੋਬੇਸ਼ਨ ਅਧੀਨ ਰੱਖਿਆ ਜਾਵੇਗਾ ਮੈਰੀਲੈਂਡ ਦੇ ਜੱਜ ਸ਼ੈਰਨ ਬਰੇਲ ਵੱਲੋਂ ਦਿੱਤੇ ਗਏ ਹੁਕਮ ਅਨੁਸਾਰ, ਨੀਲ ਪਟੇਲ ਨੂੰ ਆਪਣੇ ਵੱਲੋਂ ਕੀਤੀ ਗਈ ਧੋਖਾਧੜੀ ਲਈ ਪੀੜਤ ਨੂੰ 331,000 ਲੱਖ ਡਾਲਰ ਵੀ ਦੇਣੇ ਪੈਣਗੇ। ਇੱਥੇ ਦੱਸਣਯੋਗ ਹੈ ਕਿ ਲੰਘੀ 5 ਮਾਰਚ, 2024 ਨੂੰ, ਨੀਲ ਪਟੇਲ ਨੇ ਇੱਕ ਨਕਲੀ ਐਫਬੀਆਈ ਏਜੰਟ ਵਜੋਂ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਮੋਂਟਗੋਮਰੀ ਵਿੱਚ ਰਹਿਣ ਵਾਲੀ ਇੱਕ ਬਜ਼ੁਰਗ ਔਰਤ ਤੋਂ ਸੋਨੇ ਦੀਆਂ ਛੜਾਂ ਇਕੱਠੀਆਂ ਕੀਤੀਆਂ। ਸਥਾਨਕ ਪੁਲਿਸ ਦੇ ਅਨੁਸਾਰ, ਪੀੜਤ ਨੇ ਆਪਣੀ ਧੋਖਾਧੜੀ ਦੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਇੱਕ ਵਿਅਕਤੀ ਨੇ ਆਪਣੇ ਆਪ ਨੂੰ ਫੈਡਰਲ ਟਰੇਡ ਕਮਿਸ਼ਨ ਦੇ ਏਜੰਟ ਵਜੋਂ ਪਛਾਣਦੇ ਹੋਏ ਉਸ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਕਿਹਾ ਕਿ ਉਸਦੀ ਪਛਾਣ ਚੋਰੀ ਹੋ ਗਈ ਹੈ ਅਤੇ ਇਸ ਸਮੇਂ ਉਸਦੇ ਨਾਮ 'ਤੇ ਡਰੱਗ ਅਤੇ ਮਨੀ ਲਾਂਡਰਿੰਗ ਗਤੀਵਿਧੀਆਂ ਦੀ ਜਾਂਚ ਕੀਤੀ ਜਾ ਰਹੀ ਹੈ।ਪੀੜਤ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਉਸਦੇ ਬੈਂਕ ਖਾਤੇ ਵਿੱਚ ਜਮ ?ਹਾ ਪੈਸੇ ਸੁਰੱਖਿਅਤ ਨਹੀਂ ਹਨ, ਇਸ ਲਈ ਉਸਨੂੰ ਤੁਰੰਤ ਸਾਰੇ ਪੈਸੇ ਕਢਵਾਉਣੇ ਸਨ, ਆਪਣਾ ਸੋਨਾ ਖਰੀਦਣਾ ਸੀ, ਇਸਨੂੰ ਇੱਕ ਪਾਰਸਲ ਵਿੱਚ ਪੈਕ ਕਰਨਾ ਸੀ ਅਤੇ ਇਸਨੂੰ ਉਸਦੇ ਘਰ ਆਏ ਐਫਬੀਆਈ ਏਜੰਟ ਨੂੰ ਸੌਂਪਣਾ ਸੀ।

# ਅਮਰੀਕਾ ਨੇ ਕਿਵੇਂ ਤੇ ਕਿਉਂ ਨਿਭਾਈ ਭਾਰਤ-ਪਾਕਿ ਜੰਗਬੰਦੀ 'ਚ ਭੂਮਿਕਾ ?

ਸਾਨ ਫਰਾਂਸਿਸਕੋ : ਬੀਤੇ ਦਿਨੀਂ ਅਮਰੀਕਾ ਦੇ ਉੱਚ ਅਧਿਕਾਰੀ ਜਿਨ੍ਹਾਂ ਵਿਚ ਉੱਪ-ਰਾਸ਼ਟਰਪਤੀ ਜੇ.ਡੀ. ਵੈਂਸ, ਵਿਦੇਸ਼ ਮੰਤਰੀ ਤੇ ਅੰਤਰਿਮ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਰਕੋ ਰੂਬੀਓ ਤੇ ਵ੍ਹਾਈਟ ਹਾਊਸ ਦੇ ਚੀਫ਼ ਆਫ਼ ਸਟਾਫ਼ ਸੂਸੀ ਵਾਈਲਸ ਸ਼ਾਮਿਲ ਹਨ - ਭਾਰਤ ਤੇ ਪਾਕਿਸਤਾਨ ਵਿਚਕਾਰ ਵੱਧਦੇ ਟਕਰਾਅ 'ਤੇ ਨੇੜਿਓਂ ਨਜ਼ਰ ਰੱਖ ਰਹੇ ਸਨ। ਇਸੇ ਦਿਨ ਇਨ੍ਹਾਂ ਅਧਿਕਾਰੀਆਂ ਨੂੰ ਇੱਕ ਚਿੰਤਾਜਨਕ ਖੁਫੀਆ ਜਾਣਕਾਰੀ ਮਿਲੀ ਸੀ, ਜਿਸ ਨੂੰ ਜਨਤਕ ਨਹੀਂ ਕੀਤਾ ਗਿਆ। ਇਨ੍ਹਾਂ ਤਿੰਨੇ ਅਹਿਮ ਸਖਸ਼ੀਅਤਾਂ ਲਈ ਜਾਣਕਾਰੀ ਦੀ ਸੰਵੇਦਨਾ ਅਨੁਸਾਰ ਮਹੱਤਵਪੂਰਨ ਸੀ ਕਿ ਅਮਰੀਕਾ ਨੂੰ ਆਪਣੀ ਸ਼ਮੂਲੀਅਤ ਵਧਾਉਣੀ ਚਾਹੀਦੀ ਹੈ ਤੇ ਉੱਪ ਰਾਸ਼ਟਰਪਤੀ ਜੇ. ਡੀ. ਵੈਂਸ ਨੇ ਖੁਦ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫ਼ੋਨ ਕੀਤਾ। ਸੀ. ਐਨ. ਐਨ. ਤੇ ਅਧਿਕਾਰੀਆਂ ਅਨੁਸਾਰ ਉੱਪ ਰਾਸ਼ਟਰਪਤੀ ਨੇ ਫਿਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਯੋਜਨਾ ਬਾਰੇ ਜਾਣਕਾਰੀ ਦਿੱਤੀ ਜਿਨ੍ਹਾਂ ਸ਼ੁੱਕਰਵਾਰ ਨੂੰ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ ਤੇ ਪ੍ਰਧਾਨ ਮੰਤਰੀ ਨੂੰ ਸਪੱਸ਼ਟ ਕੀਤਾ ਕਿ ਵ੍ਹਾਈਟ ਹਾਊਸ ਦਾ ਮੰਨਣਾ ਹੈ ਕਿ ਇਸ ਟਕਰਾਅ ਦੇ ਵਾਧੇ ਦੀ ਵੱਡੀ ਸੰਭਾਵਨਾ ਹੈ। ਅਧਿਕਾਰੀਆਂ ਨੇ ਕਿਹਾ ਕਿ ਵੈਂਸ ਨੇ ਮੋਦੀ ਨੂੰ


ਜੇ.ਡੀ. ਵੈਂਸ ਮਾਰਕੋ ਰੂਬੀਓ

ਉਤਸ਼ਾਹਿਤ ਕੀਤਾ ਕਿ ਉਹ ਪਾਕਿਸਤਾਨ ਨਾਲ ਸਿੱਧਾ ਸੰਪਰਕ ਕਰਨ ਤੇ ਤਣਾਅ ਘਟਾਉਣ ਦੇ ਵਿਕਲਪਾਂ 'ਤੇ ਵਿਚਾਰ ਕਰਨ। ਅਤਿ ਭਰੋਸੇਯੋਗ ਸੂਤਰਾਂ ਅਨੁਸਾਰ ਮੋਦੀ ਨਾਲ ਫੋਨ 'ਤੇ ਗੱਲਬਾਤ ਤੋਂ ਬਾਅਦ ਰੂਬੀਓ ਸਮੇਤ ਵਿਦੇਸ਼ ਵਿਭਾਗ ਦੇ ਅਧਿਕਾਰੀਆਂ ਨੇ ਰਾਤ ਭਰ ਭਾਰਤ ਤੇ ਪਾਕਿਸਤਾਨ ਵਿਚ ਆਪਣੇ ਹਮਰੁਤਬਾ ਨਾਲ ਫ਼ੋਨ 'ਤੇ ਲਗਾਤਾਰ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਸੀ। ਟੀਚਾ ਸਪੱਸ਼ਟ ਸੀ ਕਿ ਭਾਰਤ ਤੇ ਪਾਕਿਸਤਾਨ ਨੂੰ ਆਪਣੇ ਹਮਰੁਤਬਾ ਨਾਲ ਗੱਲ ਕਰਨ ਤੇ ਜੰਗਬੰਦੀ ਰਾਹੀਂ ਤਣਾਅ ਘਟਾਉਣ ਦਾ ਰਸਤਾ ਲੱਭਣ ਲਈ ਉਤਸ਼ਾਹਿਤ ਕਰਨਾ ਤੇ ਉਨ੍ਹਾਂ ਗੱਲਬਾਤਾਂ ਦੇ ਦੌਰਾਨ ਅਮਰੀਕੀ ਅਧਿਕਾਰੀ ਇਸ ਗੱਲ ਨੂੰ ਸਮਝਦੇ ਸਨ ਕਿ ਦੋਵੇਂ ਧਿਰਾਂ ਲਈ ਉਹ ਸੰਭਾਵੀ ਆਫ-ਰੈਂਪ ਕਿਸ ਨਜ਼ਰੀਏ ਨਾਲ ਸਮਝਣ ਤੇ ਗੱਲਬਾਤ ਨੂੰ ਸਿਰੇ ਤੱਕ ਅੱਗੇ ਵਧਾਉਣ ਵਿਚ ਮਦਦ ਕਰਨ। ਵੈਂਸ ਦੀ ਗੱਲਬਾਤ ਤੋਂ ਇਕ ਦਿਨ ਬਾਅਦ ਮੋਦੀ ਦੀ ਪ੍ਰਤੀਕ੍ਰਿਆ ਆਈ ਸੀ ਕਿ ਟਕਰਾਅ ਸਾਡਾ ਕੋਈ ਮਾਮਲਾ ਨਹੀਂ ਹੈ। ਵੈਂਸ ਨੇ ਵੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਦੋਵਾਂ ਦੇਸ਼ਾਂ 'ਚ ਤਣਾਅ ਘਟਾਉਣ ਲਈ ਸਾਡੇ ਵਲੋਂ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਅਸੀਂ ਯੁੱਧ ਦੇ ਵਿਚਕਾਰ ਸ਼ਾਮਿਲ ਨਹੀਂ ਹੋਣ ਜਾ ਰਹੇ। ਜੰਗਬੰਦੀ ਦੇ ਐਲਾਨ ਤੋਂ ਕੁਝ ਘੰਟਿਆਂ ਬਾਅਦ ਭਾਰਤ-ਪ੍ਰਸ਼ਾਸਿਤ ਕਸ਼ਮੀਰ ਤੇ ਪਾਕਿਸਤਾਨ-ਪ੍ਰਸ਼ਾਸਿਤ ਕਸ਼ਮੀਰ ਵਿਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਟਰੰਪ ਨੇ ਸਨਿਚਰਵਾਰ ਸਵੇਰੇ ਸੋਸ਼ਲ ਮੀਡੀਆ 'ਤੇ ਪੂਰੀ ਤੇ ਤੁਰੰਤ ਜੰਗਬੰਦੀ ਦਾ ਐਲਾਨ ਕੀਤਾ, ਅਤੇ ਰੂਬੀਓ ਨੇ ਕੁਝ ਮਿੰਟਾਂ ਬਾਅਦ ਪੋਸਟ ਕੀਤਾ ਕਿ ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਈਆਂ ਹਨ। ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਵੈਂਸ ਤੇ ਰੂਬੀਓ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਇਹ ਜੰਗਬੰਦੀ ਰੂਬੀਓ ਤੇ ਵੈਂਸ ਵਿਚਕਾਰ ਪਿਛਲੇ 48 ਘੰਟਿਆਂ ਦੌਰਾਨ ਦੋਵਾਂ ਦੇਸ਼ਾਂ ਦੇ ਉਚ ਅਧਿਕਾਰੀਆਂ ਵਿਚਕਾਰ ਹੋਈ ਕਈ ਗੱਲਬਾਤ ਦਾ ਨਤੀਜਾ ਹੈ ਤੇ ਇਹ ਇੱਕ ਮਹੁਤਵਪੂਰਨ ਸਾਂਝੇਦਾਰੀ ਹੈ।

# ਅਮਰੀਕਾ ਤੇ ਚੀਨ ਵਧਾਏ ਟੈਰਿਫਾਂ ਤੋਂ ਪਿੱਛੇ ਹਟੇ, 90 ਦਿਨਾਂ ਦੇ ਵਿਰਾਮ 'ਤੇ ਸਹਿਮਤੀ

ਜੇਨੇਵਾ : ਅਮਰੀਕਾ ਤੇ ਚੀਨੀ ਅਧਿਕਾਰੀਆਂ ਨੇ ਸੋਮਵਾਰ ਨੂੰ ਕਿਹਾ ਕਿ ਉਹ ਆਪਣੇ ਜਿਆਦਾਤਰ ਹਾਲੀਆ ਟੈਰਿਫਾਂ ਨੂੰ ਵਾਪਸ ਲੈਣ ਤੇ ਆਪਣੇ ਵਪਾਰਕ ਵਿਵਾਦਾਂ ਨੂੰ ਹੱਲ ਕਰਨ ਲਈ ਹੋਰ ਗੱਲਬਾਤ ਲਈ ਆਪਣੇ ਵਪਾਰ ਯੁੱਧ ਵਿਚ 90 ਦਿਨਾਂ ਦੀ ਵਿਰਾਮ ਲੈਣ ਲਈ ਇੱਕ ਸਮਝੌਤੇ 'ਤੇ ਪਹੁੰਚ ਗਏ ਹਨ। ਦੁਨੀਆਂ ਦੀਆਂ ਦੋ ਵੱਡੀਆਂ ਆਰਥਿਕ ਸ਼ਕਤੀਆਂ ਨੇ ਇੱਕ ਟਕਰਾਅ ਤੋਂ ਇੱਕ ਕਦਮ ਪਿੱਛੇ ਹਟਣ ਕਾਰਨ ਸਟਾਕ ਬਾਜ਼ਾਰਾਂ ਵਿਚ ਤੇਜ਼ੀ ਨਾਲ ਤੇਜ਼ੀ ਆਈ, ਜਿਸਨੇ ਵਿਸ਼ਵ ਅਰਥਵਿਵਸਥਾ ਨੂੰ ਅਸਥਿਰ ਕਰ ਦਿੱਤਾ ਸੀ। ਅਮਰੀਕੀ ਵਪਾਰ ਪ੍ਰਤੀਨਿਧੀ ਜੈਮੀਸਨ ਗ੍ਰੀਰ ਨੇ ਕਿਹਾ ਕਿ ਅਮਰੀਕਾ ਚੀਨੀ ਸਾਮਾਨ 'ਤੇ ਆਪਣੀ 145 ਫੀਸਦੀ ਟੈਰਿਫ ਦਰ ਨੂੰ 115 ਫੀਸਦੀ ਅੰਕ ਘਟਾ ਕੇ 30 ਫੀਸਦੀ ਕਰਨ ਲਈ ਸਹਿਮਤ ਹੋ ਗਿਆ ਹੈ, ਜਦੋਂ ਕਿ ਚੀਨ ਅਮਰੀਕੀ ਸਾਮਾਨ 'ਤੇ ਆਪਣੀ ਦਰ ਨੂੰ ਉਸੇ ਮਾਤਰਾ ਵਿਚ ਘਟਾ ਕੇ 10 ਫੀਸਦੀ ਕਰਨ ਲਈ ਸਹਿਮਤ ਹੋ ਗਿਆ ਹੈ। ਗ੍ਰੀਰ ਤੇ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਜਿਨੀਵਾ ਵਿਚ ਇਕ ਨਿਊਜ਼ ਕਾਨਫਰੰਸ ਵਿਚ ਟੈਰਿਫ ਕਟੌਤੀਆਂ ਦਾ ਐਲਾਨ ਕੀਤਾ। ਦੋਵਾਂ ਅਧਿਕਾਰੀਆਂ ਨੇ ਸਕਾਰਾਤਮਕ ਟਿੱਪਣੀ ਕਰਦਿਆਂ ਕਿਹਾ ਕਿ ਦੋਵਾਂ ਧਿਰਾਂ ਨੇ ਆਪਣੇ ਵਪਾਰਕ ਮੁੱਦਿਆਂ 'ਤੇ ਚਰਚਾ ਜਾਰੀ ਰੱਖਣ ਲਈ ਸਲਾਹ-ਮਸ਼ਵਰੇ ਕੀਤੇ ਹਨ। ਦੋ ਦਿਨਾਂ ਦੀ ਗੱਲਬਾਤ ਤੋਂ ਬਾਅਦ ਇੱਕ ਨਿਊਜ਼ ਬ੍ਰੀਫਿੰਗ ਵਿਚ, ਬੇਸੈਂਟ ਨੇ ਕਿਹਾ ਕਿ ਉੱਚ ਟੈਰਿਫ ਪੱਧਰ ਦੋਵਾਂ ਪਾਸਿਆਂ ਤੋਂ ਸਾਮਾਨ ਦੀ ਪੂਰੀ ਤਰ੍ਹਾਂ ਰੁਕਾਵਟ ਦਾ ਕਾਰਨ ਬਣਦੇ ਹਨ ਅਤੇ ਅਜਿਹਾ ਕੋਈ ਵੀ ਧਿਰ ਨਹੀਂ ਚਾਹੁੰਦੀ ਸੀ। ਅਸੀਂ ਵਪਾਰ ਚਾਹੁੰਦੇ ਹਾਂ। ਅਸੀਂ ਹੋਰ ਸੰਤੁਲਿਤ ਵਪਾਰ ਚਾਹੁੰਦੇ ਹਾਂ ਅਤੇ ਮੈਨੂੰ ਲੱਗਦਾ ਹੈ ਕਿ ਦੋਵੇਂ ਧਿਰਾਂ ਇਸ ਨੂੰ ਪ੍ਰਾਪਤ ਕਰਨ ਲਈ ਵਚਨਬੱਧ ਹਨ। ਚੀਨ ਦੇ ਵਣਜ ਮੰਤਰਾਲੇ ਨੇ ਇਸ ਸਮਝੌਤੇ ਨੂੰ ਦੋਵਾਂ ਦੇਸ਼ਾਂ ਵਿਚਕਾਰ ਮਤਭੇਦਾਂ ਨੂੰ ਸੁਲਝਾਉਣ ਲਈ ਇੱਕ ਮਹੱਤਵਪੂਰਨ ਕਦਮ ਦੱਸਿਆ।




CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜ਼ਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਅਮਰਜੀਤ ਸਿੰਘ ਨੂੰ ਮਿਲਿਆ 'ਬੀ. ਸੀ. ਅਚੀਵਮੈਂਟ ਕਮਿਊਨਿਟੀ ਐਵਾਰਡ'


ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਲੈਫਟੀਨੈਂਟ ਗਵਰਨਰ ਵੈਂਡੀ ਲਿਸਰਾਰ ਕੋਕਚੀਆ ਨੇ ਉੱਘੇ ਤਬਲਾਵਾਦਕ ਅਮਰਜੀਤ ਸਿੰਘ ਦਾ ਰਾਜ ਪੁਰਸਕਾਰ 'ਬੀ.ਸੀ. ਅਚੀਵਮੈਂਟ ਕਮਿਊਨਿਟੀ ਐਵਾਰਡ 2025' ਨਾਲ ਸਨਮਾਨਤ ਕੀਤਾ ਹੈ। ਸੂਬੇ ਭਰ 'ਚੋਂ 24 ਵਿਅਕਤੀਆਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਅਮਰਜੀਤ ਸਿੰਘ ਇਕੋ-ਇਕ ਦਸਤਾਰਧਾਰੀ ਸਿੱਖ ਹੈ। ਇਹ ਵੱਕਾਰੀ ਸਨਮਾਨ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਬਿ ?ਟਿਸ਼ ਕੋਲੰਬੀਆ ਸੂਬੇ ਲਈ ਅਤੇ ਸੂਬੇ ਦੇ ਲੋਕਾਂ ਦੀ ਭਲਾਈ ਲਈ ਅਹਿਮ ਯੋਗਦਾਨ ਪਾਇਆ ਹੋਵੇ। ਅਮਰਜੀਤ ਸਿੰਘ ਨੂੰ ਇਹ ਸਨਮਾਨ ਕਲਾ, ਸੰਗੀਤ ਤੇ ਸੱਭਿਆਚਾਰ ਦੇ ਖੇਤਰ ਵਿਚ ਕੀਤੀਆਂ ਸ਼ਾਨਦਾਰ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਦੀ ਨਾਮਵਰ ਸੰਗੀਤਕ ਸੰਸਥਾ ਨਾਦ ਆਰਟਸ ਸੈਂਟਰ ਦੇ ਸੰਸਥਾਪਕ ਅਮਰਜੀਤ ਸਿੰਘ ਨੇ ਮਿਊਜ਼ਿਕ ਦੀ ਮਾਸਟਰ ਡਿਗਰੀ ਕੀਤੀ ਹੋਈ ਹੈ। ਰਾਜਸਥਾਨ ਦੇ ਸ਼ਹਿਰ ਅਲਵਰ ਨਾਲ ਸੰਬੰਧਿਤ ਅਮਰਜੀਤ ਸਿੰਘ ਸੈਂਕੜੇ ਵਿਦਿਆਰਥੀਆਂ ਨੂੰ ਤਬਲਾ ਤੇ ਸਾਰੰਗੀ ਦੀ ਸੰਗੀਤ ਸਿੱਖਿਆ ਦੇ ਚੁੱਕੇ ਹਨ।




ਬ੍ਰਿਟਿਸ਼ ਕੋਲੰਬੀਆ ਦੀ ਲੈਫਟੀਨੈਂਟ ਗਵਰਨਰ ਵੈਂਡੀ ਕੋਕਚੀਆ ਉਘੇ ਤਲਬਾਵਾਚਕ ਅਮਰਜੀਤ ਸਿੰਘ ਦਾ ਸਨਮਾਨ ਕਰਦੇ ਹੋਏ।

# ਪ੍ਰਤਿਨ ਨੇ ਯੂਕਰੇਨ ਨਾਲ ਸਿੱਧੀ ਗੱਲਬਾਤ ਦਾ ਪ੍ਰਸਤਾਵ ਰੱਖਿਆ

ਮਾਸਕੋ : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 15 ਮਈ ਨੂੰ ਇਸਤਾਂਬੁਲ 'ਚ ਯੂਕਰੇਨ ਨਾਲ ਬਿਨਾਂ ਕਿਸੇ ਸ਼ਰਤ ਦੇ ਸਿੱਧੀ ਗੱਲਬਾਤ ਮੁੜ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ। ਐਤਵਾਰ ਸਵੇਰੇ ਕ੍ਰੇਮਲਿਨ 'ਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਪੁਤਿਨ ਨੇ 2022 'ਚ ਰੂਸ ਤੇ ਯੂਕਰੇਨ ਵਿਚਕਾਰ ਹੋਣ ਵਾਲੀ ਸ਼ਾਂਤੀ ਵਾਰਤਾ ਨੂੰ ਮੁੜ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਦੀ ਇਹ ਟਿੱਪਣੀ ਬਿਨਾਂ ਸ਼ਰਤ 30 ਦਿਨਾਂ ਦੀ ਜੰਗਬੰਦੀ ਨੂੰ ਸਵੀਕਾਰ ਨਾ ਕਰਨ 'ਤੇ 4 ਪ੍ਰਮੁੱਖ ਯੂਰਪੀ ਦੇਸ਼ਾਂ ਦੇ ਨੇਤਾਵਾਂ ਵਲੋਂ ਪੁਤਿਨ 'ਤੇ ਦਬਾਅ ਵਧਾਉਣ ਦੀ ਧਮਕੀ ਦੇਣ ਤੋਂ ਬਾਅਦ ਆਈ ਹੈ। ਫਰਾਂਸ, ਬਰਤਾਨੀਆ, ਜਰਮਨੀ ਤੇ ਪੋਲੈਂਡ ਦੇ ਨੇਤਾਵਾਂ ਨੇ ਕਿਹਾ ਕਿ ਸੋਮਵਾਰ ਤੋਂ ਸ਼ੁਰੂ ਹੋਣ ਵਾਲੇ ਜੰਗਬੰਦੀ ਦੇ ਉਨ੍ਹਾਂ ਦੇ ਪ੍ਰਸਤਾਵ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਮਰਥਨ ਦਿੱਤਾ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਰੂਸ ਦੀ ਸਿੱਧੀ ਸ਼ਾਂਤੀ ਵਾਰਤਾ ਦੀ ਪੇਸ਼ਕਸ਼ ਦਾ ਸਵਾਗਤ ਕੀਤਾ ਪਰ ਜ਼ੋਰ ਦੇ ਕੇ ਕਿਹਾ ਕਿ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਇਕ ਅਸਥਾਈ ਜੰਗਬੰਦੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਯੁੱਧ ਨੂੰ ਸੱਚਮੁੱਚ ਖ਼ਤਮ ਕਰਨ ਲਈ ਸਭ ਤੋਂ ਪਹਿਲਾ ਕਦਮ ਜੰਗਬੰਦੀ ਹੈ।



# ਗ੍ਰੀਨ ਕਾਰਡ ਲਈ ਵਿਆਹ ਦਾ ਝੂਠਾ ਦਾਅਵਾ ਕਰਨ ਵਾਲੇ ਭਾਰਤੀ ਵਿਅਕਤੀ ਨੂੰ ਕੈਦ ਦੀ ਸਜ਼ਾ

ਨਿਊਯਾਰਕ, (ਰਾਜ ਗੋਗਨਾ) : ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਜਾਅਲੀ ਵਿਆਹ ਕਰਵਾਉਣ ਦਾ ਰਿਵਾਜ ਸਾਲਾਂ ਤੋਂ ਚੱਲ ਰਿਹਾ ਹੈ, ਅਤੇ ਇਸ ਵੇਲੇ ਇਸਦੀ ਕੀਮਤ 50,000 ਡਾਲਰ ਤੱਕ ਹੈ ਹਾਲਾਂਕਿ ਅਮਰੀਕਾ ਵਿੱਚ ਸਥਾਈ ਨਿਵਾਸ ਪ੍ਰਾਪਤ ਕਰਨ ਦਾ ਇਹ ਸ਼ਾਰਟਕੱਟ ਕਈ ਵਾਰ ਜੋਖਮ ਭਰਿਆ ਸਾਬਤ ਹੋ ਸਕਦਾ ਹੈ। ਕੁਝ ਅਜਿਹਾ ਹੀ ਹੈ ਕਿ ਅਮਰੀਕਾ ਵਿੱਚ ਰਹਿਣ ਵਾਲੇ ਇੱਕ ਭਾਰਤੀ ਨਾਲ ਹੋਇਆ ਹੈ। ਜੋ ਹੁਣ ਫਰਜ਼ੀ ਵਿਆਹ ਰਾਹੀਂ ਗ੍ਰੀਨ ਕਾਰਡ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਜੇਲ੍ਹ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਬਹੁਤ ਸਾਰੇ ਭਾਰਤੀ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਅਮਰੀਕਾ ਵਿੱਚ ਨਕਲੀ ਵਿਆਹ ਕਰਵਾਉਂਦੇ ਹਨ। ਇਹ ਮਾਮਲਾ ਅਮਰੀਕੀ ਰਾਜ ਵਰਮੋਂਟ ਦੇ ਅਟਾਰਨੀ ਜਨਰਲ ਦਫ਼ਤਰ ਦੇ ਅਨੁਸਾਰ, ਨਾਸਿਰ ਹੁਸੈਨ ਨਾਮ ਦੇ ਇਸ ਭਾਰਤੀ ਨੇ ਆਪਣੀ ਇਮੀਗ੍ਰੇਸ਼ਨ ਅਰਜ਼ੀ ਵਿੱਚ ਗਲਤ ਜਾਣਕਾਰੀ ਦਿੱਤੀ ਅਤੇ ਵਾਈ-ਵੀਜ਼ਾ ਪ੍ਰਾਪਤ ਕਰਨ ਲਈ ਖਾਸ ਤੌਰ 'ਤੇ 9-360 ਫਾਰਮ ਵਿੱਚ ਗਲਤ ਵੇਰਵੇ ਭਰੇ। ਜੇਕਰ ਕਿਸੇ ਗੈਰ-ਨਾਗਰਿਕ ਜੀਵਨ ਸਾਥੀ ਨਾਲ ਕਿਸੇ ਅਮਰੀਕੀ ਨਾਗਰਿਕ ਜਾਂ ਗ੍ਰੀਨ ਕਾਰਡ ਧਾਰਕ ਪਤੀ ਜਾਂ ਪਤਨੀ ਦੁਆਰਾ ਦੁਰਵਿਵਹਾਰ ਕੀਤਾ ਜਾ ਰਿਹਾ ਹੈ ਜਾਂ ਹਿੰਸਾ ਕੀਤੀ ਜਾ ਰਹੀ ਹੈ, ਤਾਂ ਪੀੜਤ ਔਰਤ ਹਿੰਸਾ ਵਿਰੁੱਧ ਕਾਨੂੰਨ ਦੇ ਤਹਿਤ ਵਾਈ- ਵੀਜ਼ਾ ਲਈ ਅਰਜ਼ੀ ਦੇ ਸਕਦਾ ਹੈ। ਭਾਰਤੀ ਮੂਲ ਦੇ ਨਾਸਿਰ ਹੁਸੈਨ ਨਾਮ ਦੇ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਸਬੂਤਾਂ ਦੇ ਅਨੁਸਾਰ, ਉਹ 2021 ਵਿੱਚ ਇੱਕ ਜਾਅਲੀ ਵਿਆਹ ਕਰਵਾ ਕੇ ਗ੍ਰੀਨ ਕਾਰਡ ਪ੍ਰਾਪਤ ਕਰਨ ਦੇ ਇਰਾਦੇ ਨਾਲ ਕਨੈਕਟੀਕਟ ਆਇਆ ਸੀ। ਉਹ ਵਿਆਹ ਤੋਂ ਪਹਿਲਾਂ ਕਦੇ ਵੀ ਉਸ ਅਮਰੀਕੀ ਔਰਤ ਨੂੰ ਨਹੀਂ ਮਿਲਿਆ ਸੀ ਜਿਸ ਨਾਲ ਉਸਨੇ ਕਾਗਜ਼ਾਂ ਵਿੱਚ ਵਿਆਹ ਕੀਤਾ ਸੀ। ਹਾਲਾਂਕਿ, ਵਿਆਹ ਤੋਂ ਬਾਅਦ ਸਬੂਤ ਸਥਾਪਤ ਕਰਨ ਲਈ, ਉਸਨੇ ਆਪਣੀ ਪਤਨੀ ਦੇ ਨਾਮ 'ਤੇ ਇੱਕ ਬੀਮਾ ਪਾਲਿਸੀ ਲਈ, ਕੁਝ ਰਸਾਲਿਆਂ ਦੀ ਗਾਹਕੀ ਲਈ ਅਤੇ ਉਸਦੇ ਨਾਮ 'ਤੇ ਕੁਝ ਸਾਮਾਨ ਵੀ ਆਰਡਰ ਕੀਤਾ। ਇਹ ਸਾਰੇ ਸਬੂਤ ਇਹ ਦਰਸਾਉਣ ਲਈ ਪੇਸ਼ ਕੀਤੇ ਗਏ ਸਨ ਕਿ ਨਾਸਿਰ ਹੁਸੈਨ ਆਪਣੀ ਅਮਰੀਕੀ ਪਤਨੀ ਨਾਲ ਆਪਣੇ ਓਰਲੈਂਡੋ ਵਾਲੇ ਘਰ ਵਿੱਚ ਰਹਿ ਰਿਹਾ ਹੈ ਆਪਣੇ ਵਿਆਹ ਦੇ ਸਬੂਤ ਪੇਸ਼ ਕਰਨ ਤੋਂ ਕੁਝ ਸਮੇਂ ਬਾਅਦ, ਨਾਸਿਰ ਹੁਸੈਨ ਇੱਕ ਐਮਰਜੈਂਸੀ ਦੇਖਭਾਲ ਸਹੂਲਤ ਗਿਆ ਅਤੇ ਉੱਥੇ ਉਸਨੇ ਦਾਅਵਾ ਕੀਤਾ ਕਿ ਉਸਦੀ ਪਤਨੀ ਉਸਨੂੰ ਕੁੱਟ ਰਹੀ ਹੈ। ਇਸ ਤਰ੍ਹਾਂ ਹੁਸ਼ਿਆਰ ਦੇ ਪੁੱਤਰ ਨਾਸਿਰ ਹੁਸੈਨ ਨੇ ਇਹ ਦਰਸਾਉਣ ਲਈ ਮੈਡੀਕਲ ਰਿਕਾਰਡ ਵੀ ਪੇਸ਼ ਕੀਤੇ ਸਨ ਕਿ ਉਹ ਆਪਣੀ ਅਮਰੀਕੀ ਨਾਗਰਿਕ ਪਤਨੀ ਦੁਆਰਾ ਤਸ਼ੱਦਦ ਦਾ ਸ਼ਿਕਾਰ ਸੀ ਅਤੇ ਬਾਅਦ ਵਿੱਚ ਉਸ ਨੇ ਵਾਈ ਵੀਜੇ ਦੇ ਲਈ 9-360 ਫਾਰਮ ਦਾਇਰ ਕਰਕੇ ਇਹ ਸਾਰੇ ਸਬੂਤ ਜਮ੍ਹਾਂ ਕਰਵਾਏ, ਜਿਸ ਵਿੱਚ ਉਸਨੇ ਇਹ ਵੀ ਦਿਖਾਇਆ ਕਿ ਉਹ ਆਪਣੀ ਅਮਰੀਕੀ ਨਾਗਰਿਕ ਪਤਨੀ ਨਾਲ ਅਮਰੀਕਾ ਦੇ ਓਰਲੈਂਡੋ ਦੇ ਇੱਕ ਅਪਾਰਟਮੈਂਟ ਵਿੱਚ ਰਹਿੰਦਾ ਹੈ। ਹਾਲਾਂਕਿ, ਉਸਦੇ ਸਾਬਕਾ ਰੂਮਮੇਟਸ ਅਤੇ ਉਸਦੀ ਕਾਗਜ਼ੀ ਪਤਨੀ ਦੇ ਬਿਆਨਾਂ ਤੋਂ ਪਤਾ ਚੱਲਿਆ ਕਿ ਨਾਸਿਰ ਕਦੇ ਵੀ ਆਪਣੀ ਪਤਨੀ ਨਾਲ ਨਹੀਂ ਰਿਹਾ ਅਤੇ ਜੇਕਰ ਦੋਵੇਂ ਫਲੋਰੀਡਾ ਵਿੱਚ ਇਕੱਠੇ ਨਹੀਂ ਰਹਿੰਦੇ, ਤਾਂ ਪਤਨੀ ਦਾ ਇਹ ਦਾਅਵਾ ਕਿ ਨਾਸਿਰ ਹੁਸੈਨ ਨਾਲ ਧੋਖਾ ਹੋਇਆ ਹੈ, ਵੀ ਝੂਠਾ ਸਾਬਤ ਹੋਇਆ। ਇਸ ਤਰ੍ਹਾਂ ਨਾਸਿਰ ਹੁਸੈਨ ਨੂੰ ਮਈ 2023 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਇਹ ਪਾਇਆ ਗਿਆ ਕਿ ਉਸ ਨੇ ਵਾਈ ਵੀਜ਼ਾ ਲਈ ਝੂਠੇ ਸਬੂਤ ਪੇਸ਼ ਕੀਤੇ ਸਨ ਅਤੇ ਉਸਦਾ 9-360 ਵੀ ਰੱਦ ਕਰ ਦਿੱਤਾ ਗਿਆ ਸੀ। ਜੇਕਰ ਨਾਸਿਰ ਨੂੰ ਵਾਈ-ਵੀਜ਼ਾ ਮਿਲ ਜਾਂਦਾ, ਤਾਂ ਉਸਨੂੰ ਆਸਾਨੀ ਨਾਲ ਗ੍ਰੀਨ ਕਾਰਡ ਮਿਲ ਜਾਂਦਾ, ਪਰ ਚਲਾਕ ਨਾਸਿਰ ਨੂੰ ਇਹ ਨਹੀਂ ਪਤਾ ਸੀ ਕਿ ਉਸਦਾ ਇੰਟਰਵਿਊ ਲੈਣ ਵਾਲੇ ਲੋਕ ਉਸ ਤੋਂ ਵੱਧ ਹੁਸ਼ਿਆਰ ਸਨ। ਇਸ ਮਾਮਲੇ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਨਾਸਿਰ ਹੁਣ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਉੱਤੇ ਵਾਇਰ ਫਰਾਡ ਸਾਜ਼ਿਸ਼ ਦਾ ਵੀ ਦੋਸ਼ ਲਗਾਇਆ ਗਿਆ ਸੀ, ਜਿਸਦਾ ਮੁਕੱਦਮਾ ਅਕਤੂਬਰ 2024 ਵਿੱਚ ਸ਼ੁਰੂ ਹੋਇਆ ਸੀ ਅਤੇ ਜਿਊਰੀ ਨੇ ਉਸਨੂੰ ਦੋਸ਼ੀ ਪਾਇਆ ਸੀ ਹਾਲਾਂਕਿ, ਅਦਾਲਤ ਨੇ ਉਸਨੂੰ ਇਸ ਮਾਮਲੇ ਵਿੱਚ ਬਰੀ ਕਰ ਦਿੱਤਾ, ਜਿਸਦੀ ਅਮਰੀਕੀ ਸਰਕਾਰ ਨੇ ਅਪੀਲ ਕੀਤੀ ਸੀ, ਅਤੇ ਅਜੇ ਤੱਕ ਕੋਈ ਫੈਸਲਾ ਨਹੀਂ ਆਇਆ ਹੈ। ਭਾਵੇਂ ਉਸਨੂੰ ਇਮੀਗ੍ਰੇਸ਼ਨ ਅਰਜ਼ੀ ਵਿੱਚ ਝੂਠੇ ਸਬੂਤ ਜਮ੍ਹਾ ਕਰਨ ਅਤੇ ਗਲਤ ਜਾਣਕਾਰੀ ਦੇਣ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ, ਪਰ ਉਸਨੂੰ ਇਹ ਸਜ਼ਾ ਨਹੀਂ ਭੁਗਤਣੀ ਪਵੇਗੀ ਕਿਉਂਕਿ ਉਹ ਪਹਿਲਾਂ ਹੀ ਸਜ਼ਾ ਤੋਂ ਵੱਧ ਸਮਾਂ ਜੇਲ੍ਹ ਵਿੱਚ ਕੱਟ ਚੁੱਕਾ ਹੈ, ਪਰ ਉਹ ਅਜੇ ਵੀ ਵਾਇਰ ਧੋਖਾਧੜੀ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਨਜ਼ਰਬੰਦ ਹੈ। ਜਿਹੜੇ ਲੋਕ ਗ੍ਰੀਨ ਕਾਰਡ ਲਈ ਨਕਲੀ ਵਿਆਹ ਕਰਵਾਉਣ ਬਾਰੇ ਵਿਚਾਰ ਕਰ ਰਹੇ ਹਨ, ਉਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਇਸ ਵਿੱਚ ਵਿਆਪਕ ਧੋਖਾਧੜੀ ਸ਼ਾਮਲ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ, ਵਿਆਹ ਕਰਵਾਉਣ ਵਾਲੇ ਵਿਅਕਤੀ ਨੂੰ ਬਲੈਕਮੇਲ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਤੋਂ ਸਹਿਮਤੀ ਵਾਲੀ ਕੀਮਤ ਤੋਂ ਇਲਾਵਾ ਹੋਰ ਰਕਮ ਵਸੂਲੀ ਜਾਂਦੀ ਹੈ। ਇਸ ਤੋਂ ਇਲਾਵਾ, ਵਿਆਹ-ਅਧਾਰਤ ਗ੍ਰੀਨ ਕਾਰਡਾਂ ਦੀ ਪ੍ਰਕਿਰਿਆ ਹੁਣ ਬਹੁਤ ਸਖ਼ਤ ਹੋ ਗਈ ਹੈ ਅਤੇ ਜਿਨ੍ਹਾਂ ਦੇ ਵਿਆਹ ਸੱਚੇ ਹਨ, ਉਨ੍ਹਾਂ ਨੂੰ ਵੀ ਗ੍ਰੀਨ ਕਾਰਡ ਪ੍ਰਾਪਤ ਕਰਨ ਵਿੱਚ ਬਹੁਤ ਹੀ ਮੁਸ਼ਕਲਾਂ ਆ ਰਹੀਆਂ ਹਨ। ਅਮਰੀਕਾ 'ਚ ਹੁਣ ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਕਿਸੇ ਵਿਅਕਤੀ ਨੇ ਗ੍ਰੀਨ ਕਾਰਡ ਦੀ ਖ਼ਾਤਰ ਵਿਆਹ ਕੀਤਾ ਹੈ, ਤਾਂ ਉਸਨੂੰ ਜੇਲ੍ਹ ਦੀ ਸਜ਼ਾ ਅਤੇ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਜਾਵੇਗਾ ਅਤੇ ਫਿਰ ਉਸਨੂੰ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਅਮਰੀਕਾ ਵਾਪਸ ਨਹੀਂ ਆਉਣ ਦਿੱਤਾ ਜਾਵੇਗਾ। ਗ੍ਰੀਨ ਕਾਰਡ ਘੁਟਾਲੇ ਵਿੱਚ ਬਹੁਤ ਸਾਰੇ ਗੁਜਰਾਤੀ-ਭਾਰਤੀ ਵੀ ਅਜਿਹੇ ਧੋਖਾਧੜੀ ਦਾ ਸ਼ਿਕਾਰ ਹੋਏ ਹਨ, ਅਤੇ ਉਨ੍ਹਾਂ ਨਾਲ ਧੋਖਾ ਕਰਨ ਵਾਲੇ ਜ਼ਿਆਦਾਤਰ ਜਾਣੇ-ਪਛਾਣੇ ਅਤੇ ਜਾਣੇ-ਪਛਾਣੇ ਲੋਕ ਹਨ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਤੀ-ਬਰਤ ਧਰਮ ਅਤੇ ਪਤਨੀ-ਬਰਤ ਧਰਮ ਦੀ ਸਿੱਖਿਆ। ਇਥੇ ਪਤੀ ਅਤੇ ਪਤਨੀ ਦੋਹਾਂ ਲਈ ਗ੍ਰਹਿਸਤ ਧਰਮ ਦੀ ਪਾਲਣਾ ਦਾ ਉਪਦੇਸ਼ ਹੈ। ਇਸ ਬਾਰੇ ਗਿ. ਸਾਹਿਬ ਸਿੰਘ ਜੀ ਜ਼ਹਾਬਾਦ ਮਾਰਕੰਡੇ ਵਾਲੇ ਇਕ ਬਹੁਤ ਸੁੰਦਰ ਹਵਾਲਾ ਦਿੰਦੇ ਹਨ ਕਿ ਚੰਪਾ ਦੇ ਫ਼ੁਲ ਨੂੰ ਕਿਸੇ ਕਵੀ ਨੇ ਪੁੱਛਿਆ ਕਿ ਤੇਰੇ ਕੋਲ ਰੂਪ ਵੀ ਹੇ, ਰੰਗ ਵੀ ਹੈ ਅਤੇ ਸੁਗੰਧੀ ਵੀ ਹੈ ਪਰ ਕੀ ਕਾਰਨ ਹੈ ਕਿ ਭੰਵਰਾ ਹਰ ਫ਼ੁਲ 'ਤੇ ਬੈਠਦਾ ਹੈ ਪਰ ਤੇਰੇ ਕੋਲ ਨਹੀਂ ਆਂਦਾ।

ਚੰਪਾ ਤੁਝ ਮਹਿ ਤੀਨ ਗੁਣ,<br>
ਰੂਪ ਰੰਗ ਅਰੁ ਬਾਸ।<br>
ਔਗੁਣ ਤੂ ਮਹਿ ਕਉਨ ਹੈ<br>
ਭੰਵਰ ਨ ਬੈਠੇ ਪਾਸ।

ਇਸ 'ਤੇ ਚੰਪਾ ਨੇ ਜਵਾਬ ਦਿੱਤਾ ਕਿ ਐ ਮਿੱਤਰ, ਮੇਰੇ ਵਿਚ ਰੂਪ ਵੀ ਹੈ, ਰੰਗ ਵੀ ਅਤੇ ਸੁਗੰਧੀ ਵੀ ਹੈ ਪਰ ਥਾਂ-ਥਾਂ 'ਤੇ ਯਾਰੀਆਂ ਪਾਉਣ ਵਾਲੇ ਇਸ ਭੰਵਰੇ ਨੂੰ ਕੋਈ ਕਿਵੇਂ ਨਾਲ ਬਿਠਾ ਸਕਦਾ ਹੈ?

ਮਿੱਤਰ ਮੁਝ ਮਹਿ ਤੀਨ ਗੁਣ,<br>
ਰੂਪ ਰੰਗ ਅਰੁ ਬਾਸ।<br>
ਜਗ੍ਹਾ ਜਗ੍ਹਾ ਕੇ ਮੀਤ ਕੋ<br>
ਕਉਨ ਬਿਠਾਵੇ ਪਾਸ।

ਗ੍ਰਹਿਸਤ ਦਾ ਧੁਰਾ ਪਤਨੀ ਦੇ ਸਿਰ ਅਤੇ ਸਹਾਰੇ ਹੁੰਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਸ ਬਾਰੇ ਬਹੁਤ ਹੀ ਸੁੰਦਰ ਕਬਿੱਤ ਰਚਿਆ।


ਵਿਦ੍ਯਾ ਮੇ ਸਨੇਹ ਗੇਹ ਕਾਜ ਮੇ ਸੁਜਾਨਤਾਈ,<br>
ਬਨੀ ਰਹੇ ਸ਼੍ਰੱਧਾ ਚਿਤ ਸਦਾ ਦਸਮੇਸ਼ ਕੀ।<br>
ਸਦਾਚਾਰ ਪ੍ਰਿਯਬਾਨੀ ਸੰਜਮ ਉਦਾਰਭਾਵ,<br>
ਸ੍ਵੱਛਤਾ ਉਦ੍ਯੋਗ ਔਰ ਪ੍ਰੀਤੀ ਨਿਜ ਦੇਸ਼ ਕੀ।<br>
ਗੁਰੂ ਜਨ ਮਾਲ, ਸਨਮਾਨ ਮਿਹਮਾਨਨ ਕੋ,<br>
ਵਸੇਂ ਸਭ ਗੁਣ ਤੋਮੇਂ ਕ੍ਰਿਪਾ ਜਗਤੇਸ਼ ਕੀ।<br>
ਪਤਿ-ਪ੍ਰੇਮ ਤੇਰੋ ਜਪ ਤਬ ਵ੍ਰਤ ਪੂਜਾ ਦਾਨ,<br>
ਤੀਰਥ ਸਨਾਨ ਹੋਇ, ਆਸ਼ਿਖਾ ਵ੍ਰਿਜੇਸ਼ ਕੀ।<br>
(ਫੁਲਵਾੜੀ, ਸਿਤੰਬਰ ੧੯੩੦ ਪੰਨਾ ੯੯੫)

...ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਾਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆਂ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿਛੇ ਕੰਨਿਆਂ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ।

ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ-ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਅਨੰਦ ਕਾਰਜ ਦੋਪਹਿਰ ਤੋਂ ਪਹਿਲੇ




ਸੰਪੂਰਨਹੋ ਜਾਣਾ ਚਾਹੀਦਾ ਹੈ। ਇਸ ਵਿਚ ਕੋਈ ਵਹਿਮ ਨਹੀਂ ਹੈ। ਅਨੰਦ ਕਾਰਜ ਦੀਆਂ ਲਾਵਾਂ ਸਤਿਗੁਰੂ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਰਚੀਆਂ ਹਨ ਅਤੇ ਗੁਰਮਤਿ ਅਨੁਸਾਰ ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦੇ ਦੂਸਰੇ ਪਹਿਰ ਦਾ ਹੈ। ਪਹਿਲਾ ਪਹਿਰ ਸੂਰਜ ਚੜ੍ਹਨ ਤੋਂ ਅਰੰਭ ਹੋ ਕੇ ਤਿੰਨ ਘੰਟੇ ਦਾ ਹੁੰਦਾ ਹੈ ਜੋ ਕਿ ਅਮੁਮਨ ਛੇ ਵਜੇ ਤੋਂ ਸੱਤ ਵਜੇ ਅਰੰਭ ਹੁੰਦਾ ਹੈ। ਉਪਰੰਤ ਦੂਸਰਾ ਪਹਿਰ ਨੌਂ ਵਜੇ ਤੋਂ ਦਸ ਵਜੇ ਆਰੰਭ ਹੁੰਦਾ ਹੈ ਅਤੇ ਬਾਰਾਂ ਵਜੇ ਤੋਂ ਇਕ ਵਜੇ ਤੱਕ ਹੁੰਦਾਹੈ। ਪੰਥਕ ਜ਼ਾਬਤਾ ਮੰਗ ਕਰਦਾ ਹੈਕਿ ਇਸ ਦੀ ਪਾਲਣਾ ਕੀਤੀ ਜਾਏ।

**ਮਨੁੱਖਾ ਜਨਮ ਦੀ ਯਾਤਰਾ**

ਗੁਰਮਤਿ ਅਨੁਸਾਰ ਅਨੰਦ ਕਾਰਜ ਦੋ ਪ੍ਰਾਣੀਆਂ ਨੂੰ ਵਿਆਹ ਦੇ ਬੰਧਨ ਵਿਚ ਜੋੜਦਾ ਹੈ ਅਤੇ ਇਹ ਮਨੁੱਖਾ ਜਨਮ ਦੀ ਯਾਤਰਾ ਦੀ ਮਰਯਾਦਾ ਹੈ। ਇਸ ਵਿਚ ਤਲਾਕ ਆਦਿ ਨਾਲ ਵਿਛੇਦ ਜਾਂ ਬੰਧਨ ਸਮਾਪਤ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਵੈਸੇ ਵੀ ਤਲਾਕ ਲਫ਼ਜ਼ ਅਰਬੀ ਦਾ ਹੈ ਅਤੇ ਇਸਲਾਮਿਕ ਕਾਨੂੰਨ ਵਿਚ ਇਸ ਨੂੰ ਮਾਨਤਾ ਹੈ। ਗੁਰਸੰਗਤ ਦੀ ਹਾਜ਼ਰੀ ਵਿਚ ਗੁਰੂ ਦੇ ਸਨਮੁੱਖ ਲਏ ਗਏ ਪ੍ਰਣ ਅਤੇ ਅਸੀਸ ਨਾਲ ਇਸ ਦੀ ਦ੍ਰਿੜ੍ਹਤਾ ਕਾਇਮ ਰੱਖਣਾ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੈ।

ਇਸ ਮੱਦ ਵਿਚ ਹਦਾਇਤ ਹੈ ਕਿ "ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ।" ਲਾਂਵ ਦਾ ਪਾਠ ਵਰ ਕੰਨਿਆਂ ਨੂੰ ਗੁਰੂ ਦਾ ਉਪਦੇਸ਼ ਹੈ। ਸਤਿਗੁਰੂ ਸੱਚਾ ਪਾਤਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਸਤਿਗੁਰੁ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ॥ (ਵਾਰ 11 ਪਉੜੀ 1)। ਆਮ ਦੁਨਿਆਵੀ ਅਦਾਲਤ ਵਿਚ ਵੀ ਜਿਸ ਨੂੰ ਹੁਕਮ ਸੁਣਾਇਆ ਜਾ ਰਿਹਾ ਹੁੰਦਾ ਹੈ ਉਸ ਨੂੰ ਖੜ੍ਹੇ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਇਹ ਹਦਾਇਤ ਹੈ।

(ਚਲਦਾ)

# ਚੰਡੀਗੜ੍ਹ ਦੀ ਧੀ ਸਬੀਨਾ ਦਾ ਕੈਨੇਡਾ ਵਿਚ ਸਨਮਾਨ

## ਸਬੀਨਾ ਨੂੰ ਪੰਜਾਬੀ ਰੰਗਮੰਚ ਵਿੱਚ ਉੱਘੀਆਂ ਪ੍ਰਾਪਤੀਆਂ ਲਈ ਮਿਲਿਆ ਸਨਮਾਨ

ਬਰੈਂਪਟਨ : ਕੈਨੇਡਾ ਵਿੱਚ ਸੱਤ ਰੰਗ ਥੀਏਟਰ ਦੀ ਐਕਟਰ, ਡਾਇਰੈਕਟਰ ਅਤੇ ਰਾਈਟਰ ਸਬੀਨਾ ਸਿੰਘ ਦਾ ਸਥਾਨਕ ਸਰਕਾਰ ਵੱਲੋਂ ਸਨਮਾਨ ਕੀਤਾ ਗਿਆ ਹੈ। ਸਬੀਨਾ ਵੱਲੋਂ ਕੈਨੇਡਾ ਵਿੱਚ ਪੰਜਾਬੀਆਂ ਅਤੇ ਏਸ਼ਿਆਈ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪਿਛਲੇ ਇੱਕ ਦਹਾਕੇ ਤੋਂ ਨਾਟਕ ਖੇਡੇ ਜਾ ਰਹੇ ਹਨ।

ਸਬੀਨਾ ਨੇ ਸੱਤ ਰੰਗ ਥੀਏਟਰ ਦੇ ਨਾਂ ਹੇਠ ਪੰਜਾਬੀ ਤੇ ਏਸ਼ਿਆਈ ਕਲਾਕਾਰਾਂ ਇੱਕ ਵੱਡਾ ਕਾਫ਼ਲਾ ਬਣਾਇਆ ਹੈ, ਜਿਸ ਵੱਲੋਂ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਨਾਟਕ ਖੇਡੇ ਜਾਂਦੇ ਹਨ। ਇਸ ਥੀਏਟਰ ਨੂੰ ਸਿਟੀ ਆਫ ਬਰੈਪਟਨ ਵੱਲੋਂ ਸਾਲਾਨਾ ਵੱਡੀ ਰਾਸ਼ੀ ਗ੍ਰਾਂਟ ਵਜੋਂ ਦਿੱਤੀ ਜਾਂਦੀ ਹੈ। ਇਸ ਸੰਸਥਾ ਵੱਲੋਂ ਮੁੱਖ ਤੌਰ 'ਤੇ ਪੰਜਾਬੀ ਲਈ ਕੰਮ ਕੀਤਾ ਜਾ ਰਿਹਾ ਹੈ ਅਤੇ ਹੋਰ ਏਸ਼ਿਆਈ ਭਾਸ਼ਾਵਾਂ ਵਿਚ ਵੀ ਨਾਟਕ ਖੇਡੇ ਜਾਂਦੇ ਹਨ।

ਬੀਤੇ ਦਿਨ ਗਰੁੱਪ ਦੀ ਐਕਟਰ ਡਾਇਰੈਕਟਰ ਸਬੀਨਾ ਸਿੰਘ ਨੂੰ ਸਿਟੀ ਆਫ ਬਰੈਪਟਨ ਵੱਲੋਂ ਰੋਜ ਥੀਏਟਰ ਬਰੈਪਟਨ ਵਿਚ ਸਮਾਗਮ ਕਰਕੇ ਸਨਮਾਨਤ ਕੀਤਾ ਗਿਆ ਜੋ ਪੰਜਾਬੀ ਕਲਾ ਲਈ ਵੱਡੇ ਫ਼ਖਰ ਦੀ ਗੱਲ ਹੈ। ਸਬੀਨਾ ਚੰਡੀਗੜ੍ਹ ਤੋਂ ਸਾਬਕਾ ਡਿਪਟੀ ਡਾਇਰੈਕਟਰ




ਚੰਚਲ ਸਿੰਘ ਦੀ ਧੀ ਹੈ, ਜਿਸ ਨੇ ਸੱਤ ਸਮੁੰਦਰ ਪਾਰ ਕੈਨੇਡਾ ਦੀ ਧਰਤੀ 'ਤੇ ਪੰਜਾਬੀ ਰੰਗਮੰਚ ਦੀ ਪਛਾਣ ਬਣਾਈ ਹੈ।

# '84 ਸਿੱਖ ਵਿਰੋਧੀ ਦੰਗੇ : ਗੁੜਗਾਉਂ ਤੇ ਪਟੌਦੀ 'ਚ ਸਿੱਖ ਕਤਲੇਆਮ ਸਬੰਧੀ ਹਾਈ ਕੋਰਟ 'ਚ ਅਗਲੀ ਸੁਣਵਾਈ 5 ਅਗਸਤ ਨੂੰ

## ਅਦਾਲਤ ਨੇ ਦੋ ਸਰਕਾਰੀ ਧਿਰਾਂ ਨੂੰ ਕੀਤਾ ਦਸ-ਦਸ ਹਜ਼ਾਰ ਦਾ ਜੁਰਮਾਨਾ; ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾ ਕੇ ਰਹਾਂਗੇ: ਭਾਈ ਘੋਲੀਆ

ਨਿਹਾਲ ਸਿੰਘ ਵਾਲਾ : ਹਰਿਆਣੇ ਦੇ ਸ਼ਹਿਰ ਗੁੜਗਾਉਂ (ਗੁਰੂਗ੍ਰਾਮ) ਤੇ ਪਟੌਦੀ ਵਿਖੇ ਵਹਿਸ਼ੀਆਨਾ ਭੀੜ ਵੱਲੋਂ 297 ਘਰਾਂ ਨੂੰ ਅੱਗ ਲਗਾ ਕੇ ਸਾੜਨ ਤੇ 47 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਅਗਲੀ ਸੁਣਵਾਈ 5 ਅਗਸਤ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਖੇ ਹੋਵੇਗੀ।

ਗ਼ੌਰਤਲਬ ਹੈ ਕਿ ਹੋਂਦ ਚਿੱਲੜ ਵਿਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਹੁਣ ਗੁੜਗਾਉਂ ਅਤੇ ਪਟੌਦੀ 'ਚ ਹੋਏ 47 ਸਿੱਖਾਂ ਦੇ ਕਤਲੇਆਮ ਤੇ ਹੋਰ ਪੀੜਤਾਂ ਦੇ ਮਾਮਲਿਆਂ ਵਿਚ ਨਿਆਂ ਤੇ ਇਨਸਾਫ਼ ਦਿਵਾਉਣ ਲਈ ਵੀ ਕਾਨੂੰਨੀ ਚਾਰਾਜੋਈ ਜਾਰੀ ਹੈ।

ਇਸ ਚਾਰਾਜੋਈ ਦੀ ਅਗਵਾਈ ਕਰ ਰਹੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਰਿੱਟ ਨੰਬਰ 10904 ਰਾਹੀਂ ਮੌਕੇ ਦੇ ਗਵਾਹ




ਤੇ ਪੀੜਤ ਸੰਤੋਖ ਸਿੰਘ ਸਾਹਨੀ ਅਤੇ ਹਾਈ ਕੋਰਟ ਦੇ ਸੀਨੀਅਰ ਵਕੀਲ ਗਗਨਦੀਪ ਸਿੰਘ ਬੱਲ ਰਾਹੀਂ ਕੋਰਟ ਵਿਚ 133 ਪਟੀਸ਼ਨਾਂ ਲਾਈਆਂ ਗਈਆਂ ਸਨ।

ਹਾਈ ਕੋਰਟ ਦੇ ਹੁਕਮਾਂ 'ਤੇ 9 ਸਰਕਾਰੀ ਧਿਰਾਂ ਨੂੰ ਇਸ ਕੇਸ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ। ਹਾਈ ਕੋਰਟ ਦੇ ਜਸਟਿਸ ਕੁਲਦੀਪ ਤਿਵਾੜੀ ਨੇ ਦੋ ਸਰਕਾਰੀ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਜਾਣਬੁੱਝ ਕਿ ਨੋਟਿਸ ਦਾ ਜਵਾਬ ਨਾ ਦੇਣ 'ਤੇ ਸਖਤ ਕਾਰਵਾਈ ਕਰਦਿਆਂ ਉਨ੍ਹਾਂ ਧਿਰਾਂ ਨੂੰ ਦਸ-ਦਸ ਹਜ਼ਾਰ ਰੁਪਏ ਜੁਰਮਾਨੇ ਕੀਤੇ ਅਤੇ ਅਗਲੀ 5 ਅਗਸਤ ਨੂੰ ਪੇਸ਼ੀ 'ਤੇ ਜਵਾਬ ਦੇਣ ਦਾ ਹੁਕਮ ਦਿੱਤਾ ਹੈ।

ਭਾਈ ਘੋਲੀਆ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਸਜ਼ਾ ਮਿਲਣ ਤੋਂ ਬਾਅਦ ਪੀੜਤ ਪਰਿਵਾਰਾਂ ਨੂੰ ਪੰਜਾਬ ਹਰਿਆਣਾ ਹਾਈਕੋਰਟ ਅਤੇ ਲੋਕਤੰਤਰ ਦੀ ਨਿਆਂ ਪ੍ਰਣਾਲੀ 'ਤੇ ਆਸ ਬੱਝੀ ਹੈ।

ਇਸ ਮੌਕੇ ਉਨ੍ਹਾਂ ਨਾਲ ਪੀੜਤ ਗੁਰਜੀਤ ਸਿੰਘ ਪਟੌਦੀ, ਕਰਨੈਲ ਸਿੰਘ ਕੁਰੂਕਸ਼ੇਤਰ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਗੁਰਦਿਆਲ ਸਿੰਘ ਅੰਮ੍ਰਿਤਸਰ ਆਦਿ ਵੀ ਹਾਜ਼ਰ ਸਨ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਕੈਨੇਡਾ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਪੁੱਜੀ

## ਨਵੀਆਂ ਨੌਕਰੀਆਂ ਦੇ ਬਾਵਜੂਦ ਬੇਰੁਜ਼ਗਾਰੀ ਦਰ ਵਧੀ



ਵਿਨੀਪੈਗ : ਕੈਨੇਡਾ ਵਿਚ 7,400 ਨਵੀਆਂ ਨੌਕਰੀਆਂ ਦੇਣ ਦੇ ਬਾਵਜੂਦ ਅਪਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਵਧ ਕੇ 6.9 ਫ਼ੀਸਦੀ ਹੋ ਗਈ ਹੈ ਜੋ ਨਵੰਬਰ ਤੋਂ ਬਾਅਦ ਸਿਖਰਲਾ ਪੱਧਰ ਦੱਸਿਆ ਜਾ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਮੁਲਕ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਦੇ ਨੇੜੇ ਪੁੱਜ ਗਈ ਹੈ। ਦੱਸ ਦੇਈਏ ਕਿ ਮਾਰਚ ਮਹੀਨੇ ਦੌਰਾਨ ਕੈਨੇਡੀਅਨ ਰੁਜ਼ਗਾਰ ਖੇਤਰ ਵਿਚੋਂ 32,600 ਨੌਕਰੀਆਂ ਖ਼ਤਮ ਹੋਈਆਂ ਅਤੇ ਅਪਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਅਸਮਾਨ ਚੜ੍ਹ ਗਈ।

ਅਪਰੈਲ ਦੌਰਾਨ ਆਰਜ਼ੀ ਤੌਰ ’ਤੇ ਰੁਜ਼ਗਾਰ ਤੋਂ ਵਿਹਲੇ ਜਾਂ ਕੰਮ ਦੀ ਭਾਲ ਕਰ ਰਹੇ ਲੋਕਾਂ ਦੀ ਗਿਣਤੀ 39 ਹਜ਼ਾਰ ਦਰਜ ਕੀਤੀ ਗਈ ਅਤੇ ਸਾਲਾਨਾ ਆਧਾਰ ’ਤੇ ਇਸ ਅੰਕੜੇ ਵਿਚ 1 ਲੱਖ 89 ਹਜ਼ਾਰ ਦਾ ਵਾਧਾ ਹੋਇਆ ਹੈ। ਜਿੱਥੇ ਅਪਰੈਲ ਦੌਰਾਨ 31 ਹਜ਼ਾਰ ਨੌਕਰੀਆਂ ਖ਼ਤਮ ਹੋਈਆਂ ਪਰ ਅਪਰੈਲ ਦੌਰਾਨ 7,400 ਨੌਕਰੀਆਂ ਪੈਦਾ ਵੀ ਹੋਈਆਂ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਨੂੰ ਅਪਰੈਲ ਦੌਰਾਨ ਰੁਜ਼ਗਾਰ ਦੀ ਭਾਲ ਕਰਦਿਆਂ ਵਧੇਰੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮਾਰਚ ਵਿਚ ਬੇਰੁਜ਼ਗਾਰ ਰਹੇ ਲੋਕਾਂ ਵਿਚੋਂ 61 ਫ਼ੀਸਦੀ ਅਪਰੈਲ ਦੌਰਾਨ ਵੀ ਵਿਹਲੇ ਹੀ ਰਹੇ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਹ ਅੰਕੜਾ ਚਾਰ ਫ਼ੀਸਦੀ ਵਧ ਬਣਦਾ ਹੈ।

ਟਰੰਪ ਦੇ ਟੈਰਿਫ਼ ਨੇ ਸਭ ਤੋਂ ਵੱਧ ਨੁਕਸਾਨ ਮੈਨੂਫੈਕਚਰਿੰਗ ਸੈਕਟਰ ਦਾ ਕੀਤਾ ਜਦਕਿ ਇਸ ਦੇ ਉਲਟ ਰਿਟੇਲ ਅਤੇ ਹੋਲਸੇਲ ਸੈਕਟਰ ਵਿਚ ਨਵੇਂ ਮੌਕੇ ਜ਼ਰੂਰ ਪੈਦਾ ਹੋਏ। ਮਾਹਰਾਂ ਦਾ ਕਹਿਣਾ ਹੈ ਕਿ ਕਾਰੋਬਾਰੀ ਜੰਗ ਦੇ ਮੱਦੇਨਜ਼ਰ ਮੁਲਕ ਦਾ ਰੁਜ਼ਗਾਰ ਖੇਤਰ ਕਮਜ਼ੋਰ ਹੋ ਰਿਹਾ ਹੈ ਅਤੇ ਤਾਜ਼ਾ ਅੰਕੜਿਆਂ ਨੂੰ ਵੇਖਦਿਆਂ ਬੈਂਕ ਆਫ਼ ਕੈਨੇਡਾ ਵੱਲੋਂ ਜੂਨ ਮਹੀਨੇ ਦੌਰਾਨ ਵਿਆਜ ਦਰਾਂ ਵਿਚ ਕਟੌਤੀ ਕੀਤੀ ਜਾ ਸਕਦੀ ਹੈ ਪਰ ਬੈਂਕ ਆਫ਼ ਕੈਨੇਡਾ ਵੱਲੋਂ ਪਹਿਲਾਂ ਹੀ ਚਿਤਾਵਨੀ ਦਿੱਤੀ ਜਾ ਚੁੱਕੀ ਹੈ ਕਿ ਆਉਣ ਵਾਲੇ ਮਹੀਨਿਆਂ ਦੌਰਾਨ ਕੈਨੇਡਾ ਦੀ ਆਰਥਿਕ ਵਾਧਾ ਦਰ ਨੂੰ ਵੱਡੀ ਢਾਹ ਲੱਗ ਸਕਦੀ ਹੈ। ਨਵੀਆਂ ਭਰਤੀਆਂ ਵਿਚ ਕਮੀ ਆਵੇਗੀ ਅਤੇ ਛਾਂਟੀ ਕੀਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਧ ਸਕਦੀ ਹੈ।

ਕੁਝ ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਡਾਲਰ ਦੇ ਕਮਜ਼ੋਰ ਹੋਣ ਕਾਰਨ ਵੀ ਰੁਜ਼ਗਾਰ ਖੇਤਰ ਪ੍ਰਭਾਵਿਤ ਹੋਇਆ।

# ਹੁਣ 10 ਸਾਲ ਬਾਅਦ ਮਿਲੇਗੀ ਨਾਗਰਿਕਤਾ

ਲੰਡਨ : ਬਰਤਾਨੀਆ ਸਰਕਾਰ ਵਲੋਂ ਇੰਮੀਗ੍ਰੇਸ਼ਨ ਨਿਯਮਾਂ ਵਿਚ ਵੱਡੀ ਤਬਦੀਲੀ ਕੀਤੀ ਗਈ ਹੈ । ਪ੍ਰਵਾਸੀਆਂ ਦੀ ਗਿਣਤੀ ਘਟਾਉਣ ਲਈ ਸਰਕਾਰ ਨੇ ਸਖ਼ਤ ਫ਼ੈਸਲਾ ਲਿਆ ਹੈਠ ਜਿਸ ਦੇ ਤਹਿਤ ਕਿਸੇ ਵੀ ਵਿਅਕਤੀ ਨੂੰ ਪੰਜ ਸਾਲ ਦੀ ਬਜਾਏ 10 ਸਾਲ ਬਾਅਦ ਬਰਤਾਨੀਆ ਦੀ ਨਾਗਰਿਕਤਾ ਮਿਲੇਗੀ । ਨਵੀਂ ਇੰਮੀਗ੍ਰੇਸ਼ਨ ਪ੍ਰਣਾਲੀ ਬਾਰੇ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਸਤੀ ਵਿਦੇਸ਼ੀ ਲੇਬਰ ਤੇ ਰੋਕ ਲਾਉਂਦਿਆਂ ਅੰਗਰੇਜ਼ੀ ਭਾਸ਼ਾ ਦੇ ਚੰਗੇ ਗਿਆਨ ਹੋਣ ਨੂੰ ਲਾਜ਼ਮੀ ਕਰ ਦਿੱਤਾ ਹੈ । ਸਰਕਾਰ ਨੂੰ ਅਨੁਮਾਨ ਹੈ ਕਿ ਇਨ੍ਹਾਂ ਨਿਯਮਾਂ ਨਾਲ ਮਾਈਗ੍ਰੇਸ਼ਨ ਅੰਕੜੇ ਘੱਟ ਹੋਣਗੇ। ਇਸ ਸਬੰਧ ਵਿਚ ਸਟਾਰਮਰ ਨੇ ਕਿਹਾ ਹੈ ਕਿ ਕੰਮ, ਪਰਿਵਾਰ ਤੇ ਪੜ੍ਹਾਈ ਨਾਲ ਸਬੰਧਿਤ ਹਰ ਇੰਮੀਗ੍ਰੇਸ਼ਨ ਸ਼੍ਰੇਣੀ ਵਿਚ ਸਖ਼ਤੀ ਲਾਗੂ ਕੀਤੀ ਜਾਵੇਗੀ। ਕਾਨੂੰਨ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ ਤੇ ਇੰਮੀਗ੍ਰੇਸ਼ਨ ਦੀ ਗਿਣਤੀ ਘਟੇਗੀ । ਉਨ੍ਹਾਂ ਕਿਹਾ ਕਿ ਅਸੀਂ ਇੱਕ ਨਿਯੰਤਰਿਤ, ਚੋਣਵੀਂ ਤੇ ਨਿਰਪੱਖ ਪ੍ਰਣਾਲੀ ਬਣਾਵਾਂਗੇ। ਇਸ ਦੌਰਾਨ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਸਰਕਾਰ ਹੁਣ ਕੋਈ ਨਵਾਂ ਇੰਮੀਗ੍ਰੇਸ਼ਨ ਟੀਚਾ ਨਿਰਧਾਰਤ ਨਹੀਂ ਕਰੇਗੀ। ਇਸ ਦੀ ਬਜਾਏ ਸਰਕਾਰ ਘੱਟ ਹੁਨਰਮੰਦ ਕਾਮਿਆਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਘਟਾ ਦੇਵੇਗੀ । ਉਨ੍ਹਾਂ ਕਿਹਾ ਕਿ 2025 ਵਿਚ ਅਜਿਹੇ ਵੀਜ਼ੇ 50,000 ਘਟਾ ਦਿੱਤੇ ਜਾਣਗੇ। ਗੌਰਤਲਬ ਹੈ ਕਿ ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਤੋਂ ਬਾਅਦ ਬਰਤਾਨੀਆ ਨੇ ਤੁਰੰਤ ਨਵੇਂ ਮੈਂਬਰ ਦੇਸ਼ਾਂ ਦੇ ਲੋਕਾਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ । ਉਦੋਂ ਤੋਂ ਲੱਖਾਂ ਪ੍ਰਵਾਸੀ ਬਰਤਾਨੀਆ ਆਏ ਹਨ। 2016 ਦੇ ਬ੍ਰੈਗਜ਼ਿਟ ਵੋਟ ਦਾ ਮੁੱਖ ਕਾਰਨ ਇੰਮੀਗ੍ਰੇਸ਼ਨ ਸੀ ਪਰ ਬ੍ਰੈਗਜ਼ਿਟ ਤੋਂ ਬਾਅਦ ਵੀ ਵੀਜ਼ਾ ’ਤੇ ਆਉਣ ਵਾਲੇ ਲੋਕਾਂ ਦੀ ਗਿਣਤੀ ਘੱਟ ਨਹੀਂ ਹੋਈ । ਜੇਕਰ ਅਸੀਂ ਮੌਜੂਦਾ ਸਥਿਤੀ ਬਾਰੇ ਗੱਲ ਕਰੀਏ ਤਾਂ ਜੂਨ 2024 ਤੱਕ ਸਾਲਾਨਾ ਸ਼ੁੱਧ ਇੰਮੀਗ੍ਰੇਸ਼ਨ (ਜਾਣ ਵਾਲਿਆਂ ਨੂੰ ਘਟਾ ਕੇ) 7,28,000 ਸੀ। ਇਹ ਅੰਕੜਾ ਪਿਛਲੇ ਸਾਲ ਨਾਲੋਂ 20 ਫੀਸਦੀ ਘੱਟ ਹੈ, ਪਰ ਫਿਰ ਵੀ 2010 ਵਿਚ ਨਿਰਧਾਰਤ 1 ਲੱਖ ਦੇ ਟੀਚੇ ਨਾਲੋਂ ਸੱਤ ਗੁਣਾ ਜ਼ਿਆਦਾ ਹੈ। ਪਿਛਲੇ ਸਾਲ 37,000 ਲੋਕ ਛੋਟੀਆਂ ਕਿਸ਼ਤੀਆਂ ਵਿਚ ਗੈਰ-ਕਾਨੂੰਨੀ ਤੌਰ ’ਤੇ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਪਹੁੰਚੇ। ਜਿਸ ਤੋਂ ਬਾਅਦ ਸਰਕਾਰ ਨੇ ਵਧੇਰੇ ਸਖ਼ਤ ਰੁੱਖ ਅਖ਼ਤਿਆਰ ਕਰਨੇ ਸ਼ੁਰੂ ਕਰ ਦਿੱਤੇ।




# ਅਪ੍ਰੇਸ਼ਨ ਸਿੰਦੂਰ ਦਾ ਹੀਰੋ ਭਾਰਤੀ ਹਵਾਈ ਸੈਨਾ ਦੇ ਮੁਖੀ ਏਪੀ ਸਿੰਘ, ਜਿਸ ਕਾਰਨ ਪਾਕਿਸਤਾਨ ਦਾ ਨੂਰ ਖਾਨ ਏਅਰਬੇਸ ਹੋਇਆ ਤਬਾਹ

ਨਵੀਂ ਦਿੱਲੀ : ਭਾਰਤ ਨੇ ਪਾਕਿਸਤਾਨ ਨੂੰ ਬਹੁਤ ਸਾਰੇ ਖੂਨ ਦੇ ਹੰਝੂ ਵਹਾਉਣ ਲਈ ਮਜਬੂਰ ਕਰ ਦਿੱਤਾ। ਪਹਿਲਾਂ, ਉਸਦੇ ਅੱਤਵਾਦੀ ਮਾਰੇ ਗਏ। ਬਾਕੀ ਕੰਮ ਨੂਰ ਖਾਨ ਏਅਰਬੇਸ ਨੂੰ ਉਡਾ ਕੇ ਪੂਰਾ ਕੀਤਾ ਗਿਆ। ਹਾਂ, ਨੂਰ ਖਾਨ ਏਅਰਬੇਸ ਨੂੰ ਤਬਾਹ ਕਰਨ ਵਿੱਚ ਭਾਰਤ ਦੇ ਏਅਰ ਚੀਫ ਮਾਰਸ਼ਲ ਏਪੀ ਸਿੰਘ ਦਾ ਹੱਥ ਹੈ, ਜਿਸ ’ਤੇ ਪਾਕਿਸਤਾਨ ਨੂੰ ਮਾਣ ਸੀ। ਇਹ ਹਵਾਈ ਸੈਨਾ ਮੁਖੀ ਏਪੀ ਸਿੰਘ ਸਨ, ਜਿਨ੍ਹਾਂ ਕਾਰਨ ਪਾਕਿਸਤਾਨ ਦਾ ਨੂਰ ਖਾਨ ਏਅਰਬੇਸ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ।

ਸੂਤਰਾਂ ਦੀ ਮੰਨੀਏ ਤਾਂ ਨੂਰ ਖਾਨ ਏਅਰਬੇਸ ਹਮਲੇ ਵਿੱਚ ਭਾਰਤੀ ਹਵਾਈ ਸੈਨਾ ਦੇ ਮੁਖੀ ਏਪੀ ਸਿੰਘ ਯਾਨੀ ਅਮਰ ਪ੍ਰੀਤ ਸਿੰਘ ਦੀ ਮਹੱਤਵਪੂਰਨ ਭੂਮਿਕਾ ਸੀ। ਏਪੀ ਸਿੰਘ ਨੂੰ ਇਸ ਹਮਲੇ ਦਾ ਮਾਸਟਰਮਾਈਂਡ ਮੰਨਿਆ ਜਾਂਦਾ ਹੈ। ਇਹ ਉਹੀ ਸੀ ਜਿਨ੍ਹਾਂ ਨੇ ਨੂਰ ਖਾਨ ਏਅਰਬੇਸ ‘ਤੇ ਹਮਲਾ ਕਰਨ ਦੀ ਪੂਰੀ ਯੋਜਨਾ ਬਣਾਈ ਸੀ। ਉਨ੍ਹਾਂ ਨੂੰ ਭਾਰਤ ਦੇ ਐਨਐਸਏ ਅਜੀਤ ਡੋਭਾਲ ਦਾ ਪੂਰਾ ਸਮਰਥਨ ਮਿਲਿਆ। ਹਵਾਈ ਸੈਨਾ ਮੁਖੀ ਏਪੀ ਸਿੰਘ ਨੇ ਇਸ ਮਿਸ਼ਨ ਲਈ ਆਪਣੇ ਪੱਧਰ ਦੇ ਸਭ ਤੋਂ ਵਧੀਆ ਪਾਇਲਟਾਂ ਦੀ ਚੋਣ ਕੀਤੀ ਅਤੇ ਪਾਕਿਸਤਾਨ ‘ਤੇ ਹਮਲੇ ਦੀ ਵਕਾਲਤ ਕੀਤੀ।

**ਨੂਰ ਖਾਨ ਏਅਰਬੇਸ ਕਿਵੇਂ ਹੋਇਆ ਸੀ ਤਬਾਹ :** ਸੂਤਰਾਂ ਅਨੁਸਾਰ, ਹਵਾਈ ਸੈਨਾ ਮੁਖੀ ਏਪੀ ਸਿੰਘ ਨੇ ਕਿਹਾ ਸੀ, ‘ਸਾਨੂੰ ਤਬਾਹੀ ਮਚਾਉਣ ਲਈ ਪਾਕਿਸਤਾਨ ਦੇ ਅੰਦਰ ਜਾਣਾ ਪਵੇਗਾ’। ਇਸ ਆਪ੍ਰੇਸ਼ਨ ਨੂੰ ਸਫਲ ਬਣਾਉਣ ਵਿੱਚ ਉਨ੍ਹਾਂ ਦੀ ਅਗਵਾਈ ਬਹੁਤ ਮਹੱਤਵਪੂਰਨ ਸਾਬਤ ਹੋਈ। ਜਿਸ ਤਰ੍ਹਾਂ ਦੀ ਤਬਾਹੀ ਹਵਾਈ ਸੈਨਾ ਮੁਖੀ ਨੇ ਕਲਪਨਾ ਕੀਤੀ ਸੀ, ਉਹ ਵੀ ਦਿਖਾਈ ਦੇ ਰਹੀ ਸੀ। ਪੂਰੀ ਦੁਨੀਆ ਨੇ ਦੇਖਿਆ ਕਿ ਕਿਵੇਂ ਭਾਰਤ ਨੇ ਪਾਕਿਸਤਾਨ ਦੇ ਨੂਰ ਖਾਨ ਏਅਰਬੇਸ ਨੂੰ ਤਬਾਹ ਕਰ ਦਿੱਤਾ। ਇੰਨਾ ਹੀ ਨਹੀਂ, ਭਾਰਤ ਨੇ ਪਾਕਿਸਤਾਨ ਦੇ ਕੁੱਲ 9 ਏਅਰਬੇਸਾਂ ‘ਤੇ ਹਮਲਾ ਕੀਤਾ ਸੀ।

ਏਪੀ ਸਿੰਘ ਯਾਨੀ ਅਮਰ ਪ੍ਰੀਤ ਸਿੰਘ ਹਵਾਈ ਸੈਨਾ ਦੇ ਮੁਖੀ ਹਨ। ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ ਭਾਰਤੀ ਹਵਾਈ ਸੈਨਾ ਦੇ 28ਵੇਂ ਮੁਖੀ ਹਨ। ਉਹ 30 ਸਤੰਬਰ 2024 ਨੂੰ ਹਵਾਈ ਸੈਨਾ ਮੁਖੀ ਬਣੇ। ਉਨ੍ਹਾਂ ਦਾ ਜਨਮ 27 ਅਕਤੂਬਰ 1964 ਨੂੰ ਹੋਇਆ ਸੀ। ਉਹ 21 ਦਸੰਬਰ 1984 ਨੂੰ ਹਵਾਈ ਸੈਨਾ ਦੇ ਲੜਾਕੂ ਖੇਤਰ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਕੋਲ 5000 ਘੰਟਿਆਂ ਤੋਂ ਵੱਧ ਉਡਾਣ ਦਾ ਤਜਰਬਾ ਹੈ। ਏਪੀ ਸਿੰਘ ਨੈਸ਼ਨਲ ਡਿਫੈਂਸ ਅਕੈਡਮੀ, ਡਿਫੈਂਸ ਸਰਵਿਸਿਜ਼ ਸਟਾਫ ਕਾਲਜ ਅਤੇ ਨੈਸ਼ਨਲ ਡਿਫੈਂਸ ਕਾਲਜ ਦੇ ਸਾਬਕਾ ਵਿਦਿਆਰਥੀ ਹਨ। ਉਹ ਇੱਕ ਯੋਗ ਫਲਾਈਟ ਇੰਸਟ੍ਰਕਟਰ ਅਤੇ ਪ੍ਰਯੋਗਾਤਮਕ ਟੈਸਟ ਪਾਇਲਟ ਹੈ।




# ਖਾਲਸਾਈ ਰੰਗ ਵਿਚ ਰੰਗਿਆ ਕੈਲਗਰੀ

ਕੈਲਗਰੀ : ਖ਼ਾਲਸਾ ਸਾਜਨਾ ਦਿਵਸ ਤੇ ਸਿੱਖਾਂ ਦੇ ‘ਖ਼ਾਲਸਾ ਡੇਅ ਪ੍ਰੇਡ’ ਵਜੋਂ ਮਨਾਏ ਜਾਂਦੇ ਸਾਲਾਨਾ 25ਵੇਂ ਕੈਲਗਰੀ ਨਗਰ ਕੀਰਤਨ ਵਿਚ ਸੰਗਤਾਂ ਦਾ ਬੇਮਿਸਾਲ ਇਕੱਠ ਤੇ ਉਤਸ਼ਾਹ ਦੇਖਣ ਨੂੰ ਮਿਲਿਆ। ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਨਗਰ ਕੀਰਤਨ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਜੈਕਾਰਿਆਂ ਦੀ ਗੂੰਜ ਵਿਚ ਆਰੰਭ ਹੋਇਆ। ਇਸ ਨਗਰ ਕੀਰਤਨ ਵਿਚ ਇੱਕ ਲੱਖ 50 ਹਜ਼ਾਰ ਤੋ ਵੱਧ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਕੈਲਗਰੀ ਦੀਆਂ ਸੰਗਤਾਂ ਤੋਂ ਇਲਾਵਾ ਐਡਮਿੰਟਨ, ਸਰੀ, ਵੈਨਕੂਵਰ, ਐਬਸਫੋਰਡ, ਟਰਾਂਟੋ ਤੋਂ ਸੰਗਤਾਂ ਨੇ ਭਾਰੀ ਗਿਣਤੀ ’ਚ ਹਾਜ਼ਰੀ ਭਰੀ। ਇਸ ਸਮੇਂ ਖਾਲਸਾ ਸਕੂਲ ਕੈਲਗਰੀ ਦੇ ਬੱਚਿਆਂ ਵਲੋਂ ਸ਼ਬਦ ਗਾਇਕ ਕਰਕੇ ਨਗਰ ਕੀਰਤਨ ਦੀ ਆਰੰਭਤਾ ਕਰਵਾਈ। ਅਰਦਾਸ ਕਰਨ ਉਪਰੰਤ ਸੰਗਤਾਂ ਵਲੋਂ ਜੈਕਾਰਿਆਂ ਦੀ ਗੂੰਜ ਨਾਲ ਨਗਰ ਕੀਰਤਨ ਰਵਾਨਾ ਹੋਇਆ। ਇਸ ਸਮੇਂ ਮੋਟਰ ਸਾਈਕਲ ਤੇ ਕੈਲਗਰੀ ਪੁਲਿਸ ਦੀਆਂ ਗੱਡੀਆ ਸਭ ਤੋਂ ਅੱਗੇ ਚੱਲਦੀਆਂ ਹੋਈਆਂ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੀਆਂ ਸਨ। ਸੰਗਤਾਂ ਦੀ ਵੱਡੀ ਗਿਣਤੀ ਕਰਕੇ ਕੈਲਗਰੀ ਕੇਸਰੀ, ਨੀਲੀਆਂ ਦਸਤਾਰਾਂ ਅਤੇ ਦੁਪੱਟਿਆਂ ਦੇ ਰੰਗ ’ਚੋਂ ਪੂਰੀ ਤਰ੍ਹਾਂ ਰੰਗਿਆ ਨਜ਼ਰ ਆ ਰਿਹਾ ਸੀ। ਕੀਰਤਨੀ ਜਥੇ ਵਾਲੇ ਫਲੋਟ ਵਿਚ ਬੈਠੀਆਂ ਸੰਗਤਾਂ ਗੁਰਬਾਣੀ ਜਾਪ ਕਰ ਰਹੀਆਂ ਸਨ। ਗਤਕੇ ਦੀ ਟੀਮ ਤੇ ਮੋਟਰਸਾਈਕਲ ਸਵਾਰ ਸਿੱਖ ਨੌਜਵਾਨ ਵੀ ਨਗਰ ਕੀਰਤਨ ਸਮੇਂ ਖਿੱਚ ਦਾ ਕੇਂਦਰ ਬਣੇ ਰਹੇ। ਨਗਰ ਕੀਰਤਨ ਸਮੇਂ ਰਸਤੇ ਵਿਚ ਸੰਗਤਾਂ ਦੇ ਖਾਣ ਪੀਣ ਵਾਲੀਆਂ ਵਸਤਾਂ ਦੇ ਵਿਸ਼ੇਸ਼ ਸਟਾਲ ਲਗਾਏ ਹੋਏ ਸਨ। ਨਗਰ ਕੀਰਤਨ ਦੀ ਮੁੱਖ ਸਟੇਜ ਪ੍ਰੇਰੀਵਿੰਡ ਪਾਰਕ ਵਿਚ ਲਗਾਈ ਗਈ ਜਿਥੋਂ ਢਾਡੀ ਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ, ਸੰਸਦ ਮੈਂਬਰ ਜਸਰਾਜ ਸਿੰਘ ਹੱਲਣ, ਸੰਸਦ ਮੈਂਬਰ ਅਮਨਪ੍ਰੀਤ ਸਿੰਘ ਗਿੱਲ, ਸੰਸਦ ਮੈਂਬਰ ਦਲਵਿੰਦਰ ਸਿੰਘ ਗਿੱਲ, ਕੈਲਗਰੀ ਸ਼ਹਿਰ ਦੀ ਮੇਅਰ ਜੋਤੀ ਗੋਂਡਿਕ, ਕੌਂਸਲਰ ਰਾਜ ਧਾਲੀਵਾਲ ਤੇ ਨਾਹੀਦ ਨੈਨਸੀ ਅਲਬਰਟਾ ਐਨ.ਡੀ.ਪੀ. ਨੇਤਾ ਨੇ ਵੀ ਸੰਗਤਾਂ ਨੂੰ ਵਧਾਈ ਦਿੱਤੀ। ਸਟੇਜ ਸਕੱਤਰ ਦੀ ਸੇਵਾ ਭਾਈ ਪ੍ਰਦੀਪ ਸਿੰਘ ਬੈਨੀਪਾਲ, ਭਾਈ ਗੁਰਮੇਜ ਸਿੰਘ ਚੀਮਾ ਤੇ ਭਾਈ ਰਵਿੰਦਰ ਸਿੰਘ ਤੱਬੜ ਹੁਰਾਂ ਬਾਖੂਬੀ ਨਿਭਾਈ। ਨਗਰ ਕੀਰਤਨ ਸਮੇਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਕੈਲਗਰੀ ਸ਼ਹਿਰ ਗੂੰਜ ਉੱਠਿਆ। ਅਖੀਰ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਬਲਜਿੰਦਰ ਸਿੰਘ ਗਿੱਲ ਤੇ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਨੇ ਸਾਰੇ ਵਲੰਟੀਅਰ, ਪ੍ਰਬੰਧਕ ਕਮੇਟੀ, ਪ੍ਰਸ਼ਾਸਨ, ਕੈਲਗਰੀ ਪੁਲਿਸ ਤੇ ਸੰਗਤਾਂ ਦਾ ਧੰਨਵਾਦ ਕੀਤਾ।



# ਹੋਂਦ ਚਿੱਲੜ ਸਿੱਖ ਕਤਲੇਆਮ : ਹਾਈ ਕੋਰਟ ’ਚ 5 ਅਗਸਤ ਨੂੰ ਹੋਵੇਗੀ ਅਗਲੀ ਪੇਸ਼ੀ

ਚੰਡੀਗੜ੍ਹ : ਹਰਿਆਣਾ ਦੇ ਗੁਰੂਗ੍ਰਾਮ ਤੇ ਪਟੌਦੀ ਵਿਚ ਭੀੜ ਵੱਲੋਂ 297 ਘਰਾਂ ਨੂੰ ਅੱਗ ਲਗਾ ਕੇ ਸਾੜਨ ਅਤੇ 47 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਅਗਲੀ ਪੇਸ਼ੀ 5 ਅਗਸਤ ਨੂੰ ਹਾਈ ਕੋਰਟ ਵਿਚ ਹੋਵੇਗੀ। ਹੋਂਦ ਚਿੱਲੜ ਵਿਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਹੁਣ ਗੁਰੂਗ੍ਰਾਮ ਤੇ ਪਟੌਦੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਤੇ ਹੋਰ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕਾਨੂੰਨੀ ਚਾਰਾਜੋਈ ਕਰ ਰਹੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ’ਤੇ 9 ਸਰਕਾਰੀ ਧਿਰਾਂ ਨੂੰ ਇਸ ਕੇਸ ਸਬੰਧੀ ‘ਕਾਰਨ ਦੱਸੋ’ ਨੋਟਿਸ ਜਾਰੀ ਕੀਤੇ ਗਏ ਸਨ। ਜਸਟਿਸ ਕੁਲਦੀਪ ਤਿਵਾੜੀ ਨੇ ਸਰਕਾਰੀ ਧਿਰਾਂ ਵੱਲੋਂ ਨੋਟਿਸ ਦਾ ਜਵਾਬ ਨਾ ਦੇਣ ’ਤੇ 10-10 ਹਜ਼ਾਰ ਰੁਪਏ ਜੁਰਮਾਨੇ ਕੀਤੇ ਅਤੇ ਅਗਲੀ 5 ਅਗਸਤ ਦੀ ਪੇਸ਼ੀ ’ਤੇ ਜਵਾਬ ਦੇਣ ਦਾ ਹੁਕਮ ਦਿੱਤਾ।





# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 16 ਮਈ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 18 ਮਈ, 2025 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

ਸ੍ਰ. ਹਰਜਿੰਦਰ ਸਿੰਘ ਹੈਪੀ ਸੂਚ
(209) 535-0294

ਸ੍ਰ. ਮਨਜੀਤ ਸਿੰਘ ਬਾਸੀ
(209) 678-8519



ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ



ਅਮਰੀਕਾ ਦੀ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ

## ਸੰਤ ਬਾਬਾ ਮਾਨ ਸਿੰਘ ਜੀ (ਪਿਹੋਵਾ ਵਾਲੇ) ਦੀ

# ਸਲਾਨਾ ਦੂਜੀ ਬਰਸੀ

## ਗੁਰਦੁਆਰਾ ਸਾਹਿਬ ਸੱਚਖੰਡ ਈਸ਼ਰ ਦਰਬਾਰ

ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 16, 17, 18 ਮਈ 2025 ਨੂੰ ਮਨਾਈ ਜਾਵੇਗੀ।

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ : ਸ਼ੁੱਕਰਵਾਰ 16 ਮਈ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ : ਐਤਵਾਰ 18 ਮਈ ਸਵੇਰੇ 10 ਵਜੇ
ਉਪਰੰਤ ਕਥਾ ਕੀਰਤਨ, ਢਾਡੀ ਵਾਰਾਂ ਹੋਣਗੀਆਂ।
ਆਪ ਸਮੇਤ ਪਰਿਵਾਰ ਗੁਰੂ ਘਰ ਹਾਜ਼ਰੀ ਭਰ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ

ਤਿੰਨ ਦਿਨ ਗੁਰੂ ਕੇ ਲੰਗਰ ਦੀ ਸੇਵਾ ਅਟੁੱਟ ਵਰਤੇਗੀ

ਬੇਨਤੀ ਕਰਤਾ

## ਸੰਤ ਬਾਬਾ ਮੋਹਨ ਸਿੰਘ ਜੀ ਪਿਹੋਵਾ ਵਾਲੇ

ਅਤੇ ਅਮਰੀਕਾ ਦੀ ਸਮੂਹ ਸੰਗਤ

## ਗੁਰਦੁਆਰਾ ਸਾਹਿਬ ਸੱਚਖੰਡ ਈਸ਼ਰ ਦਰਬਾਰ

7616 Rangeview Road, Sacramento,CA 95828
(916) 913-9013





ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਉਸ ਇਲਾਕੇ ਦੀ ਸਿੱਖ ਸੰਗਤ ਦੀ ਪ੍ਰਚਾਰ ਵਾਸਤੇ ਸਹਾਇਤਾ ਦੀ ਖਾਸ ਲੋੜ ਹੈ। ਹੇਠ ਲਿਖੇ ਸੱਜਣਾਂ ਨੇ ਇਸ ਸ਼ੁਭ ਕਾਰਜ ਵਿਚ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਪੂਰਨ ਭਰੋਸਾ ਦਿਵਾਇਆ ਹੈ। ਹੈੱਡ ਮਾਸਟਰ ਇਕਬਾਲ ਸਿੰਘ ਨਾਰੋਵਾਲ, ਸ੍ਰ. ਅਕਾਲ ਸਿੰਘ ਜੀ ਰਈਸ ਮੁਹਾਦੀਪੁਰ, ਸਰਦਾਰ ਅਪਾਰ ਸਿੰਘ ਜੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕੈਪਟਨ ਸਰਦਾਰ ਕਰਤਾਰ ਸਿੰਘ ਜੀ ਪਸਰੂਰ ਅਤੇ ਭਾਈ ਮਿਹਰ ਸਿੰਘ ਜੀ ਗ੍ਰੰਥੀ ਡਮਾਲਾ ਅਤੇ ਜਕੇਦਾਰ ਅਕਾਲੀ ਜਥਾ ਪਸਰੂਰ। ਹੋਰ ਸੰਗਤਾਂ ਭੀ ਇਸ ਪਾਸੇ ਛੇਤੀ ਤੋਂ ਛੇਤੀ ਧਿਆਨ ਦੇਣ।

**ਯੂ.ਪੀ.** : ਭਾਈ ਨਿਰੰਜਨ ਸਿੰਘ ਜੀ ਗ੍ਰੰਥੀ ਅਨੂਪ ਨਗਰ (ਮੇਰਠ) ਤੋਂ ਇਤਲਾਹ ਦਿੰਦੇ ਹਨ ਕਿ ਉਸ ਪਿੰਡ ਵਿਚ ਹੁਣ ਇਕ ਸੌ ਪ੍ਰਾਣੀ ਅੰਮ੍ਰਿਤਪਾਨ ਕਰ ਚੁੱਕੇ ਹਨ। ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਇਕ ਸਕੂਲ ਭੀ ਜਾਰੀ ਹੇ, ਜਿਸ ਵਿਚ 33 ਲੜਕੇ ਲੜਕੀਆਂ ਗੁਰਮੁਖੀ ਵਿਦਿਆ ਗ੍ਰੰਥੀ ਜੀ ਤੋਂ ਪ੍ਰਾਪਤ ਕਰ ਰਹੇ ਹਨ।

ਸਿੰਧ : ਭਾਈ ਤੀਰਥ ਸਿੰਘ ਜੀ ਪ੍ਰਚਾਰਕ ਸਿੰਧ ਤੋਂ ਇਤਲਾਹ ਦਿੰਦੇ ਹਨ ਕਿ 31-8-36 ਨੂੰ ਉਨ੍ਹਾਂ ਨੂੰ ਟੰਡੋ ਆਦਮ ਦੇ ਨੇੜੇ ਸਿਕਲੀਗਰਾਂ ਦੀ ਇਕ ਬਸਤੀ ਵਿਚ ਅੰਮ੍ਰਿਤ ਪ੍ਰਚਾਰ ਦੀ ਸੇਵਾ ਕੀਤੀ, ਜਿਸ ਵਿਚ 23 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

[illegible] : ਗਿਆਨੀ ਭਗਤ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਪ੍ਰਚਾਰਕ ਜਥੇ ਦੇ ਮੁਖੀਆਂ ਨਾਲ ਮਿਲ ਕੇ ਇਲਾਕੇ ਵਿਚ ਅਖੌਤੀ ਅਛੂਤਾਂਦੀਆਂ ਬਸਤੀਆਂ ਵਿਚ ਪ੍ਰਚਾਰ ਕੀਤਾ। ਰਿਆਸਤ ਬਹਾਵਲ ਨਗਰ ਵਿਚ ਬਾਵਰੀਏ, ਮਾਹਤਮ ਆਦਿ ਲੱਖਾਂ ਦੀ ਗਿਣਤੀ ਵਿਚ ਹਨ। ਸੈਂਕੜਿਆਂ ਨੇ ਹੀ ਪਹਿਲੇ ਦੌਰੇ ਸਿੰਘ ਸੱਜਣ ਲਈ ਨਾਮ ਲਿਖਾਏ, ਪ੍ਰੰਤੂ ਕਰਾਰਾਂ ਦੀ ਸਖ਼ਤ ਥੁੜ ਹੈ। ਕਈ ਕੁ ਸਿੱਖੀ ਜ਼ਿਮੀਂਦਾਰ ਪਿੰਡਾਂ ਵਿਚ ਪ੍ਰਚਾਰ ਕਰਕੇ ਛੂਤ-ਛਾਤ ਦੂਰ ਹੋ ਗਈ ਹੈ ਅਤੇ ਜ਼ਿਮੀਂਦਾਰ ਭਰਾਵਾਂ ਨੇ ਆਪਣੇ ਅਖੌਤੀ ਅਛੂਤ ਸਿੱਖ ਭਰਾਵਾਂ ਨਾਲ ਸੰਗਤ ਪੰਗਤ ਵਿਚ ਪੂਰੇ ਮਿਲਾਪ ਦਾ ਪ੍ਰਣ ਕੀਤਾ ਹੈ।




**ਜੜਾਂਵਾਲਾ** : ਸਕੱਤਰ ਸਿੰਘ ਸਭਾ ਜੜਾਂਵਾਲਾ ਇਤਲਾਹ ਦਿੰਦੇ ਹਨ ਕਿ ਇਲਾਕੇ ਵਿਚ ਸਿੰਘ ਸਭਾ ਵਲੋਂ ਅਖੌਤੀ ਅਛੂਤਾਂ ਨੂੰ ਸਿੰਘ ਸਜਾਉਣ ਲਈ ਪੁਰ ਜੋਸ਼ ਉਦਮ ਹੋ ਰਿਹਾ ਹੈ ਅਤੇ ਹੁਣ ਤੱਕ 800 ਦੇ ਕਰੀਬ ਕਈ ਚੱਾਂ ਵਿਚ ਸਿੰਘ ਸਜ ਚੁੱਕੇ ਹਨ। ਬਾਕੀ ਕਈ ਪਿੰਡਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸੱਜਣ ਨੂੰ ਤਿਆਰ ਬੈਠੇ ਹਨ। ਸਿਰਫ਼ ਕਕਾਰਾਂ ਦੀ ਥੁੜ ਕਰਕੇ ਇਸ ਸ਼ੁਭ ਕਾਰਜ ਵਿਚ ਢਿੱਲ ਪੈ ਰਹੀ ਹੈ।

ਸਰਬ-ਹਿੰਮ ਮਿਸ਼ਨ ਸਿੰਘ ਸਭਾ ਦੀ ਸਹਾਇਤਾ ਲਈ ਛੇਤੀ ਹੀ ਪੱਕੇ ਤੌਰ 'ਤੇ ਇਹ ਪ੍ਰਚਾਰਕ ਭੇਜਣ ਦੀ ਵਿਚਾਰ ਕਰ ਰਿਹਾ ਹੈ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (51) ਸਤੰਬਰ 1936

**ਯੂ.ਪੀ.** : ਭਾ. ਅਮਰ ਸਿੰਘ ਜੀ ਪ੍ਰਚਾਰਕ ਅਲੀਗੜ੍ਹ ਰਿਪੋਰਟ ਘੱਲਦੇ ਹਨ ਕਿ 23-8-36 ਤੋਂ 29-8-39 ਤੱਕ ਪ੍ਰਚਾਰ ਕਰਕੇ ਉਨ੍ਹਾਂ ਨੇ 18 ਮੁਖ਼ਤਲਿਫ਼ ਪਿੰਡਾਂ ਵਿਚ 94 ਸਿੰਘ ਸਜਾਏ ਅਤੇ ਗਿਆਨੀ ਸਾਧੂ ਸਿੰਘ ਜੀ ਪ੍ਰਚਾਰਕ ਅਲੀਗੜ੍ਹ ਤੋਂ ਇਤਲਾਹ ਦਿੰਦੇ ਹਨ ਕਿ ਲੋਕਾਂ ਵਿਚ ਸਿੱਖੀ ਲਈ ਤੀਬਰ ਮੰਗ ਹੈ ਅਤੇ ਉਨ੍ਹਾਂ ਨੇ ਚਾਰ ਹਜ਼ਾਰ ਕਿਰਪਾਨਾਂ, ਕੰਘੇ, ਕੜੇ, ਕਛਹਿਰੇ ਕਰਾਰ ਫੌਰਨ ਭੇਜ ਦੇਣ ਲਈ ਲਿਖਿਆ ਹੈ।

**ਮਾਲਾਬਾਰ** : ਮਿਸ਼ਨ ਦੇ ਪ੍ਰਚਾਰਕ ਭਾ. ਜਗਜੀਤ ਸਿੰਘ ਜੀ ਅਰਨਾਕਲਮ ਤੋਂ ਇਤਲਾਹ ਦਿੰਦੇ ਹਨ ਕਿ ਚੰਗੇ ਘਰਾਣੇ ਦਾ ਅਤੇ ਚੰਗਾ ਵਿਦਵਾਨ ਨੌਜਵਾਨ ਮੁਸਲਮਾਨ ਅਬਦੂਲਸਤਾਰ ਨਾਮੀ ਜੋ ਕਿ ਐਲਪੀ ਦੇ ਇਲਾਕੇ ਵਿਚ ਇਕ ਕੱਟੜ ਮੁਸਲਿਮ ਪ੍ਰਚਾਰਕ ਸੀ, 21-8-36 ਨੂੰ ਸਿੰਘ ਸਜ ਕੇ ਭਾ. ਸੁਰਿੰਦਰ ਸਿੰਘ ਬਣ ਗਿਆ ਹੈ। ਇਸ ਦੀ ਤਸਵੀਰ ਅੱਗੇ ਅਖ਼ਬਾਰਾਂ ਵਿਚ ਦਿੱਤੀ ਗਈ ਹੈ।

ਸਾਂਗਲਾ : ਸ਼ਹੀਦੀ ਅਕਾਲੀ ਜਥਾ ਤਹਿਸੀਲ ਸਾਂਗਲਾ ਵਿਖੇ ਮਿਸ਼ਨ ਪਾਸੋਂ 500 ਕਿਰਪਾਨਾਂ, ਕੰਘੇ, ਕੜੇ ਅਖੌਤੀ ਅਛੂਤਾਂ ਵਿਚ ਪ੍ਰਚਾਰ ਲਈ ਲੈ ਗਏ ਸਨ। ਸਰਦਾਰ ਹੁਕਮ ਸਿੰਘ ਸਕੱਤਰ ਜਥਾ ਇਤਲਾਹ ਦਿੰਦੇ ਹਨ ਕਿ ਹੇਠ ਲਿਖੇ ਨਗਰਾਂ ਵਿਚ 269 ਨਵੇਂ ਸਿੰਘ ਸਜੇ ਹਨ :

1. ਨਿਜ਼ਾਮਪੁਰ ਦੇਲੇ ਵਾਲਾ 76
2. ਬੁਰਜ 140
3. ਨਿਜ਼ਾਮਪੁਰਾ ਮੂਲਾ ਸਿੰਘ ਵਾਲਾ 51.

ਕੁਲ ਜੋੜ 269.

ਮੁਰਾਲਾ : ਗਿਆਨੀ ਸ਼ੰਕਰ ਸਿੰਘ ਜੀ ਪ੍ਰਚਾਰਕ ਮਿਸ਼ਨ ਮੁਰਾਲੇ ਤੋਂ ਪ੍ਰਚਾਰ ਸੇਵਾ ਭੁਗਤਾ ਕੇ ਵਾਪਸ ਆਏ ਹਨ ਅਤੇ ਇਤਲਾਹ ਦਿੰਦੇ ਹਨ ਕਿ ਉਸ ਇਲਾਕੇ ਵਿਚ ਸਿੱਖੀ ਵਾਸਤੇ ਤੀਬਰ ਮੰਗ ਹੈ ਅਤੇ ਕਿਰਪਾਨ ਕੜੇ ਆਦਿਕ ਕਰਾਰਾਂ ਦੀ ਹਾਜ਼ਰੀ ਦੀ ਗਿਣਤੀ ਵਿਚ ਫੌਰਨ ਲੋੜ ਹੈ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਰੋਕਥਾਮ/ਬਚਾਅ :**

1. ਕਿਸਮ-1 ਸ਼ੂਗਰ ਰੋਗ ਤੋਂ ਬਚਣ ਦਾ ਕੋਈ ਉਪਾਅ ਨਹੀਂ ਹੈ।
2. ਕਿਸਮ-2 ਸ਼ੂਗਰ ਰੋਗ ਦਾ ਬਚਾਅ, ਰੋਜ਼ਾਨਾ ਕਸਰਤ ਕਰ ਕੇ ਅਤੇ ਭਾਰ ਨੂੰ ਕਾਬੂ ਵਿੱਚ ਰੱਖ ਕੇ ਕੀਤਾ ਜਾ ਸਕਦਾ ਹੈ।
3. ਸ਼ਰਾਬ ਨਾ ਪੀਓ।
4. ਸਿਗਰਟ ਪੀਣਾ ਛੱਡੋ।

**ਘਰੇਲੂ ਇਲਾਜ :**

1. ਜੇਕਰ ਤੁਸੀਂ ਸ਼ੂਗਰ ਰੋਗ ਦੀ ਦਵਾਈ ਲੈ ਰਹੇ ਹੋ ਤਾਂ, ਡਾਕਟਰ ਦੀ ਸਲਾਹ ਤੋਂ ਬਗ਼ੈਰ ਦਵਾਈ ਲੈਣੀ ਨਾ ਛੱਡੋ।
2. ਸੰਤੁਲਿਤ ਖਾਣਾ ਖਾਓ।
3. ਰੋਜ਼ਾਨਾ ਕਸਰਤ ਕਰੋ।
4. ਆਪਣੀ ਸ਼ੂਗਰ ਦੀ ਜਾਂਚ ਹਰ ਰੋਜ਼ ਕਰੋ ਅਤੇ ਇਸਦਾ ਰਿਕਾਰਡ ਬਣਾ ਕੇ ਰੱਖੋ। ਇਹ ਰਿਕਾਰਡ ਆਪਣੇ ਡਾਕਟਰ ਨੂੰ ਦਿਖਾਓ।
5. ਹਰ 2 ਸਾਲ ਬਾਅਦ ਆਪਣੀਆਂ ਅੱਖਾਂ ਦੀ ਜਾਂਚ ਕਰਵਾਓ (ਸ਼ੂਗਰ ਰੋਗ ਹੌਲੀ ਹੌਲੀ ਅੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ)।
6. ਆਪਣੇ ਪੈਰਾਂ ਦੀ ਚੰਗੀ ਤਰ੍ਹਾਂ ਨਾਲ ਸਾਂਭ-ਸੰਭਾਲ ਕਰੋ (ਸ਼ੂਗਰ ਰੋਗ ਦੇ ਕਾਰਨ ਪੈਰਾਂ ਵਿੱਚ ਖ਼ੂਨ ਦਾ ਵਹਾਅ ਘੱਟ ਜਾਂਦਾ ਹੈ ਅਤੇ ਜਿਸ ਕਾਰਨ ਇਹ ਸੁੰਨ ਹੋ ਜਾਂਦੇ ਹਨ, ਜਿਸ ਕਾਰਨ ਪੈਰਾਂ ਦੇ ਜ਼ਖ਼ਮੀ ਹੋਣ ਦਾ ਬਹੁਤ ਜ਼ਿਆਦਾ ਖ਼ਤਰਾ ਹੁੰਦਾ ਹੈ)।
7. ਆਪਣੇ ਕੋਲ ਚੀਨੀ ਜਾਂ ਸੰਤਰੇ ਦਾ ਰਸ (ਜੂਸ) ਰੱਖੋ, ਜੇਕਰ ਤੁਹਾਡੇ ਖ਼ੂਨ ਦੀ ਸ਼ੂਗਰ ਘੱਟ ਹੈ ਤਾਂ ਇਸਦੀ ਵਰਤੋਂ ਕਰੋ।




**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਤੁਹਾਨੂੰ ਸ਼ੂਗਰ ਰੋਗ ਦੇ ਲੱਛਣ ਹੋਣ, ਜਿਵੇਂ ਵੀ ਸੰਭਵ ਹੋਵੇ ਉੱਚਿਤ ਜਾਂਚ ਲਈ ਜਲਦ ਤੋਂ ਜਲਦ ਡਾਕਟਰ ਨੂੰ ਦਿਖਾਓ।
2. ਜੇਕਰ ਤੁਹਾਨੂੰ ਬਲੱਡ ਸ਼ੂਗਰ ਹੈ, ਤਾਂ ਆਪਣੇ ਡਾਕਟਰ ਨੂੰ ਨਿਯਮਤ ਤੌਰ 'ਤੇ ਦਿਖਾਓ ਅਤੇ ਖ਼ੂਨ ਦਾ ਟੈਸਟ (ਹਿਮੋਗਲੋਬਿਨ ਏ-1ਸੀ) ਕਰਵਾਓ ਤਾਂ ਜੋ ਸ਼ੂਗਰ ਰੋਗ ਨੂੰ ਕਾਬੂ ਵਿੱਚ ਰੱਖਿਆ ਜਾ ਸਕੇ।
3. ਧੁੰਦਲਾ ਦਿਖਾਈ ਦੇਣਾ।
4. ਜੇਕਰ ਚਮੜੀ ਦਾ ਕੋਈ ਜ਼ਖ਼ਮ ਠੀਕ ਨਹਲ ਹੋ ਰਿਹਾ।
5. ਜੇਕਰ ਬਿਨਾਂ ਕਿਸੇ ਕਾਰਨ ਤੋਂ ਭਾਰ ਘੱਟੇ।

**ਸ਼ੂਗਰ ਦੇ ਰੋਗੀਆਂ ਲਈ ਖਾਣ ਦੇ ਨੁਕਤੇ :**

1. ਖਾਣੇ ਦਾ ਸਮਾਂ ਮੁਕਰਰ ਕਰੋ ਅਤੇ ਹਰ ਰੋਜ਼ ਉਸੇ ਸਮੇਂ ਖਾਓ।
2. ਘੱਟ ਖਾਓ ਪਰ ਦਿਨ ਵਿੱਚ ਜ਼ਿਆਦਾ ਵਾਰ ਖਾਓ।
3. ਸ਼ਰਾਬ ਨਾ ਪੀਓ।
4. ਸੰਤੁਲਿਤ ਖਾਣਾ ਖਾਓ ਜਿਸ ਵਿੱਚ ਕਾਰਬੋਹਾਈਡ੍ਰੇਟ, ਪ੍ਰੋਟੀਨ ਅਤੇ ਫੈਟ ਲੋੜੀਂਦੀ ਮਾਤ੍ਰਾ ਵਿਚ ਹੋਵੇ।
5. ਚਾਵਲ ਅਤੇ ਕਣਕ ਦੀਆਂ ਰੋਟੀਆਂ ਸ਼ੂਗਰ ਨੂੰ ਵਧਾਉਂਦੀਆਂ ਹਨ, ਇਸ ਕਰਕੇ ਘੱਟ ਅਤੇ ਲੋੜੀਂਦੀ ਮਾਤਰਾ ਵਿਚ ਹੀ ਖਾਓ।

**ਸ਼ੂਗਰ ਦਾ ਘਟਣਾ**

ਸ਼ੂਗਰ ਦਾ ਘਟਣਾ, ਸ਼ੂਗਰ ਦੇ ਵਧਣ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੋ ਸਕਦਾ ਹੈ। ਸ਼ੂਗਰ ਦੇ ਹਰ ਰੋਗੀ ਨੂੰ ਖ਼ੂਨ ਵਿਚ ਘੱਟ ਸ਼ੂਗਰ ਬਾਰੇ ਜਾਣਕਾਰ ਹੋਣਾ ਬਹੁਤ ਜ਼ਰੂਰੀ ਹੈ।

**ਕਾਰਨ :**

1. ਜਦੋਂ ਤੁਸੀਂ ਲੋੜ ਤੋਂ ਵੱਧ ਸ਼ੂਗਰ ਦੀ ਦਵਾਈ ਲੈਂਦੇ ਹੋ।
2. ਜਦੋਂ ਤੁਸੀਂ ਬਹੁਤ ਜ਼ਿਆਦਾ ਸਮਾਂ ਭੁੱਖੇ ਰਹਿੰਦੇ ਹੋ।
3. ਜ਼ਿਆਦਾ ਸਰੀਰਕ ਕੰਮ ਜਾਂ ਕਸਰਤ ਤੋਂ ਬਾਅਦ।

**ਲੱਛਣ :**

ਜੇਕਰ ਤੁਹਾਨੂੰ ਹੇਠ ਲਿਖੇ ਲੱਛਣ ਹਨ ਤਾਂ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਘੱਟ ਹੋ ਸਕਦੀ ਹੈ :

1. ਥਕਾਵਟ ਅਤੇ ਕਮਜ਼ੋਰੀ।
2. ਪਸੀਨਾ ਆਉਣਾ।
3. ਪੇਟ ਵਿਚ ਭੁੱਖ ਕਾਰਨ ਖੋਹ ਪੈਣੀ।
4. ਦਿਲ ਦੀ ਧੜਕਣ ਦਾ ਵਧਣਾ।
5. ਧੁੰਦਲਾ ਦਿਖਾਈ ਦੇਣਾ।
6. ਦਿਮਾਗ਼ ਦੀ ਉਲਝਣ (ਕਨਫ਼ਿਉਜ਼ਨ)।

**ਘਰੇਲੂ ਇਲਾਜ :**

ਸੰਤਰੇ ਦਾ ਜੂਸ ਪੀਓ, ਕੋਈ ਵੀ ਮਿੱਠੀਆਂ ਗੋਲੀਆਂ, ਚੀਨੀ ਜਾਂ ਕੁਝ ਵੀ ਹੋਰ ਭੋਜਨ ਜਲਦੀ ਤੋਂ ਜਲਦੀ ਖਾਓ। ਬਲੱਡ ਸ਼ੂਗਰ ਦਾ ਟੈਸਟ ਲਗਾਤਾਰ ਥੋੜ੍ਹੀ ਥੋੜ੍ਹੀ ਦੇਰ ਬਾਅਦ ਕਰਦੇ ਰਹੋ ਅਤੇ ਦਵਾਈ ਦੀ ਮਾਤਰਾ ਠੀਕ ਕਰਨ ਲਈ ਡਾਕਟਰ ਦੀ ਸਲਾਹ ਲਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

ਜੇਕਰ ਤੁਹਾਨੂੰ ਵਾਰ ਵਾਰ ਸ਼ੂਗਰ ਦੇ ਘਟਣ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਦਵਾਈ ਦੀ ਮਾਤਰਾ ਠੀਕ ਕਰਨ ਲਈ ਆਪਣੇ ਡਾਕਟਰ ਦੀ ਸਲਾਹ ਲਓ।

**ਡਾਇਬੀਟੀਜ਼ (ਸ਼ੂਗਰ) ਅਤੇ ਪੈਰਾਂ ਦੀ ਸੰਭਾਲ**

ਡਾਇਬੀਟੀਜ਼ (ਸ਼ੂਗਰ) ਦੇ ਮਰੀਜ਼ਾਂ ਲਈ ਪੈਰਾਂ ਦੀ ਖ਼ਾਸ ਸਾਂਭ-ਸੰਭਾਲ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ :

1. ਇਹ ਬਿਮਾਰੀ ਨਸਾਂ 'ਤੇ ਪ੍ਰਭਾਵ ਪਾਉਂਦੀ ਹੈ, ਇਸ ਕਰਕੇ ਪੈਰ ਸੁੰਨ ਹੋ ਜਾਂਦੇ ਹਨ। ਸੁੰਨ ਹੋਏ ਪੈਰਾਂ ਵਿੱਚ ਸੱਟ ਜਾਂ ਹੋਰ ਜ਼ਖ਼ਮ ਹੋਣ ਬਾਰੇ ਮਹਿਸੂਸ ਨਹੀਂ ਹੁੰਦਾ।
2. ਸ਼ੂਗਰ ਦੇ ਮਰੀਜ਼ ਸੱਟ ਜਾਂ ਇਨਫ਼ੈਕਸ਼ਨ ਤੋਂ ਠੀਕ ਹੋਣ ਲਈ ਆਮ ਨਾਲੋਂ ਕਾਫ਼ੀ ਵੱਧ ਸਮਾਂ ਲੈਂਦੇ ਹਨ।

**ਇਹ ਕਰੋ :**

1. ਪੈਰਾਂ ਨੂੰ ਰੋਜ਼ਾਨਾ ਚੈੱਕ ਕਰੋ ਤਾਂ ਕਿ ਕੋਈ ਸੱਟ, ਛਾਲਾ ਜਾਂ ਜ਼ਖ਼ਮ ਹੋਣ ਬਾਰੇ ਜਲਦੀ ਪਤਾ ਲੱਗ ਸਕੇ।
2. ਆਪਣੇ ਪੈਰ ਰੋਜ਼ਾਨਾ ਸਾਫ਼ ਕਰੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਮਾਰਕ ਕਾਰਨੀ ਬਣੇ ਕੈਨੇਡਾ ਦੇ ਪ੍ਰਧਾਨ ਮੰਤਰੀ, ਨਵੇਂ ਮੰਤਰੀ ਮੰਡਲ ਨੇ ਲਿਆ ਹਲ਼ਫ

• ਭਾਰਤੀ ਮੂਲ ਦੀ ਅਨੀਤਾ ਅਨੰਦ ਵਿਦੇਸ਼ ਮੰਤਰੀ • ਮਨਿੰਦਰ ਸਿੱਧੂ ਵਪਾਰ ਮੰਤਰੀ • ਰਣਦੀਪ ਸਿੰਘ ਸਰਾਏ ਤੇ ਰੂਬੀ ਸਹੋਤਾ ਬਣੇ ਰਾਜ ਮੰਤਰੀ • ਲੀਨਾ ਮੈਟਲਿਜ ਡਿਆਬ ਨਵੇਂ ਇੰਮੀਗ੍ਰੇਸ਼ਨ ਮੰਤਰੀ



ਟੋਰਾਂਟੋ : ਕੈਨੇਡਾ ਵਿਚ ਬੀਤੇ ਮਹੀਨੇ 28 ਅਪ੍ਰੈਲ ਨੂੰ ਹੋਈ ਸੰਸਦੀ ਚੋਣ ਤੋਂ ਬਾਅਦ ਲਿਬਰਲ ਪਾਰਟੀ ਨੂੰ ਲਗਾਤਾਰ ਚੌਥੀ ਵਾਰੀ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਹੈ। ਪਾਰਟੀ ਆਗੂ ਮਾਰਕ ਕਾਰਨੀ ਦੀ ਅਗਵਾਈ ਵਿਚ ਹਾਊਸ ਆਫ ਕਾਮਨਜ਼ (ਲੋਕ ਸਭਾ) ਦੀਆਂ 343 ਵਿਚੋਂ 170 ਸੀਟਾਂ ਲਿਬਰਲ ਪਾਰਟੀ ਨੇ ਜਿੱਤੀਆਂ ਹਨ ਪਰ ਸਦਨ ਵਿਚ ਅਸਾਨ ਬਹੁਮੱਤ ਲਈ 172 ਸੀਟਾਂ ਜਰੂਰੀ ਹਨ। ਅਜੇ 3 ਸੀਟਾਂ ਦੀਆਂ ਵੋਟਾਂ ਦੁਬਾਰਾ ਗਿਣੀਆਂ ਜਾ ਰਹੀਆਂ ਹਨ, ਜਿੱਥੇ ਵੀਰਵਾਰ ਤੱਕ ਸਥਿਤੀ ਸਪੱਸ਼ਟ ਹੋ ਜਾਣ ਦੀ ਸੰਭਾਵਨਾ ਹੈ। ਇਸੇ ਦੌਰਾਨ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਦੇਸ਼ ਦੀ ਗਵਰਨਰ ਜਨਰਲ ਮੈਰੀ ਸਾਈਮਨ ਦੀ ਅਗਵਾਈ ਵਿਚ ਰਿਡੋ ਹਾਲ ਅੰਦਰ ਸ੍ਰੀ ਕਾਰਨੀ ਦੇ ਮੰਤਰੀ ਮੰਡਲ ਲਈ ਸਹੁੰ-ਚੁੱਕ ਸਮਾਗਮ ਹੋਇਆ। ਗਵਰਨਰ ਸਾਈਮਨ ਤੇ ਸ੍ਰੀ ਕਾਰਨੀ ਦੀ ਮੌਜੂਦਗੀ ਵਿਚ ਕੈਬਨਿਟ ਮੰਤਰੀਆਂ ਨੇ ਸਹੁੰ ਚੁੱਕੀ ਜਿਨ੍ਹਾਂ ਵਿਚ ਓਕਵਿੱਲ ਤੋਂ ਭਾਰਤੀ ਭਾਈਚਾਰੇ ਦੀ ਚਰਚਿਤ ਸੰਸਦ ਮੈਂਬਰ ਅਨੀਤਾ ਇੰਦਰਾ ਆਨੰਦ ਨੂੰ ਕੈਨੇਡਾ ਦੀ ਵਿਦੇਸ਼ ਮੰਤਰੀ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਲੀਨਾ ਮੈਟਲਿਜ ਡਿਆਬ ਕੈਨੇਡਾ ਦੇ ਨਵੇਂ ਇੰਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਮੰਤਰੀ ਬਣੇ ਹਨ। ਮੈਂਡੀ ਗੁਲ ਮੈਸਟੀ ਨੂੰ ਆਦੀਵਾਸੀ ਸੇਵਾਵਾਂ ਦਾ ਮੰਤਰਾਲਾ ਦਿੱਤਾ ਗਿਆ ਹੈ। ਸ਼ਾਨ ਫਰੇਜ਼ਰ (ਸਾਬਕਾ ਇੰਮੀਗ੍ਰੇਸ਼ਨ ਮੰਤਰੀ) ਹੁਣ ਦੇਸ਼ ਦੇ ਨਿਆਂ ਤੇ ਕਾਨੂੰਨ ਮੰਤਰੀ ਤੇ ਡੇਵਿਡ ਜੋਸਫ ਮਗਿੰਟੀ ਕੈਨੇਡਾ ਦੇ ਰੱਖਿਆ ਮੰਤਰੀ ਬਣੇ ਹਨ। ਸਟੀਵਨ ਗਿਲਬੋਲਟ ਨੂੰ ਕੈਨੇਡੀਅਨ ਪਛਾਣ, ਸੱਭਿਆਚਾਰ, ਤੇ ਸਰਕਾਰੀ ਭਾਸ਼ਾਵਾਂ ਦੇ ਮੰਤਰੀ ਬਣਾਇਆ ਗਿਆ ਹੈ। ਕ੍ਰਿਸਟੀਆ ਫਰੀਲੈਂਡ (ਸਾਬਕਾ ਉੱਪ ਪ੍ਰਧਾਨ ਮੰਤਰੀ) ਆਵਾਜਾਈ ਮੰਤਰੀ ਬਣੇ ਹਨ। ਸਟੀਵਨ ਮੈਕਿਨਨ ਸਦਨ ਵਿਚ ਸਰਕਾਰ ਦੇ ਆਗੂ ਬਣੇ ਹਨ। ਸ੍ਰੀਲੰਕਾ ਤੋਂ ਤਾਮਿਲ ਭਾਈਚਾਰੇ ਨਾਲ ਸਬੰਧਿਤ ਸਕਾਰਬਰੋ ਦੇ ਸੰਸਦ ਮੈਂਬਰ ਗੈਰੀ ਆਨੰਦਾਸਾਂਗਰੀ ਦੇਸ਼ ਦੇ ਜਨਤਕ ਸੁਰੱਖਿਆ ਮੰਤਰੀ ਤੇ ਜੂਲੀ ਡਬਰੂਸਿਨ ਵਾਤਾਵਰਨ ਮੰਤਰੀ ਬਣੇ ਹਨ। ਵੈਨਕੂਵਰ ਤੋਂ ਗਰੇਗੋਰ ਰੌਬਰਟਸਨ ਨੂੰ ਬੁਨਿਆਦੀ ਸਹੂਲਤਾਂ ਦੇ ਮੰਤਰੀ ਤੇ ਕਿਊਬਿਕ 'ਚ ਜਸਟਿਨ ਟਰੂਡੋ ਵਲੋਂ ਖਾਲੀ ਕੀਤੀ ਗਈ ਸੰਸਦੀ ਸੀਟ, ਪਾਪੀਨੋ ਤੋਂ ਨਵੀਂ ਸੰਸਦ ਮੈਂਬਰ ਬਣੀ ਮਾਰਜੋਰੀ ਮਿਸ਼ੇਲ ਦੇਸ਼ ਦੇ ਸਿਹਤ ਮੰਤਰੀ ਬਣੇ ਹਨ। ਜਿਲ ਮੈਕਨਾਈਟ ਨੂੰ ਸਾਬਕਾ ਫੌਜੀਆਂ ਤੇ ਰੱਖਿਆ ਮਾਮਲਿਆਂ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਹੀਥ ਮੈਕਡੋਨਾਲਡ ਕੈਨੇਡਾ ਦੇ ਨਵੇਂ ਖੇਤੀ, ਖੇਤੀ-ਖੁਰਾਕ ਮੰਤਰੀ ਬਣੇ ਹਨ। ਮਾਰਖਮ ਤੋਂ ਟਿਮ ਹੌਡਗਸਨ ਊਰਜਾ ਤੇ ਕੁਦਰਤੀ ਸਾਧਨਾਂ ਦੇ ਮੰਤਰੀ ਬਣੇ ਹਨ ਮਨਿੰਦਰ ਸਿੱਧੂ ਨੂੰ ਕੈਨੇਡਾ ਦੇ ਇੰਟਰਨੈਸ਼ਨਲ ਟਰੇਡ ਮੰਤਰੀ ਬਣਾਇਆ ਗਿਆ ਹੈ। ਬਰੈਂਪਟਨ-ਚਿੰਗੂਜੀ ਤੋਂ ਪਾਕਿਸਤਾਨੀ ਪੰਜਾਬ ਮੂਲ ਦੇ ਸੰਸਦ ਮੈਂਬਰ ਸ਼ਫਕਤ ਅਲੀ ਕੈਨੇਡਾ ਦੇ ਖਜ਼ਾਨਾ ਬੋਰਡ ਦੇ ਮੁਖੀ ਭਾਵ ਟਰੈਜਰੀ ਬੋਰਡ ਦੇ ਪ੍ਰੈਜ਼ੀਡੈਂਟ ਬਣੇ ਹਨ। ਟੋਰਾਂਟੋ ਤੋਂ ਟੈਲੀਵਿਜ਼ਨ ਦੇ ਨਾਮਵਰ ਹਸਤੀ ਏਵਨ ਸੋਲੋਮਨ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਦੱਖਣੀ ਉਂਟਾਰੀਓ ਲਈ ਕੇਂਦਰੀ ਆਰਥਿਕ ਵਿਕਾਸ ਏਜੰਸੀ ਦੇ ਮੰਤਰੀ ਬਣਾਇਆ ਗਿਆ ਹੈ। ਬਰੈਂਪਟਨ ਉੱਤਰੀ-ਕੈਲੇਡਨ ਹਲਕੇ ਤੋਂ ਸੰਸਦ ਮੈਂਬਰ ਰੂਬੀ ਸਹੋਤਾ ਨੂੰ ਜੁਰਮ ਨਾਲ ਸਿੱਝਣ ਲਈ ਰਾਜ ਮੰਤਰੀ ਬਣਾਇਆ ਗਿਆ ਹੈ। ਸਸਕੈਚਵਾਨ ਤੋਂ ਬਕਲੀ ਬੇਲਾਂਜਰ ਨੂੰ ਪੇਂਡੂ ਵਿਕਾਸ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਤੋਂ ਸਟੇਫਾਨੀ ਮੈਕਲੇਨ ਨੂੰ ਸੀਨੀਅਰਜ਼ (ਬਜ਼ੁਰਗਾਂ) ਲਈ ਰਾਜ ਮੰਤਰੀ ਬਣਾਇਆ ਗਿਆ ਹੈ । ਵੇਅਨ ਲਾਂਗ ਨੂੰ ਕਰ ਤੇ ਵਿੱਤੀ ਅਦਾਰਿਆਂ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਸਰੀ ਸੈਂਟਰ ਤੋਂ 2015 ਤੋਂ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਨੂੰ ਅੰਤਰਰਾਸ਼ਟਰੀ ਵਿਕਾਸ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਸ੍ਰੀ ਕਾਰਨੀ ਦੀ ਨਵੀਂ ਕੈਬਨਿਟ ਵਿਚ 28 ਮੰਤਰੀ ਤੇ 10 ਰਾਜ ਮੰਤਰੀ ਸ਼ਾਮਿਲ ਹਨ ਜਿਨ੍ਹਾਂ ਵਿਚ 13 ਨਵੇਂ ਪਹਿਲੀ ਵਾਰੀ ਚੁਣੇ ਗਏ ਸੰਸਦ ਮੈਂਬਰ ਸ਼ਾਮਿਲ ਕੀਤੇ ਗਏ ਹਨ। ਮੰਤਰੀਆਂ ਨੇ ਕਿੰਗ ਚਾਰਲਸ-ਤੀਸਰੇ ਪ੍ਰਤੀ ਫੇਥਫੁੱਲ ਰਹਿਣ ਤੇ ਅਹੁਦੇ ਦੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕੀ ਹੈ। ਸੀਨੀਅਰ ਮੰਤਰੀਆਂ ਦੇ ਮੰਡਲ ਵਿਚ 14 ਆਦਮੀ ਤੇ 14 ਔਰਤਾਂ ਹਨ। ਭਾਰਤੀ ਮੂਲ ਦੇ ਸੰਸਦ ਮੈਂਬਰਾਂ ਵਿਚ ਅਨੀਤਾ ਅਨੰਦ ਤੇ ਮਨਿੰਦਰ ਸਿੱਧੂ ਨੂੰ ਕੈਬਨਿਟ ਵਿਚ ਸੁਤੰਤਰ ਮੰਤਰਾਲੇ ਦਿੱਤੇ ਗਏ ਹਨ। ਰਣਦੀਪ ਸਰਾਏ, ਰੂਬੀ ਸਹੋਤਾ ਨੂੰ ਰਾਜ ਮੰਤਰੀਆਂ ਵਜੋਂ ਕੈਬਨਿਟ ਵਿਚ ਰੱਖਿਆ ਗਿਆ ਹੈ। ਮੈਲਾਨੀ ਜੋਲੀ ਨੂੰ ਉਦਯੋਗ ਮੰਤਰੀ ਬਣਾਇਆ ਗਿਆ ਹੈ। ਸਰਕਾਰ ਦਾ ਰਸਮੀ ਕਾਰਜ ਸੰਭਾਲਣ ਮਗਰੋਂ ਸ੍ਰੀ ਕਾਰਨੀ ਨੂੰ ਦੇਸ਼ ਤੇ ਵਿਦੇਸ਼ਾਂ ਤੋਂ ਵਧਾਈ ਸੰਦੇਸ਼ ਵੀ ਪ੍ਰਾਪਤ ਹੋ ਰਹੇ ਹਨ । ਕੈਨੇਡਾ ਦੀ ਨਵੀਂ ਚੁਣੀ ਹੋਈ 45ਵੀਂ ਸੰਸਦ ਦਾ ਪਹਿਲਾ ਸੈਸ਼ਨ 26 ਮਈ ਨੂੰ ਸ਼ੁਰੂ ਹੋਵੇਗਾ ਅਤੇ ਮਹਾਰਾਜਾ ਚਾਰਲਸ-ਤੀਸਰੇ 27 ਮਈ ਨੂੰ ਸੰਸਦ ਦੇ ਸੈਸ਼ਨ ਨੂੰ ਸੰਬੋਧਨ ਕਰਨਗੇ।

## ਕੈਨੇਡਾ ਦੀ ਨਵੀਂ ਸਰਕਾਰ 'ਚ ਚਾਰ ਪੰਜਾਬੀ






ਵੈਨਕੂਵਰ : ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫ਼ਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਿਨ ਕੀਤਾ ਹੈ ਜਿਸ ਵਿੱਚ ਚਾਰ ਪੰਜਾਬੀਆਂ ਮਨਿੰਦਰ ਸੱਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ।

ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ ਮੰਤਰੀ ਕੌਮਾਂਤਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਸੰਸਦ ਮੈਂਬਰ ਮਨਿੰਦਰ ਸਿੱਧੂ (ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਅਪਰਾਧ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਟਰਾਂਸਪੋਰਟ ਤੇ ਵਪਾਰ ਵਿਭਾਗ ਦਿੱਤਾ ਗਿਆ ਹੈ।

ਓਂਟਾਰੀਓ ਦੇ ਟੋਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਥਾਂ ਮਿਲੀ ਹੈ। ਇਸ ਦੌਰਾਨ ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਹਲਫ਼ਦਾਰੀ ਸਮਾਗਮ ਹੋਇਆ। ਹਰੇਕ ਮੰਤਰੀ ਹਲਫ਼ ਲੈਣ ਮਗਰੋਂ ਅਹਿਦਨਾਮੇ 'ਤੇ ਦਸਤਖਤ ਕਰਕੇ ਆਪਣੀਆਂ ਸੀਟਾਂ 'ਤੇ ਬੈਠਦੇ ਰਹੇ।

ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂਕਿ, 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੌਲੀ ਤੇ ਸੀਆਨ ਫਰੇਜ਼ਰ ਮੁੜ ਮੰਤਰੀ ਬਣੇ ਹਨ। ਇੰਦਰਾ ਅਨੀਤਾ ਅਨੰਦ ਨੂੰ ਮੁੜ ਵਿਦੇਸ਼ ਵਿਭਾਗ ਸੌਂਪਿਆ ਗਿਆ ਹੈ। ਡੇਵਿਡ ਜੋਸਫ਼ ਨੂੰ ਰੱਖਿਆ ਮੰਤਰਾਲਾ ਦਿੱਤਾ ਗਿਆ ਹੈ।

# ਇਕ ਚੰਦਰੀ ਬੁੜ੍ਹੀ ਵਰਗੇ ਨਾ ਬਣੀਏਂ ਆਪਾਂ !



ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਇਹ ਸਿਰਲੇਖ ਪੜ੍ਹਕੇ ਸ਼ਾਇਦ ਪਾਠਕਾਂ ਦੇ ਮਨ ਵਿਚ ਉਹ ਮਾਈ ਆ ਗਈ ਹੋਵੇਗੀ ਜਿਹਨੂੰ ਸਦਾ ਚੰਦਰੇ ਬੋਲ ਬੋਲਣ ਦੀ ਆਦਤ ਕਰਕੇ ਘਰ ਵਾਲਿਆਂ ਨੇ ਮੁੰਡੇ ਦੀ ਜੰਞ ਚੜ੍ਹਨ ਵੇਲੇ ਕਮਰੇ ਅੰਦਰ ਡੱਕ ਦਿੱਤਾ ਸੀ। ਪਰ ਸਾਰੀਆਂ ਰਸਮਾਂ ਨੇਪਰੇ ਚੜ੍ਹਨ 'ਤੇ ਜਦ ਉਹਨੂੰ ਅੰਦਰੋਂ ਬਾਹਰ ਕੱਢਿਆ ਗਿਆ ਸੀ, ਉਹਨੇ ਫੇਰ ਵੀ ਵਿਆਹਾਂਦੜ ਮੁੰਡੇ ਦੇ ਘੋੜੀ ਚੜ੍ਹਨ ਵੇਲੇ, ਸਿਰ ਸਜੇ ਸਿਹਰੇ 'ਚ ਨੁਕਸ ਕੱਢ ਦਿੱਤਾ ਸੀ-"ਵੇ ਆਹ ਸਿਹਰੇ ਨੂੰ ਤਾਂ ਸਹੀ ਤਰ੍ਹਾਂ 'ਅੱਗ ਲਾ ਲੈ' ਪਹਿਲਾਂ ?

ਏਦਾਂ ਦੀ ਹੀ ਫਿਤਰਤ ਵਾਲੀ ਮਾਤਾ ਸੀ ਮੇਰੇ ਇਕ ਜਾਣੂ ਸੱਜਣ ਦੀ। ਮੈਂ ਤੇ ਮੇਰਾ ਜਾਣੂ ਅਸੀਂ ਦੋਵੇਂ ਕਿਸੇ ਦੇ ਘਰੋਂ ਅਫਸੋਸ ਕਰਕੇ ਆ ਰਹੇ ਸਾਂ ਉਹ ਮੈਨੂੰ ਦੱਸੇ ਅਖੇ ਯਾਰ ਕਿਆ ਗੱਲ ਕਰਨੀ ਐਂ. ਜੇ ਪਿੰਡ 'ਚ ਕੋਈ ਮੌਤ ਹੋ ਜਾਵੇ ਤਾਂ ਸਾਡੀ ਮਾਈ ਨੂੰ ਚਾਅ ਈ ਚੜ੍ਹ ਜਾਂਦਾ ਐ !

ਹਥਲੇ ਸਾਰੇ ਜਰੂਰੀ ਕੰਮ ਛੱਡ ਕੇ ਉਹ ਗਲੀਉ ਗਲੀ ਗੇੜੀ ਮਾਰਦੀ ਫਿਰਦੀ ਹੈ!

'ਕੁੜੇ ਬਚਿੰਤੀਏ ਪਤਾ ਲੱਗਾ ਤੈਨੂੰ ? ਫਲਾਣਾ ਸੂੰਹ ਸੁੱਤਾ ਪਿਆ ਈ ਰਹਿ ਗਿਆ ਕਹਿੰਦੇ.!'

ਕੰਮੀਂ ਕਾਰੀਂ ਤੁਰੇ ਜਾਂਦਿਆਂ ਨੂੰ ਰੋਕ ਰੋਕ ਦੱਸੂਗੀ-'ਵੇ ਬੁੱਘਿਆ, ਕਹਿੰਦੇ ਫਲਾਣਾ ਫੁੜ੍ਹਕ ਗਿਆ ਰਾਤੀਂ.!'

ਕਿਸੇ ਦਾ ਦਰਵਾਜਾ ਖੜਕਾ ਕੇ 'ਭੈਣੇ ਘਰੇ ਈ ਐਂ ?' ਪੁੱਛਦਿਆਂ ਮਰ ਗਏ ਪ੍ਰਾਣੀ ਦੀ ਸੂਚਨਾ ਦਊਗੀ!

'ਹੈ ਹੈ ਕੁੜੇ. ਖੌਰੇ ਇਲਾਜ ਖੁਣੋਂ ਈ ਚੱਲ ਵਸਿਆ ਫਲਾਣਾ..!'

ਜਾਣੂ ਮਿੱਤਰ ਕਹਿੰਦਾ, ਇੰਜ ਸਾਡੀ ਮਾਈ ਅੱਧੇ ਕੁ ਪਿੰਡ ਨੂੰ 'ਸੁਣਾਉਣੀ' ਸੁਣਾ ਕੇ ਫੇਰ ਮ੍ਰਿਤਕ ਦੇ ਘਰੇ ਜਾਂਦੀ ਹੁੰਦੀ ਐ!

ਸਿਆਣੇ ਕਹਿੰਦੇ ਨੇ ਭਾਵੇਂ ਉਹ ਸੱਚੀ ਹੀ ਹੋਵੇ ਪਰ ਚੰਦਰੀ ਗੱਲ ਮੂੰਹੋਂ ਵੀ ਨਹੀਂ ਕੱਢੀ ਦੀ !ਜਿਵੇਂ ਸਾਡੇ ਪਿੰਡਾਂ ਵਿਚ ਕੈਂਸਰ ਤੋਂ ਪੀੜਤ ਮਰੀਜ਼ ਬਾਰੇ ਏਦਾਂ ਕਿਹਾ ਜਾਂਦਾ ਹੈ ਕਿ ਫਲਾਣੇ ਨੂੰ 'ਚੰਦਰੀ ਬੀਮਾਰੀ' ਲੱਗ ਗਈ ਹੈ!

ਮੇਰੇ ਕਹਿਣ ਦਾ ਮਤਲਬ ਹੈ ਕਿ ਕਲਹਿਣੇ ਜੰਗ ਦੀਆਂ ਮਨਹੂਸ ਖਬਰਾਂ/ਜਾਣਕਾਰੀਆਂ ਚਾਮਹਿਲ ਚਾਮਹਿਲ ਕੇ ਅੱਗੇ ਤੋਂ ਅੱਗੇ ਨਾ ਫੈਲਾਈਆਂ ਜਾਣ!

# ਆਈ. ਪੀ. ਐਲ. 17 ਮਈ ਤੋਂ ਮੁੜ ਸ਼ੁਰੂ ਹੋਵੇਗਾ, ਫਾਈਨਲ 3 ਜੂਨ ਨੂੰ -ਬੀ. ਸੀ. ਸੀ. ਆਈ.




ਨਵੀਂ ਦਿੱਲੀ : ਬੀ.ਸੀ.ਸੀ.ਆਈ. ਨੇ ਸੋਮਵਾਰ ਨੂੰ ਆਈ.ਪੀ.ਐਲ. ਸੀਜ਼ਨ 17 ਮਈ ਤੋਂ ਛੇ ਥਾਵਾਂ 'ਤੇ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ਤੇ ਫਾਈਨਲ 3 ਜੂਨ ਨੂੰ ਸੋਧੇ ਹੋਏ ਸ਼ਡਿਊਲ ਅਨੁਸਾਰ ਹੋਵੇਗਾ। ਆਈਪੀਐਲ 8 ਮਈ ਨੂੰ ਪੰਜਾਬ ਕਿੰਗਜ਼ ਤੇ ਦਿੱਲੀ ਕੈਪੀਟਲਜ਼ ਵਿਚਕਾਰ ਮੈਚ ਰੱਦ ਹੋਣ ਤੋਂ ਬਾਅਦ ਰੋਕ ਦਿੱਤਾ ਗਿਆ ਸੀ ਕਿਉਂਕਿ ਪਾਕਿਸਤਾਨ ਨੇ ਚੰਡੀਗੜ੍ਹ ਦੇ ਨੇੜੇ ਭਾਰਤੀ ਹਵਾਈ ਖੇਤਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਕਾਰਨ ਸਟੇਡੀਅਮ ਵਿਚ ਬਲੈਕਆਊਟ ਹੋ ਗਿਆ ਸੀ। ਇਹ ਮੈਚ ਹੁਣ 24 ਮਈ ਨੂੰ ਜੈਪੁਰ ਵਿਚ ਖੇਡਿਆ ਜਾਵੇਗਾ। ਬੀ.ਸੀ.ਸੀ.ਆਈ. ਟਾਟਾ ਆਈ.ਪੀ.ਐਲ. 2025 ਦੀ ਮੁੜ ਸ਼ੁਰੂਆਤ ਦਾ ਐਲਾਨ ਕਰਦੇ ਹੋਏ ਖੁਸ਼ ਹੈ। ਸਰਕਾਰ ਤੇ ਸੁਰੱਖਿਆ ਏਜੰਸੀਆਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ, ਅਤੇ ਸਾਰੇ ਮੁੱਖ ਹਿੱਸੇਦਾਰਾਂ ਨਾਲ, ਬੋਰਡ ਨੇ ਸੀਜ਼ਨ ਦੇ ਬਾਕੀ ਸਮੇਂ ਨੂੰ ਅੱਗੇ ਵਧਾਉਣ ਦਾ ਫੈਸਲਾ ਕੀਤਾ ਹੈ, ਬੋਰਡ ਨੇ ਇੱਕ ਬਿਆਨ ਵਿਚ ਕਿਹਾ। ਲੀਗ ਦੇ ਮੁੜ ਸ਼ੁਰੂ ਹੋਣ ਤੋਂ ਬਾਅਦ ਪਹਿਲਾ ਮੈਚ 17 ਮਈ ਨੂੰ ਬੰਗਲੂਰੂ ਵਿਚ ਰਾਇਲ ਚੈਲੇਂਜਰਜ਼ ਬੈਂਗਲੂਰੂ ਤੇ ਚੇਨਈ ਸੁਪਰ ਕਿੰਗਜ਼ ਵਿਚਕਾਰ ਹੋਵੇਗਾ। ਸੋਧੇ ਹੋਏ ਸ਼ਡਿਊਲ ਅਨੁਸਾਰ ਲੀਗ ਮੈਚਾਂ ਲਈ ਛੇ ਥਾਵਾਂ 'ਤੇ ਹੋਣਗੇ: ਬੈਂਗਲੂਰੂ, ਜੈਪੁਰ, ਦਿੱਲੀ, ਲਖਨਊ, ਅਹਿਮਦਾਬਾਦ ਤੇ ਮੁੰਬਈ। ਪਲੇਅਆਫ ਮੈਚਾਂ ਲਈ ਸਥਾਨਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਛੇ ਥਾਵਾਂ 'ਤੇ ਕੁੱਲ 17 ਮੈਚ ਖੇਡੇ ਜਾਣਗੇ ਤੇ ਸੋਧੇ ਹੋਏ ਸ਼ਡਿਊਲ ਵਿਚ ਦੋ ਡਬਲ-ਹੈਡਰ ਸ਼ਾਮਿਲ ਹਨ, ਜੋ ਕਿ ਦੋ ਐਤਵਾਰ ਨੂੰ ਖੇਡੇ ਜਾਣਗੇ।

# ਪਾਕਿ ਵੱਲੋਂ ਨਾਗਰਿਕ ਖੇਤਰਾਂ ਤੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਖਿਲਾਫ਼ ਪ੍ਰਦਰਸ਼ਨ

## ਸੰਸਦ ਮੈਂਬਰ ਗੁਰਜੀਤ ਔਜਲਾ ਦੀ ਅਗਵਾਈ 'ਚ ਸ਼ਾਹਬਾਜ਼ ਤੇ ਮੁਨੀਰ ਦੇ ਪੁਤਲੇ ਸਾੜੇ



ਅੰਮ੍ਰਿਤਸਰ : ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਪਾਕਿਸਤਾਨ ਸਰਕਾਰ ਵੱਲੋਂ ਨਾਗਰਿਕ ਖੇਤਰਾਂ ਅਤੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਨਾਲ ਨਿਹੰਗ ਸਿੱਖਾਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਪਾਕਿਸਤਾਨ ਨੂੰ ਸਿੱਖ ਭਾਈਚਾਰੇ ਨੂੰ ਵੰਡਣ ਵਿਰੁੱਧ ਚੇਤਾਵਨੀ ਦਿੱਤੀ।

ਇਸ ਮੌਕੇ ਪ੍ਰਦਰਸ਼ਨਕਾਰੀਆ ਨੇ ਪਾਕਿਸਤਾਨੀ ਫੌਜ ਦੇ ਮੁਖੀ ਅਸੀਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਅਗਵਾਈ ਵਾਲੀ ਉਨ੍ਹਾਂ ਦੀ ਸਰਕਾਰ ਦਾ ਪੁਤਲਾ ਸਾੜਿਆ ਅਤੇ ਨਾਅਰੇਬਾਜ਼ੀ ਵੀ ਕੀਤੀ।

ਸ੍ਰੀ ਔਜਲਾ ਨੇ ਕਿਹਾ ਕਿ ਪਾਕਿਸਤਾਨੀ ਫੌਜ ਜੰਮੂ-ਕਸ਼ਮੀਰ ਤੋਂ ਰਾਜਸਥਾਨ ਅਤੇ ਗੁਜਰਾਤ ਤੱਕ ਨਾਗਰਿਕ ਖੇਤਰਾਂ ਅਤੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਸਿੱਖ ਭਾਈਚਾਰੇ ਨੂੰ ਵੰਡਣ ਲਈ ਝੂਠਾ ਪ੍ਰਚਾਰ ਵੀ ਕਰ ਰਹੀ ਹੈ। ਉਹ ਇਹ ਝੂਠਾ ਪ੍ਰਚਾਰ ਕਰ ਰਹੇ ਹਨ ਕਿ ਪਾਕਿਸਤਾਨ ਫੌਜ ਸਿੱਖਾਂ 'ਤੇ ਹਮਲਾ ਨਹੀਂ ਕਰ ਰਹੀ ਹੈ ਜਦੋਂ ਕਿ ਪੁਣਛ ਵਿਚ ਗੁਰਦੁਆਰੇ ਤੇ ਹਮਲਾ ਕੀਤਾ ਹੈ, ਜਿਥੇ ਕਈ ਸਿੱਖ ਮਾਰੇ ਗਏ ਹਨ ਅਤੇ ਜ਼ਖਮੀ ਵੀ ਹੋਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਜਾਬੀ ਭਾਰਤ ਦੇ ਨਾਲ ਖੜ੍ਹੇ ਹਨ ਅਤੇ ਉਹ ਉਨ੍ਹਾਂ ਦੇ ਨਾਪਾਕ ਮਨਸੂਬਿਆਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬ ਨੇ ਕਦੇ ਵੀ ਪਾਕਿਸਤਾਨੀ ਫੌਜਾਂ ਨੂੰ ਭਾਰਤ ਵਿੱਚ ਦਾਖਲ ਨਹੀਂ ਹੋਣ ਦਿੱਤਾ ਅਤੇ ਇਸ ਵਾਰ ਵੀ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਦੇ ਲੋਕਾ ਦਾ ਮਨੋਬਲ ਉਚਾ ਹੈ ਅਤੇ ਉਹ ਇਸ ਔਖੀ ਘੜੀ ਵਿਚ ਸੀਮਾ ਸੁਰੱਖਿਆ ਬਲ ਅਤੇ ਫੌਜ ਨਾਲ ਖੜ੍ਹੇ ਹਨ।

# ਵਿਧਾਇਕ ਤੇ ਐੱਸਐੱਸਪੀ ਦੇ ਭਰੋਸੇ ਮਗਰੋਂ ਡਰੋਨ ਹਮਲੇ ਦੀ ਪੀੜਤ ਦਾ ਸਸਕਾਰ





ਫ਼ਿਰੋਜ਼ਪੁਰ : ਪਾਕਿਸਤਾਨੀ ਡਰੋਨ ਹਮਲੇ ਵਿੱਚ ਜ਼ਖ਼ਮੀ ਹੋਈ ਸੁਖਵਿੰਦਰ ਕੌਰ ਦੀ ਮੌਤ ਹੋ ਗਈ ਪਰ ਪਰਿਵਾਰਕ ਮੈਂਬਰਾਂ ਨੇ ਮੁਆਵਜ਼ਾ ਤੇ ਹੋਰ ਮੰਗਾਂ ਲਈ ਸਸਕਾਰ ਨਾ ਕੀਤਾ ਪਰ ਉਨ੍ਹਾਂ ਨੂੰ ਹਲਕਾ ਵਿਧਾਇਕ ਰਣਬੀਰ ਸਿੰਘ ਭੁੱਲਰ ਅਤੇ ਐੱਸਐੱਸਪੀ ਭੁਪਿੰਦਰ ਸਿੰਘ ਸਿੱਧੂ ਨੇ ਸਰਕਾਰ ਵੱਲੋਂ ਸਹਾਇਤਾ ਰਾਸ਼ੀ ਦੇਣ ਦਾ ਭਰੋਸਾ ਦਿੱਤਾ ਜਿਸ ਤੋਂ ਬਾਅਦ ਪਰਿਵਾਰ ਸਸਕਾਰ ਲਈ ਰਾਜ਼ੀ ਹੋ ਗਿਆ ਤੇ ਉਨ੍ਹਾਂ ਦੇ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਕਰ ਦਿੱਤਾ ਗਿਆ।

ਮੌਕੇ 'ਤੇ ਪਹੁੰਚੇ ਵਿਧਾਇਕ ਰਣਬੀਰ ਸਿੰਘ ਭੁੱਲਰ ਅਤੇ ਐੱਸਐੱਸਪੀ ਭੁਪਿੰਦਰ ਸਿੰਘ ਸਿੱਧੂ ਨੇ ਪਰਿਵਾਰ ਨੂੰ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜ ਲੱਖ ਰੁਪਏ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਵੱਲੋਂ ਵੀ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਭਰੋਸੇ ਤੋਂ ਬਾਅਦ ਪਰਿਵਾਰ ਨੇ ਆਪਣਾ ਧਰਨਾ ਸਮਾਪਤ ਕਰ ਦਿੱਤਾ ਅਤੇ ਦੇਰ ਸ਼ਾਮ ਸੁਖਵਿੰਦਰ ਕੌਰ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਪਰਿਵਾਰਕ ਮੈਂਬਰਾਂ ਨੇ ਇਸ ਮੌਕੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਅਤੇ ਬਾਕੀ ਬਣਦਾ ਮੁਆਵਜ਼ਾ ਜਲਦੀ ਨਾ ਦਿੱਤਾ ਗਿਆ, ਤਾਂ ਉਹ ਮੁੜ ਤੋਂ ਧਰਨਾ ਲਾਉਣ ਲਈ ਮਜਬੂਰ ਹੋਣਗੇ। ਇਸ ਘਟਨਾਕ੍ਰਮ 'ਤੇ ਪ੍ਰਸ਼ਾਸਨ ਅਤੇ ਸਿਆਸੀ ਆਗੂਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਜੀ ਸੇਵਾ ਸੰਸਥਾ ਵੱਲੋ ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਕਰਵਾਇਆ ਗਿਆ ਗੁਰਮਤਿ ਸਮਾਗਮ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਜੀ ਸੇਵਾ ਸੰਸਥਾ ਵੱਲੋ ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਸੰਸਥਾ ਦੇ ਇਕ ਸਾਲ ਪੂਰੇ ਹੋਣ ਦੇ ਸੰਬੰਧ ਵਿਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸੰਸਥਾ ਦੇ ਮੁੱਖ ਸੇਵਾਦਾਰ ਅਤੇ ਸੰਸਥਾਪਕ ਗੁਰਮੁਖ ਸਿੰਘ ਜੀ ਅਤੇ ਰਾਜ ਵਿਰਕ, ਬਲਵਿੰਦਰ ਸਿੰਘ ਰਾਜੇਸ਼ ਭੱਲਾ ਹੋਣਾ ਵੱਲੋ ਇਸ ਮੌਕੇ ਤੇ ਸਾਰੀਆ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਸੰਸਥਾ ਵੱਲੋ ਅੰਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ। ਇਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਬਾਬਾ ਹਰੀ ਸਿੰਘ ਜੀ, ਬਾਬਾ ਸੁਖਪਾਲ ਸਿੰਘ ਜੀ, ਗਿਆਨੀ ਸੁਰਜੀਤ ਸਿੰਘ ਜੀ ਵੱਲੋ ਸੰਗਤਾਂ ਨੂੰ ਕੀਰਤਨ ਕਥਾ ਦੁਆਰਾ ਨਿਹਾਲ ਕੀਤਾ ਗਿਆ ਅਤੇ ਇਸ ਮੌਕੇ ਮਨਜੋਤ ਸਿੰਘ ਤਲਵੰਡੀ, ਦਵਿੰਦਰ ਸਿੰਘ ਮੂਨਕ, ਗੁਰਵਿੰਦਰ ਸਿੰਘ (ਹੈਪੀ ਬੰਬ), ਰਾਜਿੰਦਰ ਸਿੰਘ ਮਾਰਸ਼ਲ ਜੀ ਜੰਗਵੀਰ ਸਿੰਘ ਚੌਹਾਨ ਬਿੱਟੂ ਮਾਰਸ਼ਲ ਜੀ ਸਾਰੇ ਐਮ.ਸੀ. ਸਹਿਬਾਨ, ਲਖਵਿੰਦਰ ਸਿੰਘ ਲੱਖੀ, ਹਰਮੀਤ ਸਿੰਘ ਔਲਖ, ਸਰਦਾਰ ਹਰਦੀਪ ਸਿੰਘ ਖੁਡਾ ਲੋਕ ਇਨਕਲਾਬ ਮੰਚ ਟਾਂਡਾ, ਸਰਦਾਰ ਸੁਖਵਿੰਦਰ ਸਿੰਘ ਅਰੋੜਾ ਮਾਤਾ ਸਾਹਿਬ ਕੌਰ ਗਰੁੱਪ ਆਫ ਸਕੂਲ, ਸ੍ਰੀ ਸੁਖਦੇਵ ਰਾਜ ਮਿਆਣੀ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ, ਜਥੇਦਾਰ ਦਵਿੰਦਰ ਸਿੰਘ ਸਰਬੱਤ ਦਾ ਭਲਾ ਸੇਵਾ ਸੋਸਾਇਟੀ ਮੂਨਕਾ, ਸੰਜੀਵ ਨਈਅਰ ਵਿਕਾਸ ਮਦਾਨ ਗੋਲਡੀ ਕਪਿਲਾ, ਗੁਲਸ਼ਨ ਜੀ ਡਾ. ਸ਼ਿਵਰਾਜ ਰੇਖੀ, ਕੁਲਵੰਤ ਸਿੰਘ ਮਾਰਸ਼ਲ ਅਤੇ ਹੋਰ ਬਹੁਤ ਸਾਰੀਆਂ ਹਸਤੀਆਂ ਨੇ ਹਾਜ਼ਰੀ ਲਗਵਾਈ। ਇਸ ਮੌਕੇ ਸੰਸਥਾ ਦੇ ਹੋਰ ਮੈਂਬਰ ਸੁਖਜੀਤ ਕੌਰ, ਅਨੁਰਾਧਾ, ਮਦਾਨ ਹੀਰਾ ਸਿੰਘ, ਜਸਤੇਜ ਸਿੰਘ, ਬਲਪ੍ਰੀਤ ਕੌਰ, ਸੁਖਮਨ ਕੌਰ, ਦਿਲਜੋਤ, ਅਭਿਸ਼ੇਕ, ਹਰਪ੍ਰੀਤ, ਹਰਮਨ, ਅਨਮੋਲ, ਗੁਰਪ੍ਰੀਤ, ਮਨਜੋਤ, ਬਚਨਪਾਲ ਵਿਨੈ, ਲਖਵਿੰਦਰ, ਕ੍ਰਿਸ਼ਨਾ ਰਾਜੂ, ਜਾਪਜੋਤ, ਅਰਸ਼ਵੀਰ, ਕੁਲਤੇਜ, ਬਲਜੀਤ ਜੀ ਹੋਰਾਂ ਵੱਲੋਂ ਵੀ ਸੰਗਤਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ ਗਿਆ। ਇਸ ਸਮਾਗਮ ਦੌਰਾਨ ਹਰਬੰਸ ਰੇਖੀ ਹਸਪਤਾਲ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ।





# FREEDOM MARCH & SOVEREGNTY RALLY



# ਨਗਰ ਕੀਰਤਨ

**88 Second St, San Francisco**

## ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ

## ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਜੰਗੀ ਭੁਜੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

BART ਨਗਰ ਕੀਰਤਨ 'ਤੇ ਜਾਣ ਵਾਲੀਆਂ ਸੰਗਤਾਂ Montgomery ਸਟੇਸ਼ਨ 'ਤੇ ਉਤਰਨ

**For More Info : 1-844-REM-1984. www.REMEMBER84.COM**

ਜਾਰੀ ਕਰਤਾ : ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ

# ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਇਆ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ

ਅੰਮ੍ਰਿਤਸਰ : ਭਾਰਤ-ਪਾਕਿਸਤਾਨ ਦਰਮਿਆਨ ਸੀਜ਼ਫਾਇਰ ਤੋਂ ਬਾਅਦ ਲੋਕਾਂ ਵਲੋਂ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ। ਦੋਵੇਂ ਮੁਲਕਾਂ 'ਚ ਅਮਨ ਅਮਾਨ ਦੇ ਬਣੇ ਹਾਲਾਤ ਦਾ ਅਸਰ ਅੰਮ੍ਰਿਤਸਰ 'ਚ ਦੇਖਣ ਨੂੰ ਮਿਲਿਆ। ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਸਵੇਰ ਤੋਂ ਹੀ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚਣੀਆਂ ਸ਼ੁਰੂ ਹੋ ਗਈਆਂ ਜਿੱਥੇ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤੇ ਤੇ ਧੁਰ ਕੀ ਬਾਣੀ ਦੇ ਕੀਰਤਨ ਸਰਵਨ ਕੀਤੇ। ਇਸ ਦੌਰਾਨ ਸੰਗਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਮੱਥਾ ਟੇਕਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ





'ਚ ਸਥਿਤ ਗੁ: ਸ੍ਰੀ ਮੰਜੀ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵਲੋਂ ਗੁਰਬਾਣੀ ਕੀਰਤਨ ਕੀਤਾ। ਇਸ ਪਵਿੱਤਰ ਦਿਹਾੜੇ ਦੇ ਸੰਬੰਧ ਵਿਚ ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁੰਦਰ ਦੀਪ ਮਾਲਾ ਕੀਤੀ ਗਈ ਤੇ ਰੰਗ ਬਿਰੰਗੀਆ ਲਾਈਟਾਂ ਜਗਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਭਾਰਤ ਪਾਕਿਸਤਾਨ ਦਰਮਿਆਨ ਛਿੜੀ ਜੰਗ ਕਾਰਨ ਸੰਗਤਾਂ ਦੀ ਆਮਦ 'ਚ ਅਸਰ ਪਿਆ ਸੀ ਪਰ ਹੁਣ ਦੋਵੇ ਦੇਸ਼ਾਂ 'ਚ ਸੀਜ਼ਫਾਇਰ ਬੰਦ ਹੋਣ ਕਰਕੇ ਅੱਜ ਸੰਗਤਾਂ ਦੀ ਆਮਦ 'ਚ ਵੱਡਾ ਇਜ਼ਾਫ਼ਾ ਹੋਇਆ ਹੈ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਰਹੱਦੀ ਪਿੰਡਾਂ ਦਾ ਦੌਰਾ

### ਬਾਰਡਰ ਨਜ਼ਦੀਕ ਪਿੰਡਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸੁਰੱਖਿਅਤ ਅਸਥਾਨਾਂ ਉੱਤੇ ਪਹੁੰਚਾਏ



ਅੰਮ੍ਰਿਤਸਰ : ਭਾਰਤ ਅਤੇ ਪਾਕਿਸਤਾਨ ਵਿਚਾਲੇ ਚਲ ਰਹੀ ਜੰਗ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿੱਚ ਅਟਾਰੀ ਬਾਰਡਰ ਦੇ ਨੇੜੇ ਵੱਖ-ਵੱਖ ਪਿੰਡਾਂ ਪੱਕਾ ਧਨੋਆ, ਅਟਾਰੀ, ਨੌਸ਼ਹਿਰਾ ਢਾਲਾ, ਆਦਿ ਦਾ ਦੌਰਾ ਕੀਤਾ ਅਤੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ ਜਾਣਿਆ। ਬਾਰਡਰ ਨਜ਼ਦੀਕ ਪਿੰਡਾਂ ਦੇ ਕਈ ਗੁਰਦੁਆਰਾ ਸਾਹਿਬਾਨ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਰੱਖਿਅਤ ਅਸਥਾਨਾਂ ਉੱਤੇ ਪਹੁੰਚਾਏ ਗਏ ਹਨ। ਜਥੇਦਾਰ ਨੇ ਸਮੁੱਚੀ ਕਾਰਵਾਈ ਦਾ ਜਾਇਜ਼ਾ ਲਿਆ ਅਤੇ ਸੰਤੁਸ਼ਟੀ ਪ੍ਰਗਟਾਈ।

ਪਿੰਡ ਵਾਸੀਆਂ ਨੇ ਜਥੇਦਾਰ ਗੜਗੱਜ ਨਾਲ ਮੁਲਾਕਾਤ ਦੌਰਾਨ ਚੜ੍ਹਦੀ ਕਲਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਹਾਲਾਤ ਵਿੱਚ ਵੀ ਡਟੇ ਰਹਿਣ ਦੀ ਗੱਲ ਆਖੀ ਹੈ। ਇਸ ਮੌਕੇ ਜਥੇਦਾਰ ਗੜਗੱਜ ਨੇ ਦੱਖਣ ਏਸ਼ੀਆ ਵਿੱਚ ਸੁਖ ਸ਼ਾਂਤੀ ਦੀ ਅਰਦਾਸ ਕੀਤੀ ਕਿ ਜੋ ਵੀ ਹਾਲਾਤ ਬਣੇ ਹਨ ਇਹ ਜਲਦ ਹੀ ਸ਼ਾਂਤਮਈ ਹੋਣ। ਉਨ੍ਹਾਂ ਨੇ ਕਿਹਾ ਕਿ ਬਾਰਡਰ ਦੇ ਪਿੰਡਾਂ ਵਿੱਚ ਗੁਰਦੁਆਰਾ ਸਾਹਿਬਾਨ ਖੁੱਲ੍ਹੇ ਹਨ ਅਤੇ ਉੱਥੋਂ ਦੀ ਸੰਗਤ ਚੜ੍ਹਦੀ ਕਲਾ ਵਿੱਚ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਬਾਰਡਰ ਦੇ ਇਲਾਕਿਆਂ ਵਿੱਚ ਵੱਸਦੇ ਲੋਕਾਂ ਦੀ ਮਦਦ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ ਕਿ ਜੇਕਰ ਕਿਸੇ ਨੂੰ ਕੋਈ ਲੋੜ ਪੈਂਦੀ ਹੈ ਤਾਂ ਸੰਸਥਾ ਦੇ ਪ੍ਰਬੰਧ ਵਾਲੇ ਨੇੜਲੇ ਗੁਰਦੁਆਰਾ ਸਾਹਿਬਾਨ ਵਿਖੇ ਲੰਗਰ, ਰਿਹਾਇਸ਼ ਆਦਿ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੀ ਸੰਗਤ ਨੂੰ ਗੁਰਬਾਣੀ ਦਾ ਪਾਠ ਕਰਦਿਆਂ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਤਾਂ ਕਿ ਸਾਰੇ ਲੋਕ ਸੁਖ ਸ਼ਾਂਤੀ ਦੇ ਨਾਲ ਰਹਿਣ। ਉਨ੍ਹਾਂ ਪਿੰਡ ਵਾਸੀਆਂ ਨੂੰ ਇਸ ਘੜੀ ਵਿੱਚ ਇੱਕ ਦੂਜੇ ਦਾ ਸਾਥ ਦੇਣ ਲਈ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਵੀ ਪ੍ਰੇਰਿਤ ਕੀਤਾ। ਜਥੇਦਾਰ ਨੇ ਸਪੱਸ਼ਟ ਕੀਤਾ ਕਿ ਕੁਝ ਪਿੰਡ ਬਿਲਕੁਲ ਹੀ ਬਾਰਡਰ ਲਾਈਨ ਉੱਤੇ ਸਥਿਤ ਹਨ ਜਿਨ੍ਹਾਂ ਵੱਲੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸੁਰੱਖਿਅਤ ਅਸਥਾਨਾਂ ਉੱਤੇ ਲਿਜਾਣ ਲਈ ਪਹੁੰਚ ਕੀਤੀ ਗਈ ਸੀ, ਪਰ ਬਹੁਤੇ ਪਿੰਡਾਂ ਵਿੱਚ ਗੁਰੂ ਘਰ ਖੁੱਲ੍ਹੇ ਹਨ।

ਇਸ ਮੌਕੇ ਜਥੇਦਾਰ ਨੇ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਵੀ ਕੀਤਾ ਅਤੇ ਮੈਦਾਨ ਵਿੱਚ ਖੇਡ ਰਹੇ ਸਿੱਖ ਨੌਜਵਾਨਾਂ ਨੂੰ ਸਾਬਤ ਸੂਰਤ ਸਿੱਖੀ ਪਛਾਣ ਕਾਇਮ ਰੱਖਣ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕੀਤਾ।

# ਸਾਊਦੀ ਅਰਬ ਦੇ ਇਕ ਹੋਟਲ ਦੀ ਦੀਵਾਰ 'ਤੇ ਲਗਾਈਆਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ

### ਸਰਬੱਤ ਦਾ ਭਲਾ ਗਰੁੱਪ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਕੀਤੀ ਹਟਾਉਣ ਦੀ ਮੰਗ

ਸ੍ਰੀ ਅਨੰਦਪੁਰ ਸਾਹਿਬ : ਸਾਊਦੀ ਅਰਬ ਦੇ ਅਲ-ਕੁਰਿਆਦ ਸ਼ਹਿਰ ਦੇ ਇੱਕ ਹੋਟਲ ਗੋਲਡ ਡੋਮ ਰੈਸਟੋਰੈਂਟ ਦੇ ਆਲੇ ਦੁਆਲੇ ਅਤੇ ਬਾਹਰਲੀਆਂ ਦੀਵਾਰਾਂ ਉੱਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲਗਾਉਣ ਦੇ ਰੋਸ ਵਜੋਂ ਸਾਊਦੀ ਅਰਬ ਵਿਚ ਸਰਬੱਤ ਦਾ ਭਲਾ ਗਰੁੱਪ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਬੈਂਸ ਵਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਨ੍ਹਾਂ ਤਸਵੀਰਾਂ ਨੂੰ ਹਟਾਉਣ ਲਈ ਢੁਕਵੇਂ ਕਦਮ ਚੁੱਕਣ ਦੀ ਮੰਗ ਕੀਤੀ ਹੈ। ਜਸਵਿੰਦਰ ਸਿੰਘ ਬੈਂਸ ਦੇ ਦਸਤਖਤਾਂ ਨਾਲ ਜਾਰੀ ਪੱਤਰ ਵਿਚ ਉਸ ਨੇ ਦੱਸਿਆ ਕਿ ਉਹ ਬੀਤੇ 6 ਸਾਲਾਂ ਤੋਂ ਪੰਜਾਬ ਦੇ ਨੌਜੁਆਨਾਂ ਨੂੰ ਨਾਲ ਲੈ ਕੇ ਇਹ ਗਰੁੱਪ ਚਲਾ ਰਹੇ ਹਨ। ਉਸ ਨੇ ਦੱਸਿਆ ਕਿ ਸਾਊਦੀ ਅਰਬ ਦੇ ਅਲ-ਕੁਰਿਆਦ ਸ਼ਹਿਰ ਵਿਚ ਬਣਾਏ ਗਏ ਗੋਲਡਨ ਡੋਮ ਰੈਸਟੋਰੈਂਟ ਦਾ ਆਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਰਗਾ ਬਣਾਇਆ ਗਿਆ ਹੈ। ਇਸ ਹੋਟਲ ਵਿਚ ਮੀਟ ਪਰੋਸੇ ਜਾਂਦੇ ਹਨ ਅਤੇ ਤੰਬਾਕੂ ਦੀ ਵਰਤੋਂ ਵੀ ਕੀਤੀ ਜਾਂਦੀ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਸੱਟ ਵੱਜ ਰਹੀ ਹੈ। ਇਸ ਪੱਤਰ 'ਤੇ ਸ਼ਰਨਜੀਤ ਸਿੰਘ, ਵਿਵੇਕ ਕੁਮਾਰ, ਬਲਦੇਵ ਸਿੰਘ, ਨਵੀਨ ਸ਼ਰਮਾ, ਕਮਲਜੀਤ, ਮਨਜੀਤ ਸਿੰਘ, ਸੁਰਿੰਦਰ ਸਿੰਘ, ਅਵਤਾਰ ਸਿੰਘ, ਰਜਿੰਦਰ ਸਿੰਘ ਸਮੇਤ ਦਰਜਨਾਂ ਨੌਜੁਆਨਾਂ ਦੇ ਦਸਤਖ਼ਤ ਹਨ। ਇਸ ਘਟਨਾ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵੀ ਗੱਲ ਕੀਤੀ ਗਈ ਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਨਾਲ ਵਿਚਾਰ ਵਟਾਂਦਰਾ ਵੀ ਕੀਤਾ



ਸਾਊਦੀ ਅਰਬ ਦੇ ਅਲ ਕੁਰਿਆਦ ਸ਼ਹਿਰ ਵਿਚ ਬਣੇ ਗੋਲਡਨ ਡੋਮ ਹੋਟਲ ਦੀ ਦੀਵਾਰ 'ਤੇ ਲੱਗੀਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ।

ਜਾਵੇਗਾ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਦੇ ਦਸਤਖਤਾਂ ਹੇਠ ਸਾਊਦੀ ਅਰਬ ਦੇ ਰਿਆਦ ਸਥਿਤ ਭਾਰਤੀ ਸਫ਼ਾਰਤ ਖ਼ਾਨੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਜ਼ਾਹਿਰ ਕੀਤਾ ਗਿਆ। ਪੱਤਰ ਵਿਚ ਲਿਖਿਆ ਕਿ ਇਹ ਵਰਤਾਰਾ ਬਹੁਤ ਮੰਦਭਾਗਾ ਹੈ ਕਿ ਸਬੰਧੀ ਸਾਊਦੀ ਅਰਬ ਅਧਿਕਾਰੀਆਂ ਅਤੇ ਰੈਸਟੋਰੈਂਟ ਦੇ ਮਾਲਕਾਂ ਨਾਲ ਗੱਲ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਇਨ੍ਹਾਂ ਤਸਵੀਰਾਂ ਨੂੰ ਛੇਤੀ ਤੋਂ ਛੇਤੀ ਉਸ ਹੋਟਲ ਤੋਂ ਹਟਾਇਆ ਜਾਵੇ।

# ਸ਼੍ਰੋਮਣੀ ਕਮੇਟੀ ਗੋਲੀਬਾਰੀ 'ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਦੇਵੇਗੀ ਪੰਜ-ਪੰਜ ਲੱਖ ਰੁਪਏ ਦੀ ਸਹਾਇਤਾ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਪਾਕਿਸਤਾਨ ਜੰਗ ਦੌਰਾਨ ਜੰਮੂ ਦੇ ਪੁਣਛ ਖੇਤਰ ਵਿੱਚ ਮਾਰੇ ਗਏ ਚਾਰ ਸਿੱਖ ਵਿਅਕਤੀਆਂ ਦੇ ਪਰਿਵਾਰਾਂ ਨੂੰ ਪੰਜ ਪੰਜ ਲੱਖ ਰੁਪਏ ਦੀ ਮਾਇਕ ਮਦਦ ਦਿੱਤੀ ਜਾਵੇਗੀ। ਇਹ ਫੈਸਲਾ ਅੱਜ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ ਹੈ ਜਿਸ ਦਾ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ।

ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਆਖਿਆ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਨੂੰ ਆਪਸੀ ਮਸਲੇ ਗੱਲਬਾਤ ਰਾਹੀਂ ਹੱਲ ਕਰਨੇ ਚਾਹੀਦੇ ਹਨ। ਪਾਕਿਸਤਾਨ ਵੱਲੋਂ ਕੀਤੀ ਗਈ ਗੋਲੀਬਾਰੀ ਕਾਰਨ ਪੁਣਛ ਇਲਾਕੇ ਵਿੱਚ ਮਾਰੇ ਗਏ ਚਾਰ ਸਿੱਖ ਵਿਅਕਤੀਆਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ



ਕਮੇਟੀ ਵੱਲੋਂ ਪੰਜ ਪੰਜ ਲੱਖ ਰੁਪਏ ਦੀ ਮਾਇਕ ਮਦਦ ਦੇਣ ਦਾ ਫੈਸਲਾ ਕੀਤਾ ਗਿਆ ਹੈ। ਦੋ ਜ਼ਖਮੀ ਵਿਅਕਤੀ ਇੱਥੇ ਅੰਮ੍ਰਿਤਸਰ ਵਿੱਚ ਇਲਾਜ ਅਧੀਨ ਹਨ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਹਸਪਤਾਲ ਵਿੱਚ ਇਲਾਜ ਦੀ ਪੇਸ਼ਕਸ਼ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਡਾਕਟਰ ਮਨਮੋਹਨ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਸਵਰਗੀ ਗਿਆਨੀ ਮੋਹਨ ਸਿੰਘ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲਗਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਵੀ ਵਿਚਾਰਿਆ ਗਿਆ ਹੈ ਅਤੇ ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਸਬੰਧ ਵਿੱਚ ਕਾਨੂੰਨੀ ਮਾਹਰਾਂ ਦੀ ਇੱਕ ਮੀਟਿੰਗ ਚੰਡੀਗੜ੍ਹ ਵਿੱਚ ਕੀਤੀ ਜਾਵੇਗੀ। ਉਨ੍ਹਾਂ ਇਸ ਸਬੰਧ ਵਿੱਚ ਵੱਧ ਤੋਂ ਵੱਧ ਸਿੱਖ ਸੰਗਤ ਕੋਲੋਂ ਸੁਝਾਅ ਮੰਗੇ ਹਨ।

# ਅੰਮ੍ਰਿਤਸਰ ਖੇਤਰ 'ਚ ਜ਼ਹਿਰੀਲੀ ਸ਼ਰਾਬ ਨਾਲ 25 ਮੌਤਾਂ

## • ਮੁੱਖ ਮੰਤਰੀ, ਬਾਜਵਾ, ਮਜੀਠੀਆ, ਕਰੀਮਪੁਰੀ ਤੇ ਹੋਰਾਂ ਵਲੋਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਪ੍ਰਗਟ

## • ਮੁੱਖ ਮੰਤਰੀ ਵਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਤੇ ਸਰਕਾਰੀ ਨੌਕਰੀ ਦਾ ਐਲਾਨ











ਅੰਮ੍ਰਿਤਸਰ/ ਜੈਂਤੀਪੁਰ/ਕੱਥੂਨੰਗਲ/ ਮਜੀਠਾ/ਟਾਹਲੀ ਸਾਹਿਬ : ਅੰਮ੍ਰਿਤਸਰ ਦੇ ਹਲਕਾ ਮਜੀਠਾ ਅਧੀਨ ਆਉਂਦੇ ਵੱਖ ਵੱਖ ਪਿੰਡਾਂ 'ਚ ਜ਼ਹਿਰੀਲੀ ਸ਼ਰਾਬ ਪੀਣ ਨਾਲ 25 ਵਿਅਕਤੀਆਂ ਦੀਆਂ ਮੌਤਾਂ ਹੋਣ ਦੀ ਖ਼ਬਰ ਮਿਲੀ ਹੈ ਜਦੋਂ ਕਿ 10 ਹੋਰ ਹਸਪਤਾਲ 'ਚ ਜ਼ਿੰਦਗੀ ਮੌਤ ਦੀ ਲੜਾਈ ਨਾਲ ਜੂਝ ਰਹੇ ਹਨ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਮ੍ਰਿਤਕ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ 10 ਲੱਖ ਰੁਪਏ ਤੇ ਸਰਕਾਰੀ ਨੌਕਰੀ ਅਤੇ ਬਾਕੀ ਜ਼ੇਰੇ ਇਲਾਜ ਵਿਅਕਤੀਆਂ ਨੂੰ 2 ਲੱਖ ਰੁਪਏ ਤੇ ਹਸਪਤਾਲ 'ਚ ਮੁਫ਼ਤ ਇਲਾਜ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਨਸ਼ਿਆਂ ਖ਼ਿਲਾਫ਼ ਕੋਈ ਠੋਸ ਕਾਰਵਾਈ ਨਾ ਕਰਨ ਬਦਲੇ ਡੀ.ਐਸ.ਪੀ. ਤੇ ਐਸ.ਐਚ.ਓ. ਮਜੀਠਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੁਲਿਸ ਵਲੋਂ ਜ਼ਹਿਰੀਲੀ ਸ਼ਰਾਬ ਦੇ ਸਰਗਨੇ ਸਮੇਤ 10 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਿਨ੍ਹਾਂ ਕੋਲੋਂ 600 ਲੀਟਰ ਤੋਂ ਵਧੇਰੇ ਕੈਮੀਕਲ ਮੀਥੇਨੌਲ ਬਰਾਮਦ ਕੀਤਾ ਹੈ। ਮੁੱਖ ਮੰਤਰੀ ਤੋਂ ਇਲਾਵਾ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਵਿਧਾਇਕਾ ਗਨੀਵ ਕੌਰ ਮਜੀਠੀਆ, ਬਸਪਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਆਦਿ ਵਲੋਂ ਇਥੇ ਪੁੱਜ ਕੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੱਸਣਯੋਗ ਹੈ ਕਿ ਸ਼ਰਾਬ ਪੀ ਕੇ ਮਰਨ ਵਾਲੇ ਵਿਅਕਤੀ ਗ਼ਰੀਬ ਅਤੇ ਦਿਹਾੜੀਦਾਰ ਮਜ਼ਦੂਰ ਪਰਿਵਾਰਾਂ ਨਾਲ ਸੰਬੰਧਿਤ ਹਨ।

**ਮੀਥੇਨੌਲ ਦੀ ਵਰਤੋਂ ਜ਼ਹਿਰੀਲੀ ਸ਼ਰਾਬ ਲਈ ਕੀਤੀ** : ਮਜੀਠਾ ਵਿਚ ਜ਼ਹਿਰੀਲੀ ਸ਼ਰਾਬ ਕਾਰਨ ਹੋਏ ਜਾਨੀ ਨੁਕਸਾਨ ਉਪਰੰਤ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੇ ਗ਼ੈਰ-ਕਾਨੂੰਨੀ ਸ਼ਰਾਬ ਦੇ ਵਪਾਰ ਦੇ ਸਰਗਨਾ ਸਮੇਤ ਕਈ ਸਥਾਨਕ ਵਿਤਰਕਾਂ ਅਤੇ ਉਦਯੋਗਿਕ ਉਤਪਾਦਾਂ ਵਿਚ ਵਰਤੇ ਜਾਣ ਵਾਲੇ ਘਾਤਕ ਰਸਾਇਣ ਮੀਥੇਨੌਲ ਦੇ ਮੁੱਖ ਸਪਲਾਇਰ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਨੇ ਦਿੱਤੀ। ਇਸ ਰੈਕੇਟ ਦੇ ਗ੍ਰਿਫ਼ਤਾਰ ਸਰਗਨਾ ਦੀ ਪਛਾਣ ਸਾਹਿਬ ਸਿੰਘ ਵਜੋਂ ਹੋਈ ਹੈ, ਜਦੋਂ ਕਿ ਮੀਥੇਨੌਲ ਦੇ ਮੁੱਖ ਸਪਲਾਇਰਾਂ ਦੀ ਪਛਾਣ ਲੁਧਿਆਣਾ ਦੇ ਸੁੱਖ ਇਨਕਲੇਵ ਵਿਖੇ ਸਾਹਿਲ ਕੈਮੀਕਲਜ਼ ਦੇ ਮਾਲਕ ਪੰਕਜ ਕੁਮਾਰ ਉਰਫ ਸਾਹਿਲ ਅਤੇ ਅਰਵਿੰਦ ਕੁਮਾਰ ਵਜੋਂ ਹੋਈ ਹੈ। ਇਸ ਤੋਂ ਇਲਾਵਾ ਪੁਲਿਸ ਨੇ ਸਥਾਨਕ ਵਿਤਰਕਾਂ ਜਿਨ੍ਹਾਂ ਦੀ ਪਛਾਣ ਪ੍ਰਭਜੀਤ ਸਿੰਘ ਅਤੇ ਕੁਲਬੀਰ ਸਿੰਘ ਵਜੋਂ ਹੋਈ ਹੈ ਅਤੇ ਸਥਾਨਕ ਵਿਕਰੇਤਾਵਾਂ ਜਿਨ੍ਹਾਂ ਦੀ ਪਛਾਣ ਨਿੰਦਰ ਕੌਰ, ਸਾਹਿਬ ਸਿੰਘ, ਗੁਰਜੰਟ ਸਿੰਘ, ਅਰੁਣ ਉਰਫ਼ ਕਾਲਾ ਅਤੇ ਸਿਕੰਦਰ ਸਿੰਘ ਉਰਫ਼ ਪੱਪੂ ਵਜੋਂ ਹੋਈ ਹੈ, ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਰਗਨਾ ਸਾਹਿਬ ਸਿੰਘ ਵਲੋਂ ਆਨਲਾਈਨ ਖਰੀਦੇ ਗਏ ਮੀਥੇਨੌਲ ਕੈਮੀਕਲ ਦੀ ਵਰਤੋਂ ਜ਼ਹਿਰੀਲੀ ਸ਼ਰਾਬ ਬਣਾਉਣ ਲਈ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦਾ ਮੁਕੰਮਲ ਤੌਰ 'ਤੇ ਪਰਦਾਫਾਸ਼ ਕਰਨ ਅਤੇ ਇਸ ਵਿਚ ਸ਼ਾਮਿਲ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਜਾਂਚ ਜਾਰੀ ਹੈ। ਇਸੇ ਤਰ੍ਹਾਂ ਡੀ.ਐਸ.ਪੀ. ਸਬ-ਡਵੀਜ਼ਨ ਮਜੀਠਾ ਅਮੋਲਕ ਸਿੰਘ ਅਤੇ ਐਸ.ਐਚ.ਓ. ਥਾਣਾ ਮਜੀਠਾ ਐਸ.ਆਈ. ਅਵਤਾਰ ਸਿੰਘ ਨੂੰ ਆਪਣੀ ਡਿਊਟੀ ਵਿਚ ਕੁਤਾਹੀ ਵਰਤਣ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਐਸ.ਐਸ.ਪੀ. ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸਥਾਨਕ ਵਿਤਰਕ ਪ੍ਰਭਜੀਤ ਸਿੰਘ ਨੇ ਸਰਗਨਾ ਸਾਹਿਬ ਸਿੰਘ ਤੋਂ 50 ਲੀਟਰ ਦੀ ਕੈਨੀ ਵਿਚ ਭਰਿਆ ਮੀਥੇਨੌਲ ਕੈਮੀਕਲ ਪ੍ਰਾਪਤ ਕੀਤਾ ਸੀ। ਪੁੱਛਗਿੱਛ ਦੌਰਾਨ ਸਾਹਿਬ ਸਿੰਘ ਨੇ ਖੁਲਾਸਾ ਕੀਤਾ ਕਿ ਉਸ ਨੇ ਆਨਲਾਈਨ ਪਲੇਟਫਾਰਮ ਰਾਹੀਂ ਲੁਧਿਆਣਾ ਸਥਿਤ ਕੈਮੀਕਲ ਫਰਮ ਸਾਹਿਲ ਕੈਮੀਕਲਜ਼ ਤੋਂ ਮੀਥੇਨੌਲ ਆਰਡਰ ਕੀਤਾ ਸੀ। ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਸਾਹਿਬ ਸਿੰਘ ਵਲੋਂ ਦਿੱਲੀ ਸਥਿਤ ਫਰਮ ਤੋਂ ਆਰਡਰ ਕੀਤੀ ਗਈ ਮੀਥੇਨੌਲ ਦੀ ਇੱਕ ਹੋਰ ਖੇਪ ਰਸਤੇ ਵਿਚ ਹੈ। ਉਨ੍ਹਾਂ ਕਿਹਾ ਕਿ ਆਬਕਾਰੀ ਅਤੇ ਪੁਲਿਸ ਟੀਮਾਂ ਨੂੰ ਖੇਪ ਪਹੁੰਚਣ 'ਤੇ ਇਸ ਨੂੰ ਜ਼ਬਤ ਕਰਨ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਰੈਕੇਟ ਵਿਚ ਸ਼ਾਮਿਲ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਸੰਬੰਧੀ ਥਾਣਾ ਕੱਥੂਨੰਗਲ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਇਨ੍ਹਾਂ ਪਿੰਡਾਂ ਦੇ ਲੋਕਾਂ ਅਤੇ ਪੀੜਤ ਪਰਿਵਾਰਾਂ ਨੇ ਮੁੱਖ ਮੰਤਰੀ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜ਼ਹਿਰੀਲੀ ਦੇਸੀ ਸ਼ਰਾਬ ਦੇ ਵਿਕਰੇਤਾਵਾਂ ਅਤੇ ਹੋਰ ਸੰਬੰਧਿਤ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਦੱਸਣਾ ਬਣਦਾ ਹੈ ਕਿ ਸ਼ਰਾਬ ਦੀ ਵਿਕਰੇਤਾ ਦੋਸ਼ੀ ਨਿੰਦਰ ਕੌਰ ਦਾ ਪਤੀ ਜੀਤਾ ਵੀ ਸ਼ਰਾਬ ਪੀ ਕੇ ਮਰਨ ਵਾਲਿਆਂ ਵਿਚ ਸ਼ਾਮਿਲ ਹੈ।

# ਜ਼ਹਿਰੀਲੀ (ਨਕਲੀ) ਸ਼ਰਾਬ ਕੀ ਹੈ

ਚੰਡੀਗੜ੍ਹ : ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ 25 ਵਿਅਕਤੀਆਂ ਦੀ ਮੌਤ ਇਸ ਖੇਤਰ ਵਿੱਚ ਵਾਪਰੇ ਅਜਿਹੇ ਦੁਖਾਂਤਾਂ ਦੀ ਲੜੀ ਵਿੱਚ ਤਾਜ਼ਾ ਘਟਨਾ ਹੈ। ਸਾਲ 2020 ਵਿੱਚ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਜ਼ਹਿਰੀਲੀ (ਨਕਲੀ) ਸ਼ਰਾਬ ਪੀਣ ਤੋਂ ਬਾਅਦ 120 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ। ਪਿਛਲੇ ਸਾਲ ਸੰਗਰੂਰ ਵਿੱਚ 24 ਅਜਿਹੀਆਂ ਮੌਤਾਂ ਹੋਈਆਂ ਸਨ।

ਕੋਈ ਨਿਗਰਾਨੀ ਨਹੀਂ

ਗੈਰਕਾਨੂੰਨੀ ਸ਼ਰਾਬ ਕਿਸੇ ਰੈਗੂਲੇਟਰੀ ਅਥਾਰਿਟੀ ਦੀ ਨਿਗਰਾਨੀ ਤੋਂ ਬਗੈਰ ਤਿਆਰ ਕੀਤੀ ਜਾਂਦੀ ਹੈ, ਜਿਸ ਨਾਲ ਸੁਰੱਖਿਆ, ਗੁਣਵੱਤਾ ਅਤੇ ਮਿਲਾਵਟ ਦਾ ਜੋਖ਼ਮ ਵਧ ਜਾਂਦਾ ਹੈ। ਖਪਤਕਾਰ ਅਜਿਹੀ ਸ਼ਰਾਬ ਵੱਲ ਸਹਿਜੇ ਹੀ ਖਿੱਚੇ ਜਾਂਦੇ ਹਨ ਕਿਉਂਕਿ ਇਸ ਦੀ ਕੀਮਤ ਅਧਿਕਾਰਤ ਵਿਕਰੇਤਾਵਾਂ ਵੱਲੋਂ ਵੇਚੀ ਜਾਣ ਵਾਲੀ ਸ਼ਰਾਬ ਨਾਲੋਂ ਬਹੁਤ ਘੱਟ ਹੈ।

ਦੇਸ਼ੀ ਸ਼ਰਾਬ ਜਾਂ 'ਲਾਹਣ' ਇੱਕ ਘੋਲ ਹੈ ਜੋ ਆਮ ਤੌਰ 'ਤੇ ਫਰਮੈਂਟ ਕੀਤੇ ਗੁੜ ਤੋਂ ਬਣਾਇਆ ਜਾਂਦਾ ਹੈ। ਇਸ ਨੂੰ ਵੱਖ-ਵੱਖ ਮਿਸ਼ਰਣਾਂ ਨਾਲ ਮਿਲਾਇਆ ਜਾਂਦਾ ਹੈ, ਜਿਸ ਵਿੱਚ ਸਥਾਨਕ ਪੌਦਿਆਂ ਤੋਂ ਕੱਢਿਆ ਗਿਆ ਖਮੀਰ ਅਤੇ ਫਰਮੈਂਟ ਕੀਤੇ ਸੰਤਰੇ, ਸੇਬ ਜਾਂ ਜਾਮੁਨ, ਅਤੇ ਨਾਲ ਹੀ ਪਾਣੀ ਸ਼ਾਮਲ ਹੈ ਜੋ ਆਮ ਤੌਰ 'ਤੇ ਤਲਾਬਾਂ ਜਾਂ ਹੋਰ ਥਾਵਾਂ ਤੋਂ ਗੁਣਵੱਤਾ ਦੀ ਗਰੰਟੀ ਤੋਂ ਬਿਨਾਂ ਕੱਢਿਆ ਜਾਂਦਾ ਹੈ। ਜਦੋਂ ਇਹ ਸ਼ਰਾਬ ਖਾਸ ਕਰਕੇ ਮੀਥੇਨੌਲ ਦੀ ਵਰਤੋਂ ਕਰਕੇ ਤਿਆਰ ਕੀਤੀ ਜਾਂਦੀ ਹੈ ਤਾਂ ਉਤਪਾਦ ਸੁਰੱਖਿਆ ਨਾਲ ਬਹੁਤ ਸਮਝੌਤਾ ਕੀਤਾ ਜਾਂਦਾ ਹੈ।

ਮੀਥੇਨੌਲ ਦਾ ਜੋਖਮ

ਸ਼ਰਾਬ ਵਿਚ ਮਿਲਾਵਟ ਵੱਡੀ ਚਿੰਤਾ ਦਾ ਵਿਸ਼ਾ ਹੈ। ਸਮੱਸਿਆ ਆਮ ਕਰਕੇ ਅਲਕੋਹਲ ਵਾਲੇ ਪੇਅ (ਪੀਣ ਵਾਲੇ) ਪਦਾਰਥਾਂ ਵਿੱਚ ਗੈਰ-ਕਾਨੂੰਨੀ ਮੀਥੇਨੌਲ ਮਿਲਾਉਣ ਨਾਲ ਪੈਦਾ ਹੁੰਦੀ ਹੈ। ਈਥਾਈਲ ਅਲਕੋਹਲ ਜਾਂ ਈਥੇਨੌਲ, ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦਾ ਮੁੱਖ ਤੱਤ ਹੈ। ਮਿਥਾਈਲ ਅਲਕੋਹਲ ਜਾਂ ਈਥੇਨੌਲ ਦੀ ਮੌਜੂਦਗੀ, ਜੋ ਕਿ ਇੱਕ ਸਸਤਾ ਬਦਲ ਹੈ, ਇਸ ਘੋਲ (ਮਿਸ਼ਰਣ) ਨੂੰ ਘਾਤਕ ਬਣਾ ਸਕਦੀ ਹੈ।

ਪੁਲੀਸ ਮੁਤਾਬਕ ਵਾਧੂ ਨਿਊਟਰਲ ਅਲਕੋਹਲ (ENA), ਜੋ ਕਿ ਉੱਚ ਸ਼ੁੱਧਤਾ ਵਾਲਾ ਈਥੇਨੌਲ ਗ੍ਰੇਡ ਹੈ, ਦੀ ਸਪਲਾਈ ਸ਼ਰਾਬ ਮਾਫੀਆ ਵੱਲੋਂ ਸਪਲਾਈ ਰੂਟਾਂ ਦੇ ਵਿਚਾਲਿਓਂ ਚੋਰੀ ਕੀਤੀ ਜਾਂਦੀ ਹੈ। ਮਜੀਠਾ ਦੁਖਾਂਤ ਵਿੱਚ ਆਨਲਾਈਨ ਪ੍ਰਾਪਤ ਕੀਤੇ ਗਏ ਮੀਥੇਨੌਲ ਦੀ ਵਰਤੋਂ ਜ਼ਹਿਰੀਲੀ (ਨਕਲੀ) ਸ਼ਰਾਬ ਦੇ ਉਤਪਾਦਨ ਵਿੱਚ ਕੀਤੀ ਗਈ ਸੀ। ਕੁਝ ਮਾਮਲਿਆਂ ਵਿੱਚ ਪੇਂਟ ਉਦਯੋਗ ਤੋਂ ਡੀਨੇਚਰਡ ਸਪਿਰਿਟ ਦੀ ਵਰਤੋਂ ਨਕਲੀ ਸ਼ਰਾਬ ਬਣਾਉਣ ਲਈ ਵੀ ਕੀਤੀ ਜਾਂਦੀ ਹੈ। 2020 ਦੇ ਸ਼ਰਾਬ ਦੁਖਾਂਤ ਤੋਂ ਬਾਅਦ, ਲੁਧਿਆਣਾ ਸਥਿਤ ਇੱਕ ਪੇਂਟ ਸਟੋਰ, ਜੋ ਕਥਿਤ ਤੌਰ 'ਤੇ ਵਪਾਰ ਵਿੱਚ ਸ਼ਾਮਲ ਸੀ, ਨੇ ਤਿੰਨ ਡਰੰਮ ਮੀਥੇਨੌਲ ਸਪਲਾਈ ਕਰਨ ਦੀ ਪੁਸ਼ਟੀ ਕੀਤੀ, ਜੋ ਜ਼ਹਿਰੀਲੀ 'ਦੇਸੀ ਦਾਰੂ' ਬਣਾਉਣ ਲਈ ਵਰਤੀ ਗਈ ਸੀ। ਇਹ ਵੀ ਪਤਾ ਲੱਗਾ ਹੈ ਕਿ ਨਕਲੀ ਸ਼ਰਾਬ ਬਣਾਉਣ ਵਾਲੇ ਜੈਵਿਕ ਰਹਿੰਦ-ਖੂੰਹਦ, ਮਰੇ ਹੋਏ ਚੂਹੇ, ਕਿਰਲੀ ਅਤੇ ਇੱਥੋਂ ਤੱਕ ਕਿ ਬੈਟਰੀ ਐਸਿਡ ਦੀ ਵਰਤੋਂ ਕਰਦੇ ਹਨ।

ਮੀਥੇਨੌਲ ਕੀ ਕਰਦਾ ਹੈ

ਜਦੋਂ ਜਿਗਰ ਪਾਚਨ ਲਈ ਮੀਥੇਨੌਲ ਸਮੱਗਰੀ ਨੂੰ ਤੋੜਨਾ ਸ਼ੁਰੂ ਕਰਦਾ ਹੈ, ਤਾਂ ਜ਼ਹਿਰੀਲੇ ਉਤਪਾਦ ਬਣਦੇ ਹਨ। ਇਹ ਦਿਮਾਗੀ ਪ੍ਰਣਾਲੀ 'ਤੇ ਗੰਭੀਰ ਹਮਲਾ ਕਰਦੇ ਹਨ, ਜਿਸ ਨਾਲ ਅੰਨ੍ਹਾਪਣ ਅਤੇ ਇੱਥੋਂ ਤੱਕ ਕਿ ਹਮੇਸ਼ਾ ਲਈ ਕੋਮਾ ਵਿਚ ਜਾਣ ਦੀ ਨੌਬਤ ਵੀ ਆ ਸਕਦੀ ਹੈ।

ਇਸ ਲਈ ਕਿਹੜੇ ਕਾਨੂੰਨ ਹਨ। ਗੈਰਕਾਨੂੰਨੀ ਸ਼ਰਾਬ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਸੋਧੇ ਹੋਏ ਪੰਜਾਬ ਆਬਕਾਰੀ ਐਕਟ, 1914 ਤਹਿਤ ਕੀਤੀ ਜਾਂਦੀ ਹੈ। ਮੁੱਖ ਅਪਰਾਧਾਂ ਵਿੱਚ ਮਿਲਾਵਟਖੋਰੀ, ਬਿਨਾਂ ਡਿਊਟੀ ਭੁਗਤਾਨ ਵਾਲੀ ਸ਼ਰਾਬ ਰੱਖਣਾ, ਗੈਰ-ਕਾਨੂੰਨੀ ਨਿਰਮਾਣ ਅਤੇ ਸ਼ਰਾਬ ਵਿੱਚ ਹਾਨੀਕਾਰਕ ਪਦਾਰਥ ਮਿਲਾਉਣਾ ਸ਼ਾਮਲ ਹਨ।

ਸਜ਼ਾਵਾਂ ਵਿੱਚ ਕੈਦ ਅਤੇ ਜੁਰਮਾਨੇ ਸ਼ਾਮਲ ਹਨ। ਤਿੰਨ ਤੋਂ ਸੱਤ ਸਾਲ ਤੱਕ ਕੈਦ ਹੋ ਸਕਦੀ ਹੈ। 2-3 ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ। ਜ਼ਹਿਰੀਲੀ (ਨਕਲੀ) ਸ਼ਰਾਬ ਪੀਣ ਕਾਰਨ ਮੌਤ ਹੋਣ ਦੀ ਸੂਰਤ ਵਿੱਚ ਉਮਰ ਕੈਦ ਦੀ ਸਜ਼ਾ ਅਤੇ 10 ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ।

# ਜ਼ਹਿਰੀਲੀ ਸ਼ਰਾਬ ਕਾਂਡ ਲਈ ਮੁੱਖ ਮੰਤਰੀ ਜ਼ਿੰਮੇਵਾਰ : ਮਜੀਠੀਆ

ਅੰਮ੍ਰਿਤਸਰ : ਸੀਨੀਅਰ ਅਕਾਲੀ ਦਲ ਆਗੂ ਬਿਕਰਮ ਸਿੰਘ ਮਜੀਠੀਆ ਨੇ ਘਟਨਾ ਲਈ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਦਾ ਤੁਰੰਤ ਅਸਤੀਫ਼ਾ ਮੰਗਿਆ ਤੇ ਨਾਲ ਹੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ 25 ਲੱਖ ਰੁਪਏ ਹਰੇਕ ਪਰਿਵਾਰ ਨੂੰ ਅਤੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਤ੍ਰਾਸਦੀ 'ਆਪ' ਆਗੂਆਂ ਤੇ ਨਸ਼ਾ ਮਾਫੀਆ ਦਰਮਿਆਨ ਗੰਢਤੁੱਪ ਦਾ ਨਤੀਜਾ ਹੈ। ਅਕਾਲੀ ਆਗੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਇਸ ਮਾੜੇ ਹਾਲਾਤ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹਾਲਾਤ ਦੀ ਸਾਰੀ ਜਾਣਕਾਰੀ ਸੀ ਪਰ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਬਣੇ ਤਣਾਅ ਵਾਲੇ ਮਾਹੌਲ ਕਾਰਨ ਇਹ ਮੁੱਦਾ ਨਹੀਂ ਚੁੱਕਿਆ।



# ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਦੀ ਫੋਟੋ ਸਿੱਖ ਅਜਾਇਬ ਘਰ ’ਚ ਲਗਾਈ ਜਾਵੇਗੀ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਆ ਅਹਿਮ ਫੈਸਲਾ

ਅੰਮ੍ਰਿਤਸਰ : ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਜਾਵੇਗੀ। ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਆ ਹੈ।

ਇਕੱਤਰਤਾ ’ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਬਾਬਾ ਇੰਦਰਜੀਤ ਸਿੰਘ ਰਕਬੇਵਾਲੇ, ਬਾਬਾ ਬਿਸ਼ਨ ਸਿੰਘ ਤਰਨਾ ਦਲ ਬਾਬਾ ਬਕਾਲਾ, ਸ਼੍ਰੋਮਣੀ ਕਮੇਟੀ ਮੈਂਬਰ ਰਣਧੀਰ ਸਿੰਘ ਚੀਮਾ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ।

ਇਕੱਤਰਤਾ ਦੀ ਆਰੰਭਤਾ ਮੌਕੇ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ, ਬਾਬਾ ਇੰਦਰਜੀਤ ਸਿੰਘ ਰਕਬੇਵਾਲੇ, ਸਾਬਕਾ ਮੈਂਬਰ ਸ. ਮੇਜਰ ਸਿੰਘ ਸਵੱਦੀ, ਕਥਾਵਾਚਕ ਗਿਆਨੀ



ਪਿੰਦਰਪਾਲ ਸਿੰਘ ਦੇ ਪਿਤਾ ਸ. ਹਰਦਿਆਲ ਸਿੰਘ ਅਤੇ ਪੁੰਛ (ਕਸ਼ਮੀਰ) ਹਮਲੇ ਦੌਰਾਨ ਮਾਰੇ ਗਏ 4 ਸਿੱਖਾਂ ਸਬੰਧੀ ਸ਼ੋਕ ਮਤਾ ਪੜ੍ਹਿਆ ਗਿਆ ਅਤੇ ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰ ਕੇ ਸ਼ਰਧਾਜਲੀ ਦਿੱਤੀ ਗਈ।

# ਲਾਵਾਰਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਦਾ ਮੁੰਬਈ ਵਿਖੇ ਹੋਇਆ ਵਿਸ਼ੇਸ਼ ਸਨਮਾਨ

ਪਿਛਲੇ ਹਫਤੇ 4 ਮਈ 2025 ਨੂੰ ਮੁੰਬਈ ਵਿਖੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਮੁੰਬਈ ਦੀਆਂ ਹੋਰ ਸਿੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਸਮਾਗਮ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਟਰਾਫੀ, ਸ਼ਾਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 20 ਸਾਲਾਂ ਤੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਪੁਰਸਕਾਰ ਦੇਣ ਸਮੇਂ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਪੂਰਨ ਸਿੰਘ ਬਾਂਗਾ, ਪ੍ਰਧਾਨ ਐਚ. ਐਸ. ਮਹਿਤਾ, ਜਨਰਲ ਸੈਕਟਰੀ ਇੰਦਰਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਹੋਰ ਮੈਂਬਰ ਅਤੇ ਬਹੁਤ ਸਾਰੀਆਂ ਸਿੱਖ ਜੱਥੇਬੰਦੀਆਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ। ਇਹ ਸਮਾਗਮ ਮੁੰਬਈ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਦੇ ਆਡੀਟੋਰੀਅਮ ਵਿੱਚ ਆਯੋਜਤ ਕੀਤਾ ਗਿਆ ਸੀ।

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਬੇਘਰ, ਲਾਵਾਰਸ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ।

ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਹੁਣ 225 ਦੇ ਕਰੀਬ




ਡਾ. ਨੌਰੰਗ ਸਿੰਘ ਮਾਂਗਟ, ਉਹਨਾਂ ਦੀ ਪਤਨੀ ਪਰਮਜੀਤ ਕੌਰ ਮਾਂਗਟ ਅਤੇ ਮੁੰਬਈ ਸਮਾਗਮ ਦੇ ਪ੍ਰਬੰਧਕ

ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਤੇ ਗਰੀਬ ਲੋਕ ਪੱਕੇ ਤੌਰ ’ਤੇ ਰਹਿ ਰਹੇ ਹਨ। ਇਹਨਾਂ ’ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ ’ਤੋਂ ਬਹੁਤ ਤਰਸਯੋਗ ਹਾਲਤ ’ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਸਵਾ ਦੋ ਸੌ (225) ਲਾਵਾਰਸ-ਬੇਘਰ ਮਰੀਜ਼ਾਂ ’ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ ’ਚ ਕੰਮ ਕਰਦੇ ਹਨ। ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਹਨ। ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਤਿੰਨ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ):95018-42505; ਕੈਨੇਡਾ: 403-401-8787.

# ਪਾਕਿਸਤਾਨ ਵਾਰ-ਵਾਰ ਦੋਵਾਂ ਮੁਲਕਾਂ ਵਿਚਾਲੇ ਬਣੇ ਤਣਾਅ ਨੂੰ ਫ਼ਿਰਕੂ ਰੰਗ ਦੇਣ ਦੀ ਕਰ ਰਿਹਾ ਕੋਸ਼ਿਸ਼




ਲਾਹੌਰ ਪ੍ਰੈਸ ਕਲੱਬ ’ਚ ਗੱਲਬਾਤ ਕਰਦੇ ਹੋਏ ਰਮੇਸ਼ ਸਿੰਘ ਅਰੋੜਾ ਤੇ ਹੋਰ।

ਅੰਮ੍ਰਿਤਸਰ : ਭਾਰਤ-ਪਾਕਿਸਤਾਨ ਵਿਚਾਲੇ ਲਗਾਤਾਰ ਵੱਧ ਰਹੇ ਤਣਾਅ ਨੂੰ ਪਾਕਿ ਦੇ ਸੱਤਾਧਾਰੀ ਨੇਤਾ ਅਤੇ ਫ਼ੌਜ ਦੇ ਅਫ਼ਸਰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਵਲੋਂ ਬਣਾਈ ਗਈ ਯੋਜਨਾ ਤਹਿਤ ਵਾਰ-ਵਾਰ ਫ਼ਿਰਕੂ ਰੰਗ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਾਕਿ ਵਲੋਂ ਜੰਮੂ-ਕਸ਼ਮੀਰ ਦੇ ਪੁਣਛ ’ਚ ਪਾਕਿਸਤਾਨੀ ਮਿਜ਼ਾਈਲਾਂ ਨਾਲ ਹੋਏ ਨੁਕਸਾਨ ਸਮੇਤ ਭਾਰਤੀ ਪੰਜਾਬ ’ਚ ਕੀਤੇ ਡਰੋਨ ਹਮਲਿਆਂ ਦੀ ਜ਼ਿੰਮੇਵਾਰੀ ਲੈਣ ਦੀ ਬਜਾਏ ਇਸ ਲਈ ਭਾਰਤ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਇਸ ਤੋਂ ਬਾਅਦ ਹੁਣ ਲਹਿੰਦੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਲਾਹੌਰ ਪ੍ਰੈੱਸ ਕਲੱਬ ਵਿਖੇ ਐਮਰਜੈਂਸੀ ਪ੍ਰੈੱਸ ਕਾਨਫ਼ਰੰਸ ਕਰਕੇ ਭਾਰਤ ’ਤੇ ਸ੍ਰੀ ਨਨਕਾਣਾ ਸਾਹਿਬ ’ਤੇ ਭਾਰਤੀ ਡਰੋਨ ਹਮਲਾ ਕਰਨ ਦਾ ਦੋਸ਼ ਲਗਾਇਆ ਹੈ। ਇਸ ਮੌਕੇ ਲਾਹੌਰ ਪ੍ਰੈੱਸ ਕਲੱਬ ਦੇ ਪ੍ਰਧਾਨ ਅਰਸ਼ਦ ਅੰਸਾਰੀ, ਸਿੱਖ ਆਗੂ ਬਿਸ਼ਨ ਸਿੰਘ, ਸਤਵੰਤ ਕੌਰ, ਜਸਕਰਨ ਸਿੰਘ, ਪ੍ਰੋ. ਕਲਿਆਣ ਸਿੰਘ ਕਲਿਆਣ ਅਤੇ ਹੋਰ ਵੀ ਮੌਜੂਦ ਸਨ। ਦੱਸਿਆ ਜਾ ਰਿਹਾ ਹੈ ਕਿ ਸ੍ਰੀ ਨਨਕਾਣਾ ਸਾਹਿਬ ਤੋਂ ਲਗਭਗ 7-8 ਕਿੱਲੋਮੀਟਰ ਦੂਰ ਪਿੰਡ ਦਾਦੂਵਾਲ ’ਚ ਡੇਗੇ ਗਏ ਡਰੋਨ ਬਾਰੇ ਭਾਰਤ ਸਾਫ਼ ਤੌਰ ’ਤੇ ਕਹਿ ਚੁੱਕਿਆ ਹੈ ਕਿ ਭਾਰਤ ਵਲੋਂ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ’ਚ ਕੋਈ ਡਰੋਨ ਹਮਲਾ ਨਹੀਂ ਕੀਤਾ ਗਿਆ। ਅਜੇ ਤੱਕ ਇਹ ਵੀ ਸਾਫ਼ ਨਹੀਂ ਹੋ ਸਕਿਆ ਕਿ ਪਿੰਡ ਦਾਦੂਵਾਲ ’ਚ ਡਿੱਗਿਆ ਡਰੋਨ ਪਾਕਿ ਫ਼ੌਜ ਦਾ ਹੈ ਜਾਂ ਉੱਥੋਂ ਦੇ ਕਿਸੇ ਆਮ ਨਾਗਰਿਕ ਦਾ, ਇਸ ਦੇ ਬਾਵਜੂਦ ਅਰੋੜਾ ਨੇ ਦਾਅਵਾ ਕੀਤਾ ਕਿ ਭਾਰਤ ਅਜਿਹੇ ਹਮਲੇ ਕਰਕੇ ਮਸਜਿਦਾਂ, ਪਵਿੱਤਰ ਸਥਾਨਾਂ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਨ੍ਹਾਂ ਨੇ ਇਕ ਵਾਰ ਫਿਰ ਤੋਂ ਪਾਕਿ ਵਲੋਂ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ’ਚ ਕੀਤੇ ਗਏ ਹਮਲਿਆਂ ਦੀ ਸਚਾਈ ਨੂੰ ਨਕਾਰਦਿਆਂ ਮੁਸਲਿਮ ਅਤੇ ਸਿੱਖ ਭਾਈਚਾਰੇ ਦੇ ਸੰਬੰਧਾਂ ਦੀ ਦੁਹਾਈ ਦਿੱਤੀ।

# ਜਸਕਰਨ ਸਿੰਘ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਡੀਆ ਸਲਾਹਕਾਰ ਨਿਯੁਕਤ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਸੂਚਨਾ ਤਕਨਾਲੋਜੀ ਵਿਭਾਗ ਵਿਚ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਲੇਖਕ ਵਜੋਂ ਸੇਵਾਵਾਂ ਨਿਭਾਅ ਰਹੇ ਜਸਕਰਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਹੈ। ਜਥੇਦਾਰ ਗਿਆਨੀ ਗੜਗੱਜ ਨੇ ਜਸਕਰਨ ਸਿੰਘ ਨੂੰ ਸਿਰੋਪਾਓ ਦੇ ਕੇ ਮੀਡੀਆ ਸਲਾਹਕਾਰ ਦੇ ਅਹੁਦੇ ਉੱਤੇ ਸੇਵਾ ਸੌਂਪੀ । ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਜਸਕਰਨ ਸਿੰਘ ਚੰਡੀਗੜ੍ਹ ਦੇ ਰਹਿਣ ਵਾਲੇ ਹਨ ਤੇ ਉਨ੍ਹਾਂ ਦਾ ਪਿਛੋਕੜ ਮੀਡੀਆ ਨਾਲ ਸੰਬੰਧਿਤ ਹੈ। ਉਨ੍ਹਾਂ ਨੇ ਪੱਤਰਕਾਰੀ, ਜਨ ਸੰਚਾਰ ਅਤੇ ਮੀਡੀਆ ਤਕਨਾਲੋਜੀ ਵਿਚ ਗ੍ਰੈਜੂਏਸ਼ਨ ਅਤੇ ਮਾਸਟਰ ਡਿਗਰੀ ਹਾਸਲ ਕੀਤੀ ਹੋਈ ਹੈ।



# ਸਾਡੀ ਲੜਾਈ ਪਾਕਿ ਫ਼ੌਜ ਨਾਲ ਨਹੀਂ ਸਗੋਂ ਅੱਤਵਾਦ ਅਤੇ ਅੱਤਵਾਦੀਆਂ ਦੇ ਸਰਪ੍ਰਸਤਾਂ ਨਾਲ : ਭਾਰਤੀ ਫ਼ੌਜ

**• ਸਾਡੀ ਰੱਖਿਆ ਪ੍ਰਣਾਲੀ ਨੂੰ ਤੋੜਨਾ ਨਾਮੁਮਕਿਨ • ਪਹਿਲਗਾਮ ਤੱਕ ਪਾਪ ਦਾ ਘੜਾ ਭਰ ਚੁੱਕਾ ਸੀ**

ਨਵੀਂ ਦਿੱਲੀ : ਭਾਰਤੀ ਫ਼ੌਜ ਨੇ ਸੋਮਵਾਰ ਨੂੰ ਮੁੜ ਦੁਹਰਾਉਂਦਿਆਂ ਕਿਹਾ ਕਿ ਸਾਡੀ ਲੜਾਈ ਪਾਕਿਸਤਾਨੀ ਫ਼ੌਜ ਨਾਲ ਨਹੀਂ ਸਗੋਂ ਅੱਤਵਾਦ ਅਤੇ ਅੱਤਵਾਦੀਆਂ ਦੇ ਸਰਪ੍ਰਸਤਾਂ ਨਾਲ ਹੈ। ਪਾਕਿਸਤਾਨ ਨੇ ਇਸ ਲੜਾਈ ਨੂੰ ਆਪਣੀ ਲੜਾਈ ਬਣਾ ਲਿਆ, ਇਸ ਲਈ ਉਹ ਖੁਦ ਜ਼ਿੰਮੇਵਾਰ ਹੈ। ਉਕਤ ਪ੍ਰਗਟਾਵਾ ਤਿੰਨੇ ਫ਼ੌਜਾਂ ਦੇ ਡੀ.ਜੀ.ਐਮ.ਓ. (ਡਾਇਰੈਕਟਰ ਜਨਰਲ ਆਫ ਮਿਲਟਰੀ ਆਪ੍ਰੇਸ਼ਨ) ਵਲੋਂ ਸੋਮਵਾਰ ਨੂੰ ਕੀਤੀ ਇਕ ਪ੍ਰੈੱਸ ਕਾਨਫਰੰਸ ’ਚ ਕੀਤਾ, ਜਿਸ ’ਚ ਏਅਰ ਮਾਰਸ਼ਲ ਏ.ਕੇ. ਭਾਰਤੀ, ਲੈਫਟੀਨੈਂਟ ਜਨਰਲ ਰਾਜੀਵ ਘਈ ਅਤੇ ਵਾਈਸ ਐਡਮਿਰਲ ਏ.ਐਨ. ਪ੍ਰਮੋਦ ਸ਼ਾਮਿਲ ਹੋਏ। ਪ੍ਰੈੱਸ ਕਾਨਫਰੰਸ ’ਚ ਭਾਰਤੀ ਫ਼ੌਜ ਵਲੋਂ ਕੀਤੀਆਂ ਕਾਰਵਾਈਆਂ ਨਾਲ ਸੰਬੰਧਿਤ ਵੀਡੀਓ ਵੀ ਸਾਂਝੇ ਕੀਤੇ, ਜਿਸ ’ਚ ਪਹਿਲਾਂ ਅਤੇ ਬਾਅਦ ਦੀਆਂ ਤਸਵੀਰਾਂ ਸਨ। ਏਅਰ ਮਾਰਸ਼ਲ ਏ.ਕੇ. ਭਾਰਤੀ ਨੇ ‘ਆਪਰੇਸ਼ਨ ਸੰਧੂਰ’ ਦੌਰਾਨ ਭਾਰਤ ਵਲੋਂ ਰੱਖਿਆ ਕਵਚ ਵਜੋਂ ਬਣਾਈ ਗਈ ਬਹੁਧਿਰੀ ਗਰਿਡ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਰਤ ਦੇ ਰੱਖਿਆ ਸਿਸਟਮ ਨੂੰ ਤੋੜਨਾ ਨਾਮੁਮਕਿਨ ਸੀ। ਭਾਰਤੀ ਨੇ ਕਿਹਾ ਕਿ ਏਅਰ ਡਿਫੈਂਸ ਸਿਸਟਮ ’ਚ ਅਸੀਂ ਹੇਠਲੇ ਪੱਧਰ ਦੀ ਗੋਲੀਬਾਰੀ, ਜ਼ਮੀਨ ਤੋਂ ਹਵਾ ’ਚ ਮਾਰ ਕਰਨ ਵਾਲੀ ਮਿਜ਼ਾਈਲ, ਛੋਟੀ ਅਤੇ ਵੱਡੀ ਦੂਰੀ ਵਾਲੀ ਮਿਜ਼ਾਈਲ ਸ਼ਾਮਿਲ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਹਮਲੇ ਦੇ ਦੌਰਾਨ ਪੁਰਾਣੇ ਮੰਨੇ ਜਾ ਰਹੇ ਏਅਰ ਡਿਫੈਂਸ ਸਿਸਟਮ ‘ਆਕਾਸ਼’ ਨੇ ਕਾਫੀ ਕੁਸ਼ਲਤਾ ਨਾਲ ਕੰਮ ਕੀਤਾ।




ਏਅਰ ਮਾਰਸ਼ਲ ਭਾਰਤੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਵਲੋਂ ਦਾਗੀ ਅਤੇ ਤੁਰਕੀ ’ਚ ਬਣੀ ‘ਯਿਹਾ’ ਮਿਜ਼ਾਈਲ ਅਤੇ ਚੀਨ ’ਚ ਬਣੀ ‘ਪੀ.ਐਲ.-15 ਈ’ ਮਿਜ਼ਾਈਲ ਨੂੰ ਜ਼ਮੀਨਦੋਜ਼ ਕਰ ਦਿੱਤਾ। ਪਾਕਿਸਤਾਨ ਨੇ ਹਮਲੇ ’ਚ ਲਾਂਗ ਰੇਂਜ ਰਾਕਟ ਅਤੇ ਯੂ.ਏ.ਵੀ. ਵੀ ਵਰਤੋਂ ਕੀਤੀ ਸੀ, ਪਰ ਭਾਰਤੀ ਹਵਾਈ ਰੱਖਿਆ ਸਿਸਟਮ ਨੇ ਉਸ ਨੂੰ ਨਾਕਾਮ ਕਰ ਦਿੱਤਾ।

ਲੈਫਟੀਨੈਂਟ ਕਰਨਲ ਘਈ ਨੇ ਭਾਰਤੀ ਫ਼ੌਜ ਵਲੋਂ ਕੀਤੀ ਕਾਰਵਾਈ ਬਾਰੇ ਜਾਣਕਾਰੀ ਲਈ ਕ੍ਰਿਕਟ ਦੀ ਮਿਸਾਲ ਦਿੰਦਿਆਂ 1974 ’ਚ ਆਸਟ੍ਰੇਲੀਆ ਅਤੇ ਇੰਗਲੈਂਡ ’ਚ ਖੇਡੀ ਏਸ਼ੇਜ ਸੀਰੀਜ਼ ਦਾ ਜ਼ਿਕਰ ਕੀਤਾ, ਜਿਸ ’ਚ ਆਸਟ੍ਰੇਲੀਆ ਦੇ ਦੋ ਤੇਜ਼ ਗੇਂਦਬਾਜ਼ਾਂ ਡੇਨਿਸ ਲਿਲੀ ਅਤੇ ਜੈਫ ਥਾਮਸਨ ਨੇ ਸ਼ਾਨਦਾਰ ਗੇਂਦਬਾਜ਼ੀ ਕਰ ਕੇ ਆਸਟ੍ਰੇਲੀਆ ਨੂੰ 4-1 ਨਾਲ ਲੜੀ ਜਿਤਾਈ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਇਹ ਕਹਾਵਤ ਬਣੀ ਸੀ ਏਸ਼ੇਜ ਟੂ ਐਂਡ ਡਸਟ ਟੂ ਡਸਟ। ਘਈ ਨੇ ਕਿਹਾ ਕਿ ਭਾਰਤੀ ਫ਼ੌਜ ਨੇ ਪਾਕਿਸਤਾਨ ’ਚ ਅੱਤਵਾਦੀ ਠਿਕਾਣਿਆਂ ਦਾ ਉਹੀ ਹਾਲ ਕੀਤਾ ਜੋ ਉਸ ਲੜੀ ’ਚ ਲਿਲੀ ਅਤੇ ਥਾਮਸਨ ਦੇ ਕਾਰਨ ਆਸਟ੍ਰੇਲੀਆ ਨੇ ਇੰਗਲੈਂਡ ਦਾ ਕੀਤਾ ਸੀ।

ਜਨਰਲ ਘਈ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਅੱਤਵਾਦ ਦੀਆਂ ਗਤੀਵਿਧੀਆਂ ’ਚ ਬਦਲਾਅ ਆ ਰਿਹਾ ਸੀ। ਜਿਸ ’ਚ ਅੱਤਵਾਦੀ ਫੌਜੀਆਂ ਤੋਂ ਇਲਾਵਾ ਆਮ ਨਾਗਰਿਕਾਂ, ਜੋ ਆਪਣਾ ਬਚਾਅ ਕਰਨ ਲਈ ਵੀ ਤਿਆਰ ਨਹੀਂ ਸਨ, ਨੂੰ ਵੀ ਨਿਸ਼ਾਨਾ ਬਣਾ ਰਹੇ ਸਨ। ਘਈ ਨੇ 2024 ’ਚ ਜੰਮੂ ’ਚ ਸ਼ਿਵਖੋੜੀ ’ਚ ਮੰਦਰ ਜਾ ਰਹੇ ਸ਼ਰਧਾਲੂਆਂ ਅਤੇ 22 ਅਪ੍ਰੈਲ ਨੂੰ ਸੈਲਾਨੀਆਂ ’ਤੇ ਹੋਏ ਹਮਲੇ ਨੂੰ ਇਸ ਖਤਰਨਾਕ ਟਰੈਂਡ ਦੀ ਵਿਸ਼ੇਸ਼ ਮਿਸਾਲ ਕਰਾਰ ਦਿੱਤਾ।

# ‘ਪਾਕਿਸਤਾਨ ਆਪਣੇ ਅੱਤਵਾਦੀ ਢਾਂਚੇ ਦਾ ਸਫ਼ਾਇਆ ਕਰੇ’

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਦਾ ਮੂਲ ਪਾਠ



ਸੰਬੋਧਨ ਦੌਰਾਨ ਹਥਿਆਰਬੰਦ ਸੈਨਾਵਾਂ ਅਤੇ ਦੇਸ਼ ਦੇ ਲੋਕਾਂ ਦੀ ਇਕਜੁਟਤਾ ਨੂੰ ਸਲਾਮ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ

ਪਿਆਰੇ ਦੇਸ਼ ਵਾਸੀਓ, ਨਮਸਕਾਰ!

ਅਸੀਂ ਸਭ ਨੇ ਬੀਤੇ ਦਿਨੀਂ ਦੇਸ਼ ਦੀ ਤਾਕਤ ਅਤੇ ਉਸ ਦੇ ਹੌਸਲੇ ਦੋਵਾਂ ਨੂੰ ਦੇਖਿਆ ਹੈ। ਮੈਂ ਸਭ ਤੋਂ ਪਹਿਲਾਂ ਭਾਰਤ ਦੀ ਸ਼ਕਤੀਸ਼ਾਲੀ ਫ਼ੌਜ, ਹਥਿਆਰਬੰਦ ਬਲਾਂ ਨੂੰ, ਆਪਣੀਆਂ ਖ਼ੁਫ਼ੀਆ ਏਜੰਸੀਆਂ ਨੂੰ, ਆਪਣੇ ਵਿਗਿਆਨੀਆਂ ਨੂੰ, ਹਰ ਭਾਰਤ ਵਾਸੀ ਵਲੋਂ ਸੈਲਿਊਟ ਕਰਦਾ ਹਾਂ। ਸਾਡੇ ਵੀਰ ਫ਼ੌਜੀਆਂ ਨੇ ‘ਆਪ੍ਰੇਸ਼ਨ ਸੰਧੂਰ’ ਦੇ ਟੀਚੇ ਦੀ ਪ੍ਰਾਪਤੀ ਲਈ ਬਹੁਤ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਹੈ। ਮੈਂ ਉਨ੍ਹਾਂ ਦੀ ਬਹਾਦਰੀ ਨੂੰ, ਉਨ੍ਹਾਂ ਦੇ ਹੌਸਲੇ ਨੂੰ, ਉਨ੍ਹਾਂ ਦੀ ਸ਼ਕਤੀ ਨੂੰ, ਆਪਣੇ ਦੇਸ਼ ਦੀ ਹਰ ਮਾਤਾ ਨੂੰ, ਦੇਸ਼ ਦੀ ਹਰ ਭੈਣ ਨੂੰ ਅਤੇ ਦੇਸ਼ ਦੀ ਹਰ ਬੇਟੀ ਨੂੰ, ਇਹ ਪਰਾਕ੍ਰਮ ਸਮਰਪਿਤ ਕਰਦਾ ਹਾਂ।

ਸਾਥੀਓ, 22 ਅਪ੍ਰੈਲ ਨੂੰ ਪਹਿਲਗਾਮ ਵਿਚ ਅੱਤਵਾਦੀਆਂ ਨੇ ਜੋ ਘਿਣਾਉਣੀ ਬਰਬਰਤਾ ਦਿਖਾਈ ਸੀ, ਉਸ ਨੇ ਦੇਸ਼ ਅਤੇ ਦੁਨੀਆ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਛੁੱਟੀਆਂ ਮਨਾ ਰਹੇ ਨਿਰਦੋਸ਼ ਮਾਸੂਮ ਨਾਗਰਿਕਾਂ ਨੂੰ ਧਰਮ ਪੁੱਛ ਕੇ, ਉਨ੍ਹਾਂ ਦੇ ਪਰਿਵਾਰ ਸਾਹਮਣੇ, ਉਨ੍ਹਾਂ ਦੇ ਬੱਚਿਆਂ ਸਾਹਮਣੇ, ਬੇਰਹਿਮੀ ਨਾਲ ਮਾਰ ਦਿੱਤਾ, ਇਹ ਅੱਤਵਾਦ ਦਾ ਬਹੁਤ ਘਿਨਾਉਣਾ ਚਿਹਰਾ ਸੀ, ਕਰੂਰਤਾ ਸੀ। ਇਹ ਦੇਸ਼ ਦੇ ਸਾਹਸ ਨੂੰ ਤੋੜਨ ਦੀ ਘਿਣਾਉਣੀ ਕੋਸ਼ਿਸ਼ ਵੀ ਸੀ। ਮੇਰੇ ਲਈ ਨਿੱਜੀ ਰੂਪ ਨਾਲ ਇਹ ਦਰਦ ਬਹੁਤ ਵੱਡਾ ਸੀ। ਇਸ ਅੱਤਵਾਦੀ ਹਮਲੇ ਤੋਂ ਬਾਅਦ ਸਾਰਾ ਰਾਸ਼ਟਰ, ਹਰ ਨਾਗਰਿਕ, ਹਰ ਸਮਾਜ, ਹਰ ਵਰਗ, ਹਰ ਰਾਜਨੀਤਕ ਦਲ, ਇਕ ਸੁਰ ਵਿਚ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਲਈ ਉੱਠ ਖੜ੍ਹਾ ਹੋਇਆ। ਅਸੀਂ ਅੱਤਵਾਦੀਆਂ ਨੂੰ ਮਿੱਟੀ ਵਿਚ ਮਿਲਾਉਣ ਲਈ ਭਾਰਤ ਦੀਆਂ ਫ਼ੌਜਾਂ ਨੂੰ ਪੂਰੀ ਖੁੱਲ੍ਹ ਦੇ ਦਿੱਤੀ ਅਤੇ ਅੱਜ ਹਰ ਅੱਤਵਾਦੀ, ਅੱਤਵਾਦੀਆਂ ਦਾ ਹਰ ਸੰਗਠਨ ਜਾਣ ਚੁੱਕਿਆ ਹੈ ਕਿ ਸਾਡੀਆਂ ਭੈਣਾਂ-ਬੇਟੀਆਂ ਦੇ ਮੱਥੇ ਤੋਂ ਸੰਧੂਰ ਹਟਾਉਣ ਦਾ ਅੰਜਾਮ ਕੀ ਹੁੰਦਾ ਹੈ?

ਸਾਥੀਓ, ‘ਆਪ੍ਰੇਸ਼ਨ ਸੰਧੂਰ’ ਇਹ ਸਿਰਫ਼ ਨਾਂਅ ਨਹੀਂ ਹੈ, ਇਹ ਦੇਸ਼ ਦੇ ਕੋਟਿ-ਕੋਟਿ ਲੋਕਾਂ ਦੀਆਂ ਭਾਵਨਾਵਾਂ ਦਾ ਪ੍ਰਤੀਬਿੰਬ ਹੈ। ‘ਆਪ੍ਰੇਸ਼ਨ ਸੰਧੂਰ’ ਨਿਆਂ ਦੀ ਅਖੰਡ ਪ੍ਰਤਿੱਗਿਆ ਹੈ। 6 ਮਈ ਦੀ ਦੇਰ ਰਾਤ, 7 ਮਈ ਦੀ ਸਵੇਰ, ਪੂਰੀ ਦੁਨੀਆ ਨੇ ਇਸ ਪ੍ਰਤਿੱਗਿਆ ਨੂੰ ਨਤੀਜੇ ਵਿਚ ਬਦਲਦਿਆਂ ਦੇਖਿਆ ਹੈ। ਭਾਰਤ ਦੀਆਂ ਫ਼ੌਜਾਂ ਨੇ ਪਾਕਿਸਤਾਨ ਵਿਚ ਅੱਤਵਾਦੀਆਂ ਦੇ ਟਿਕਾਣਿਆਂ ’ਤੇ, ਉਸ ਦੇ ਟ੍ਰੇਨਿੰਗ ਸੈਂਟਰਾਂ ’ਤੇ ਸਟੀਕ ਹਮਲਾ ਕੀਤਾ। ਅੱਤਵਾਦੀਆਂ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਭਾਰਤ ਏਨਾ ਵੱਡਾ ਫ਼ੈਸਲਾ ਲੈ ਸਕਦਾ ਹੈ। ਪਰ ਜਦੋਂ ਦੇਸ਼ ਇਕਜੁਟ ਹੁੰਦਾ ਹੈ, ‘ਨੈਸ਼ਨ ਫਸਟ’ ਦੀ ਭਾਵਨਾ ਨਾਲ ਭਰਿਆ ਹੁੰਦਾ ਹੈ, ਰਾਸ਼ਟਰ ਸਰਬਉੱਤਮ ਹੁੰਦਾ ਹੈ, ਤਾਂ ਫੌਲਾਦੀ ਫ਼ੈਸਲੇ ਲਏ ਜਾਂਦੇ ਹਨ ਤੇ ਨਤੀਜਾ ਲਿਆ ਕੇ ਦਿਖਾਇਆ ਜਾਂਦਾ ਹੈ।

ਜਦੋਂ ਪਾਕਿਸਤਾਨ ਵਿਚ ਅੱਤਵਾਦ ਦੇ ਅੱਡਿਆਂ ’ਤੇ ਭਾਰਤੀ ਮਿਜ਼ਾਈਲਾਂ ਨੇ ਹਮਲਾ ਬੋਲਿਆ, ਭਾਰਤ ਦੇ ਡਰੋਨਾਂ ਨੇ ਹਮਲਾ ਬੋਲਿਆ, ਤਾਂ ਅੱਤਵਾਦੀ ਸੰਗਠਨਾਂ ਦੀਆਂ ਇਮਾਰਤਾਂ ਹੀ ਨਹੀਂ, ਸਗੋਂ ਉਨ੍ਹਾਂ ਦਾ ਹੌਸਲਾ ਵੀ ਡਗਮਗਾ ਗਿਆ। ਬਹਾਵਲਪੁਰ ਅਤੇ ਮੁਰੀਦਕੇ ਵਰਗੇ ਅੱਤਵਾਦੀ ਟਿਕਾਣੇ, ਇਕ ਤਰ੍ਹਾਂ ਦੇ ਗਲੋਬਲ ਟੈਰਰਿਜ਼ਮ ਦੀਆਂ ਯੂਨੀਵਰਸਿਟੀਆਂ ਰਹੀਆਂ ਹਨ। ਦੁਨੀਆ ਵਿਚ ਕਿਤੇ ਵੀ ਜੋ ਵੱਡੇ ਅੱਤਵਾਦੀ ਹਮਲੇ ਹੋਏ ਹਨ, ਚਾਹੇ 9/11 ਹੋਵੇ, ਚਾਹੇ ਲੰਡਨ ਟਿਊਬ ਬੰਬਬਾਰੀ ਹੋਵੇ, ਜਾਂ ਫਿਰ ਭਾਰਤ ਵਿਚ ਦਹਾਕਿਆਂ ਵਿਚ ਜੋ ਵੱਡੇ-ਵੱਡੇ ਅੱਤਵਾਦੀ ਹਮਲੇ ਹੋਏ ਹਨ, ਉਨ੍ਹਾਂ ਦੇ ਤਾਰ ਕਿਤੇ ਨਾ ਕਿਤੇ ਅੱਤਵਾਦ ਦੇ ਇਨ੍ਹਾਂ ਟਿਕਾਣਿਆਂ ਨਾਲ ਜੁੜਦੇ ਰਹੇ ਹਨ। ਅੱਤਵਾਦੀਆਂ ਨੇ ਸਾਡੀਆਂ ਭੈਣਾਂ ਦਾ ਸੰਧੂਰ ਉਜਾੜਿਆ ਸੀ, ਇਸ ਲਈ ਭਾਰਤ ਨੇ ਅੱਤਵਾਦ ਦੇ ਇਹ ਹੈੱਡਕਵਾਟਰ ਉਜਾੜ ਦਿੱਤੇ। ਭਾਰਤ ਦੇ ਇਨ੍ਹਾਂ ਹਮਲਿਆਂ ਵਿਚ 100 ਤੋਂ ਜ਼ਿਆਦਾ ਖ਼ੂੰਖਾਰ ਅੱਤਵਾਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਅੱਤਵਾਦ ਦੇ ਬਹੁਤ ਸਾਰੇ ਆਕਾ, ਬੀਤੇ ਢਾਈ-ਤਿੰਨ ਦਹਾਕਿਆਂ ਤੋਂ ਖੁੱਲ੍ਹੇਆਮ ਪਾਕਿਸਤਾਨ ਵਿਚ ਘੁੰਮ ਰਹੇ ਸਨ, ਜੋ ਭਾਰਤ ਵਿਰੁੱਧ ਸਾਜਿਸ਼ਾਂ ਕਰਦੇ ਸਨ, ਉਨ੍ਹਾਂ ਨੂੰ ਭਾਰਤ ਨੇ ਇਕ ਝਟਕੇ ਵਿਚ ਖ਼ਤਮ ਕਰ ਦਿੱਤਾ।

ਸਾਥੀਓ, ਭਾਰਤ ਦੀ ਇਸ ਕਾਰਵਾਈ ਨਾਲ ਪਾਕਿਸਤਾਨ ਘੋਰ ਨਿਰਾਸ਼ਾ ਵਿਚ ਘਿਰ ਗਿਆ ਸੀ, ਹਤਾਸ਼ਾ ਵਿਚ ਘਿਰ ਗਿਆ ਸੀ, ਬੌਖਲਾ ਗਿਆ ਸੀ ਅਤੇ ਇਸੇ ਬੌਖਾਹਲਟ ਵਿਚ ਉਸ ਨੇ ਇਕ ਹੋਰ ਦੁਰਸਾਹਸ ਕੀਤਾ। ਅੱਤਵਾਦ ਵਿਰੁੱਧ ਭਾਰਤ ਦੀ ਕਾਰਵਾਈ ਦਾ ਸਾਥ ਦੇਣ ਦੀ ਬਜਾਏ. ਪਾਕਿਸਤਾਨ ਨੇ ਭਾਰਤ ’ਤੇ ਹੀ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਪਾਕਿਸਤਾਨ ਨੇ ਸਾਡੇ ਸਕੂਲਾਂ-ਕਾਲਜਾਂ ਨੂੰ, ਗੁਰਦੁਆਰਿਆਂ ਨੂੰ, ਮੰਦਿਰਾਂ ਨੂੰ, ਸਾਧਾਰਨ ਨਾਗਿਰਕਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ, ਪਾਕਿਸਤਾਨ ਨੇ ਸਾਡੇ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਪਰ ਇਸ ਵਿਚ ਵੀ ਪਾਕਿਸਤਾਨ ਖ਼ੁਦ ਬੇਨਕਾਬ ਹੋ ਗਿਆ।

ਦੁਨੀਆ ਨੇ ਦੇਖਿਆ ਕਿ ਕਿਵੇਂ ਪਾਕਿਸਤਾਨ ਦੇ ਡਰੋਨਾਂ ਅਤੇ ਪਾਕਿਸਤਾਨ ਦੀਆਂ ਮਿਜ਼ਾਈਲਾਂ, ਭਾਰਤ ਸਾਹਮਣੇ ਤਿਣਕਿਆਂ ਵਾਂਗ ਬਿਖਰ ਗਈਆਂ। ਭਾਰਤ ਦੇ ਮਜ਼ਬੂਤ ਏਅਰ ਡਿਫੈਂਸ ਸਿਸਟਮ ਨੇ ਉਨ੍ਹਾਂ ਨੂੰ ਅਸਮਾਨ ਵਿਚ ਹੀ ਖ਼ਤਮ ਕਰ ਦਿੱਤਾ। ਪਾਕਿਸਤਾਨ ਦੀ ਤਿਆਰੀ ਸਰਹੱਦਾਂ ’ਤੇ ਵਾਰ ਕਰਨ ਦੀ ਸੀ, ਪਰ ਭਾਰਤ ਨੇ ਪਾਕਿਸਤਾਨ ਦੇ ਸੀਨੇ ’ਤੇ ਵਾਰ ਕਰ ਦਿੱਤਾ। ਭਾਰਤ ਦੇ ਡਰੋਨਾਂ ਤੇ ਭਾਰਤ ਦੀਆਂ ਮਿਜ਼ਾਈਲਾਂ ਨੇ ਸਟੀਕਤਾ ਨਾਲ ਹਮਲਾ ਕੀਤਾ। ਪਾਕਿਸਤਾਨੀ ਹਵਾਈ ਸੈਨਾ ਦੇ ਉਨ੍ਹਾਂ ਹਵਾਈ ਅੱਡਿਆਂ ਨੂੰ ਨੁਕਸਾਨ ਪਹੁੰਚਾਇਆ, ਜਿਨ੍ਹਾਂ ’ਤੇ ਪਾਕਿਸਤਾਨ ਨੂੰ ਬਹੁਤ ਘਮੰਡ ਸੀ। ਭਾਰਤ ਨੇ ਪਹਿਲੇ ਤਿੰਨ ਦਿਨਾਂ ਵਿਚ ਹੀ ਪਾਕਿਸਤਾਨ ਨੂੰ ਏਨਾ ਤਬਾਹ ਕਰ ਦਿੱਤਾ, ਜਿਸ ਦਾ ਉਸ ਨੂੰ ਅੰਦਾਜ਼ਾ ਵੀ ਨਹੀਂ ਸੀ।

ਇਸ ਲਈ, ਭਾਰਤ ਦੀ ਹਮਲਾਵਰ ਕਾਰਵਾਈ ਦੇ ਬਾਅਦ, ਪਾਕਿਸਤਾਨ ਬਚਣ ਦੇ ਰਸਤੇ ਲੱਭਣ ਲੱਗਿਆ। ਪਾਕਿਸਤਾਨ, ਦੁਨੀਆ ਭਰ ਵਿਚ ਤਣਾਅ ਘੱਟ ਕਰਨ ਦੀ ਗੁਹਾਰ ਲਗਾ ਰਿਹਾ ਸੀ ਅਤੇ ਬੁਰੀ ਤਰ੍ਹਾਂ ਕੁੱਟ ਖਾਣ ਤੋਂ ਬਾਅਦ, ਇਸੇ ਮਜਬੂਰੀ ਵਿਚ 10 ਮਈ ਦੀ ਦੁਪਹਿਰ ਨੂੰ ਪਾਕਿਸਤਾਨੀ ਸੈਨਾ ਨੇ ਸਾਡੇ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ (ਡੀ.ਜੀ.ਐਮ.ਓ.) ਨਾਲ ਸੰਪਰਕ ਕੀਤਾ। ਉਦੋਂ ਤੱਕ ਅਸੀਂ ਅੱਤਵਾਦ ਦੇ ਢਾਂਚੇ ਨੂੰ ਵੱਡੇ ਪੱਧਰ ’ਤੇ ਤਬਾਹ ਕਰ ਚੁੱਕੇ ਸਾਂ, ਅੱਤਵਾਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਪਾਕਿਸਤਾਨ ਦੇ ਸੀਨੇ ਵਿਚ ਵਸਾਏ ਗਏ ਅੱਤਵਾਦ ਦੇ ਅੱਡਿਆਂ ਨੂੰ ਅਸੀਂ ਖੰਡਰ ਬਣਾ ਦਿੱਤਾ ਸੀ। ਇਸ ਲਈ ਜਦੋਂ ਪਾਕਿਸਤਾਨ ਵਲੋਂ ਗੁਹਾਰ ਲਗਾਈ ਗਈ, ਪਾਕਿਸਤਾਨ ਵਲੋਂ ਜਦੋਂ ਇਹ ਕਿਹਾ ਗਿਆ ਕਿ ਉਸ ਵਲੋਂ ਅੱਗੇ ਕੋਈ ਅੱਤਵਾਦੀ ਸਰਗਰਮੀ ਅਤੇ ਫੌਜੀ ਦੁਸਾਹਸ ਨਹੀਂ ਦਿਖਾਇਆ ਜਾਵੇਗਾ ਤਾਂ ਭਾਰਤ ਨੇ ਵੀ ਉਸ ’ਤੇ ਵਿਚਾਰ ਕੀਤਾ। ਮੈਂ ਫਿਰ ਦੁਹਰਾ ਰਿਹਾ ਹਾਂ ਕਿ ਅਸੀਂ ਪਾਕਿਸਤਾਨ ਦੇ ਅੱਤਵਾਦੀਆਂ ਅਤੇ ਫ਼ੌਜੀ ਟਿਕਾਣਿਆਂ ’ਤੇ ਆਪਣੀ ਜਵਾਬੀ ਕਾਰਵਾਈ ਨੂੰ ਹਾਲੇ ਸਿਰਫ਼ ਰੋਕਿਆ ਹੈ। ਆਉਣ ਵਾਲੇ ਦਿਨਾਂ ਵਿਚ ਅਸੀਂ ਪਾਕਿਸਤਾਨ ਦੇ ਹਰ ਕਦਮ ਨੂੰ ਇਸੇ ਕਸੌਟੀ ’ਤੇ ਮਾਪਾਂਗੇ ਕਿ ਉਹ ਕੀ ਰਵੱਈਆ ਅਖ਼ਤਿਆਰ ਕਰਦਾ ਹੈ।

ਸਾਥੀਓ, ਭਾਰਤ ਦੇ ਤਿੰਨੇ ਫੌਜੀ ਦਲਾਂ, ਸਾਡੀ ਹਵਾਈ ਫ਼ੌਜ, ਸਾਡੀ ਪੈਦਲ ਫ਼ੌਜ ਅਤੇ ਸਾਡੀ ਸਮੁੰਦਰੀ ਫ਼ੌਜ, ਸਾਡੀ ਬਾਰਡਰ ਸਕਿਉਰਟੀ ਫੋਰਸ-ਬੀ.ਐੱਸ.ਐਫ., ਭਾਰਤ ਦੇ ਅਰਧ ਸੈਨਿਕ ਦਲ, ਲਗਾਤਾਰ ਚੌਕਸੀ ’ਤੇ ਹਨ। ਸਰਜੀਕਲ ਸਟ੍ਰਾਈਕ ਅਤੇ ਏਅਰ ਸਟ੍ਰਾਈਕ ਤੋਂ ਬਾਅਦ ਹੁਣ ਆਪ੍ਰੇਸ਼ਨ ਸੰਧੂਰ ਅੱਤਵਾਦ ਵਿਰੁੱਧ ਭਾਰਤ ਦੀ ਨੀਤੀ ਹੈ। ਆਪ੍ਰੇਸ਼ਨ ਸੰਧੂਰ ਨੇ ਅੱਤਵਾਦ ਵਿਰੁੱਧ ਲੜਾਈ ਵਿਚ ਇਕ ਨਵੀਂ ਲਕੀਰ ਖਿੱਚ ਦਿੱਤੀ ਹੈ, ਇਕ ਨਵਾਂ ਪੱਧਰ, ਨਿਊ ਨਾਰਮ (ਸਧਾਰਨਤਾ ਦਾ ਨਵਾਂ ਨਿਯਮ) ਤੈਅ ਕਰ ਦਿੱਤਾ ਹੈ।

ਪਹਿਲਾ-ਭਾਰਤ ’ਤੇ ਅੱਤਵਾਦੀ ਹਮਲਾ ਹੋਇਆ ਤਾਂ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਅਸੀਂ ਆਪਣੇ ਢੰਗ ਨਾਲ, ਆਪਣੀਆਂ ਸ਼ਰਤਾਂ ’ਤੇ ਜਵਾਬ ਦੇ ਕੇ ਰਹਾਂਗੇ। ਹਰ ਉਸ ਥਾਂ ’ਤੇ ਜਾ ਕੇ ਸਖ਼ਤ ਕਾਰਵਾਈ ਕਰਾਂਗੇ, ਜਿਥੋਂ ਅੱਤਵਾਦ ਦੀਆਂ ਜੜ੍ਹਾਂ ਨਿਕਲਦੀਆਂ ਹਨ। ਦੂਜਾ-ਕੋਈ ਵੀ ਨਿਊਕਲੀਅਰ ਬਲੈਕਮੇਲਿੰਗ ਭਾਰਤ ਨਹੀਂ ਸਹੇਗਾ। ਨਿਊਕਲੀਅਰ ਬਲੈਕਮੇਲਿੰਗ ਦੀ ਆੜ ਹੇਠ ਪਣਪ ਰਹੇ ਅੱਤਵਾਦੀ ਟਿਕਾਣਿਆਂ ’ਤੇ ਭਾਰਤ ਸਟੀਕ ਅਤੇ ਨਿਰਣਾਇਕ ਹਮਲਾ ਕਰੇਗਾ।

ਤੀਜਾ-ਅਸੀਂ ਅੱਤਵਾਦ ਦੀ ਸਰਪ੍ਰਸਤ ਸਰਕਾਰ ਅਤੇ ਅੱਤਵਾਦ ਦੇ ਆਕਾਵਾਂ ਨੂੰ ਵੱਖ-ਵੱਖ ਕਰਕੇ ਨਹੀਂ ਦੇਖਾਂਗੇ। ਆਪ੍ਰੇਸ਼ਨ ਸੰਧੂਰ ਦੌਰਾਨ, ਦੁਨੀਆ ਨੇ ਪਾਕਿਸਤਾਨ ਦਾ ਉਹ ਘਿਣਾਉਣਾ ਸੱਚ ਫਿਰ ਦੇਖਿਆ ਹੈ, ਜਦੋਂ ਮਾਰੇ ਗਏ ਅੱਤਵਾਦੀਆਂ ਨੂੰ ਵਿਦਾਈ ਦੇਣ ਪਾਕਿਸਤਾਨੀ ਫ਼ੌਜ ਦੇ ਵੱਡੇ-ਵੱਡੇ ਅਫ਼ਸਰ ਆ ਗਏ। ਸਟੇਟ ਸਪਾਂਸਰਡ ਅੱਤਵਾਦ ਦਾ ਇਹ ਬਹੁਤ ਵੱਡਾ ਸਬੂਤ ਹੈ। ਅਸੀਂ ਭਾਰਤ ਅਤੇ ਆਪਣੇ ਨਾਗਰਿਕਾਂ ਨੂੰ ਕਿਸੇ ਵੀ ਖ਼ਤਰੇ ਤੋਂ ਬਚਾਉਣ ਲਈ ਲਗਾਤਾਰ ਨਿਰਣਾਇਕ ਕਦਮ ਚੁੱਕਦੇ ਰਹਾਂਗੇ।

ਸਾਥੀਓ, ਯੁੱਧ ਦੇ ਮੈਦਾਨ ’ਤੇ ਅਸੀਂ ਹਰ ਵਾਰ ਪਾਕਿਸਤਾਨ ਨੂੰ ਧੂਲ ਚਟਾਈ ਹੈ ਅਤੇ ਇਸ ਵਾਰ ਆਪ੍ਰੇਸ਼ਨ ਸੰਧੂਰ ਨੇ ਨਵਾਂ ਪੰਨਾ ਜੋੜਿਆ ਹੈ। ਅਸੀਂ ਰੇਗਿਸਤਾਨਾਂ ਅਤੇ ਪਹਾੜਾਂ ਵਿਚ ਆਪਣੀ ਤਾਕਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਨਾਲ ਹੀ ‘ਨਿਊ ਏਜ ਵਾਰਫੇਅਰ’ (ਨਵੀਂ ਕਿਸਮ ਦੀ ਜੰਗ) ਸੰਬੰਧੀ ਵੀ ਆਪਣੀ ਤਾਕਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਨਾਲ ਹੀ ਨਿਊ ਏਜ ਵਾਰਫੇਅਰ ਵਿਚ ਵੀ ਆਪਣੀ ਸ਼੍ਰੇਸ਼ਠਤਾ ਸਿੱਧ ਕੀਤੀ। ਇਸ ਆਪ੍ਰੇਸ਼ਨ ਦੌਰਾਨ ਮੇਡ ਇਨ ਇੰਡੀਆ ਹਥਿਆਰਾਂ ਦੀ ਪ੍ਰਮਾਣਿਕਤਾ ਸਿੱਧ ਹੋਈ। ਅੱਜ ਦੁਨੀਆ ਦੇਖ ਰਹੀ ਹੈ, 21ਵੀਂ ਸਦੀ ਦੇ ਵਾਰਫੇਅਰ ਵਿਚ ਮੇਡ ਇਨ ਇੰਡੀਆ ਡਿਫੈਂਸ ਇਕਊਪਮੈਂਟਸ, ਦਾ ਸਮਾਂ ਆ ਚੁੱਕਾ ਹੈ।

ਸਾਥੀਓ, ਹਰ ਤਰ੍ਹਾਂ ਦੇ ਅੱਤਵਾਦ ਵਿਰੁੱਧ ਸਾਡਾ ਸਭ ਦਾ ਇਕੱਠੇ ਰਹਿਣਾ, ਸਾਡੀ ਏਕਤਾ, ਸਾਡੀ ਸਭ ਤੋਂ ਵੱਡੀ ਸ਼ਕਤੀ ਹੈ। ਯਕੀਨੀ ਤੌਰ ’ਤੇ ਇਹ ਯੁੱਗ ਯੁੱਧ ਦਾ ਨਹੀਂ ਹੈ, ਪਰ ਇਹ ਯੁੱਗ ਅੱਤਵਾਦ ਦਾ ਵੀ ਨਹੀਂ ਹੈ। ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ, ਇਹ ਇਕ ਬਿਹਤਰ ਦੁਨੀਆ ਦੀ ਗਾਰੰਟੀ ਹੈ।

ਸਾਥੀਓ, ਪਾਕਿਸਤਾਨੀ ਫ਼ੌਜ, ਪਾਕਿਸਤਾਨ ਦੀ ਸਰਕਾਰ, ਜਿਸ ਤਰ੍ਹਾਂ ਅੱਤਵਾਦ ਨੂੰ ਖਾਦ-ਪਾਣੀ ਦੇ ਰਹੇ ਹਨ, ਉਹ ਇਕ ਦਿਨ ਪਾਕਿਸਤਾਨ ਨੂੰ ਹੀ ਖ਼ਤਮ ਕਰ ਦੇਵੇਗਾ। ਪਾਕਿਸਤਾਨ ਨੇ ਜੇਕਰ ਬਚਣਾ ਹੈ ਤਾਂ ਉਸ ਨੂੰ ਆਪਣੇ ਅੱਤਵਾਦੀ ਢਾਂਚੇ ਦਾ ਸਫਾਇਆ ਕਰਨਾ ਹੀ ਹੋਵੇਗਾ। ਇਸ ਤੋਂ ਇਲਾਵਾ ਸ਼ਾਂਤੀ ਦਾ ਕੋਈ ਰਸਤਾ ਨਹੀਂ ਹੈ। ਭਾਰਤ ਦਾ ਮਤ ਇਕਦਮ ਸਪੱਸ਼ਟ ਹੈ, ਅੱਤਵਾਦ ਤੇ ਗੱਲਬਾਤ, ਇਕੱਠੇ ਨਹੀਂ ਹੋ ਸਕਦੇ, ਅੱਤਵਾਦ ਅਤੇ ਵਪਾਰ, ਇਕੱਠੇ ਨਹੀਂ ਚੱਲ ਸਕਦੇ ਅਤੇ ਪਾਣੀ ਅਤੇ ਖ਼ੂਨ ਵੀ ਇਕੱਠੇ ਨਹੀਂ ਵਹਿ ਸਕਦੇ। ਮੈਂ ਅੱਜ ਵਿਸ਼ਵ ਭਾਈਚਾਰੇ ਨੂੰ ਵੀ ਕਹਾਂਗਾ, ਸਾਡੀ ਐਲਾਨੀ ਨੀਤੀ ਰਹੀ ਹੈ, ਜੇਕਰ ਪਾਕਿਸਤਾਨ ਨਾਲ ਗੱਲ ਹੋਵੇਗੀ ਤਾਂ ਅੱਤਵਾਦ ’ਤੇ ਹੀ ਹੋਵੇਗੀ, ਜੇਕਰ ਪਾਕਿਸਤਾਨ ਨਾਲ ਗੱਲ ਹੋਵੇਗੀ ਤਾਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ’ਤੇ ਹੀ ਹੋਵੇਗੀ।

ਪਿਆਰੇ ਦੇਸ਼ ਵਾਸੀਓ, ਅੱਜ ਬੁੱਧ ਪੂਰਣਿਮਾ ਹੈ। ਭਗਵਾਨ ਬੁੱਧ ਨੇ ਸਾਨੂੰ ਸ਼ਾਂਤੀ ਦਾ ਰਸਤਾ ਦਿਖਾਇਆ ਹੈ। ਸ਼ਾਂਤੀ ਦਾ ਰਸਤਾ ਵੀ ਸ਼ਕਤੀ ਤੋਂ ਹੋ ਕੇ ਹੀ ਜਾਂਦਾ ਹੈ। ਮਾਨਵਤਾ ਸ਼ਾਂਤੀ ਅਤੇ ਤਰੱਕੀ ਵੱਲ ਵਧੇ, ਹਰ ਭਾਰਤੀ ਸ਼ਾਂਤੀ ਨਾਲ ਜੀਅ ਸਕੇ, ਵਿਕਸਿਤ ਭਾਰਤ ਦੇ ਸੁਪਨੇ ਨੂੰ ਪੂਰਾ ਕਰ ਸਕੇ, ਇਸ ਲਈ ਭਾਰਤ ਦਾ ਸ਼ਕਤੀਸ਼ਾਲੀ ਹੋਣਾ ਬਹੁਤ ਜ਼ਰੂਰੀ ਹੈ ਅਤੇ ਜ਼ਰੂਰਤ ਪੈਣ ’ਤੇ ਇਸ ਸ਼ਕਤੀ ਦੀ ਵਰਤੋਂ ਵੀ ਜ਼ਰੂਰੀ ਹੈ। ਪਿਛਲੇ ਕੁਝ ਦਿਨਾਂ ਵਿਚ ਭਾਰਤ ਨੇ ਇਹੀ ਕੀਤਾ ਹੈ।

ਮੈਂ ਇਕ ਵਾਰ ਫਿਰ ਭਾਰਤ ਦੀ ਫ਼ੌਜ ਅਤੇ ਹਥਿਆਰਬੰਦ ਸੈਨਾਵਾਂ ਨੂੰ ਪ੍ਰਣਾਮ ਕਰਦਾ ਹਾਂ। ਅਸੀਂ ਹਰ ਭਾਰਤ ਵਾਸੀ ਦੇ ਹੌਸਲੇ, ਹਰ ਭਾਰਤ ਵਾਸੀ ਦੀ ਇਕਜੁਟਤਾ ਦੀ ਸਹੁੰ ਤੇ ਸੰਕਲਪ ਨੂੰ ਮੈਂ ਸਿਜਦਾ ਕਰਦਾ ਹਾਂ।

**ਬਹੁਤ-ਬਹੁਤ ਧੰਨਵਾਦ।**

**ਭਾਰਤ ਮਾਤਾ ਦੀ ਜੈ!**

**ਭਾਰਤ ਦੀ ਮਾਤਾ ਦੀ ਜੈ!!**

**ਭਾਰਤ ਮਾਤਾ ਦੀ ਜੈ!!!**

# ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਭਾਰਤ-ਪਾਕਿ ਜੰਗ ਖਿਲਾਫ ਮਤਾ ਪਾਸ

## ‘ਪੰਜਾਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ’

ਸਰੀ, (ਡਾ. ਗੁਰਵਿੰਦਰ ਸਿੰਘ) ਕੈਨੇਡਾ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ‘ਪੰਜਾਬੀ ਪ੍ਰੈਸ ਕਲੱਬ ਆਫ ਬੀਸੀ’ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਦੇ ਹਾਲਾਤ ਤੁਰੰਤ ਖਤਮ ਕਰਨ ਅਤੇ ਪੰਜਾਬ ਨੂੰ ਜੰਗ ਦਾ ਅਖਾੜਾ ਨਾ ਬਣਾਉਣ ਦੀ ਅਪੀਲ ਕੀਤੀ ਹੈ। ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਵੱਲੋਂ ਭਾਰਤ-ਪਾਕਿ ਟਕਰਾਅ ’ਤੇ ਫਿਕਰਮੰਦੀ ਜ਼ਾਹਿਰ ਕਰਦਿਆਂ ਤੁਰੰਤ ਜੰਗਬੰਦੀ ਦੀ ਅਪੀਲ ਕੀਤੀ ਗਈ। ਪ੍ਰੈੱਸ ਕਲੱਬ ਵੱਲੋਂ ਪਾਸ ਮਤੇ ਰਾਹੀਂ ਅਪੀਲ ਕੀਤੀ ਗਈ ਕਿ ਦੋਵੇਂ ਮੁਲਕ ਸਿਆਸਤ ਤੋਂ ਉਪਰ ਉੱਠ ਕੇ, ਦੋਹਾਂ ਮੁਲਕਾਂ ਦੇ ਬਖਸ਼ਿੰਦਿਆਂ ਦੀ ਜ਼ਿੰਦਗੀ ਸਧਾਰਨ ਵੱਲ ਧਿਆਨ ਦੇਣ ਅਤੇ ਆਪਸੀ ਪਿਆਰ ਵਧਾਉਣ ਵਾਲੇ ਯਤਨ ਕਰਨ। ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਨੇ ਸੱਦਾ ਦਿੱਤਾ ‘ਪੰਜਾਬੀ ਹੋਣ ਨਾਤੇ, ਇਨਸਾਨ ਹੋਣ ਨਾਤੇ ਅਸੀਂ ਹਰ ਖਿੱਤੇ ਦੀ ਹੋ ਰਹੀ ਤਬਾਹੀ ਦੇ ਵਿਰੁੱਧ ਹਾਂ ਅਤੇ ਕਿਸੇ ਵੀ ਖਿੱਤੇ ਵਿੱਚ ਅਜਿਹੇ ਹਾਲਾਤ ਨਾ ਬਣਾਉਣ ਦੇ ਹਾਮੀ ਹਾਂ, ਪਰ ਇਸ ਜੰਗ ਵਿੱਚ ਪੰਜਾਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ। ਮਸਲੇ ਗੱਲਬਾਤ ਰਾਹੀਂ ਹੱਲ ਹੋਣਗੇ।’





# ਰਾਜਨਾਥ ਸਿੰਘ ਵੱਲੋਂ ਸੁਰੱਖਿਆ ਹਾਲਾਤ ਦੀ ਸਮੀਖਿਆ

## ਰੱਖਿਆ ਸਕੱਤਰ, ਚੀਫ ਆਫ ਡਿਫੈਂਸ ਸਮੇਤ ਹੋਰ ਸੀਨੀਅਰ ਫੌਜੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ;

ਰੱਖਿਆ ਸਕੱਤਰ, ਚੀਫ ਆਫ ਡਿਫੈਂਸ ਸਮੇਤ ਹੋਰ ਸੀਨੀਅਰ ਫੌਜੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ

ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਰੱਖਿਆ ਸਕੱਤਰ ਸਿਖ਼ਰਲੇ ਫੌਜੀ ਅਧਿਕਾਰੀਆਂ ਨਾਲ ਬੈਠਕ ਕਰਕੇ ਸੁਰੱਖਿਆ ਹਾਲਾਤ ਦੀ ਸਮੀਖਿਆ ਕੀਤੀ। ਮੀਟਿੰਗ ਵਿੱਚ ਚੀਫ਼ ਆਫ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ, ਭਾਰਤੀ ਹਵਾਈ ਸੈਨਾ ਦੇ ਉਪ ਮੁਖੀ ਏਅਰ ਮਾਰਸ਼ਲ ਨਰਮਦੇਸ਼ਵਰ ਤਿਵਾੜੀ ਅਤੇ ਰੱਖਿਆ ਸਕੱਤਰ ਆਰਕੇ ਸਿੰਘ ਸ਼ਾਮਲ ਸਨ।

ਇਹ ਬੈਠਕ ਭਾਰਤ ਅਤੇ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀਜੀਐੱਮਓ) ਵੱਲੋਂ ਹੌਟਲਾਈਨ ’ਤੇ ਗੱਲਬਾਤ ਕਰਨ ਤੋਂ ਇਕ ਦਿਨ ਬਾਅਦ ਹੋਈ ਹੈ ਜਿੱਥੇ ਦੋਵਾਂ ਧਿਰਾਂ ਨੇ ਸਹਿਮਤੀ ਦਿੱਤੀ ਸੀ ਕਿ ਉਹ ‘ਗੋਲੀ ਨਹੀਂ ਚਲਾਉਣਗੀਆਂ ਤੇ ਨਾ ਹੀ ਕੋਈ ਹਮਲਾਵਰ ਅਤੇ ਦੁਸ਼ਮਣੀ ਵਾਲੀ ਕਾਰਵਾਈ ਸ਼ੁਰੂ ਕਰਨਗੀਆਂ।”



ਹਾਲਾਂਕਿ, ਦੋਵਾਂ ਫੌਜੀ ਅਧਿਕਾਰੀਆਂ ਵਿਚਕਾਰ ਸਹਿਮਤੀ ਦੇ ਕੁਝ ਘੰਟਿਆਂ ਅੰਦਰ, ਜੰਮੂ-ਕਸ਼ਮੀਰ ਦੇ ਸਾਂਬਾ ਅਤੇ ਜਲੰਧਰ ਦੇ ਸੂਰਾਨਸੀ ਗੋਲਾ-ਬਾਰੂਦ ਡੰਪ ਦੇ ਆਲੇ-ਦੁਆਲੇ ਦੇ ਕੁਝ ਇਲਾਕਿਆਂ ਵਿੱਚ ਸ਼ੱਕੀ ਡਰੋਨ ਦੇਖੇ ਗਏ। ਅਧਿਕਾਰੀਆਂ ਨੇ ਕਿਹਾ ਕਿ ਫੌਜ ਉਨ੍ਹਾਂ ਨਾਲ ਰਾਬਤਾ ਕਰ ਰਹੀ ਹੈ। ਫੌਜ ਨੇ ਕਿਹਾ, “ਜੰਮੂ-ਕਸ਼ਮੀਰ ਦੇ ਸਾਂਬਾ ਨੇੜੇ ਕੁਝ ਸ਼ੱਕੀ ਡਰੋਨ ਦੇਖੇ ਗਏ ਹਨ। ਅਸੀਂ ਗੱਲਬਾਤ ਕਰ ਰਹੇ ਹਾਂ। ਘਬਰਾਉਣ ਦੀ ਕੋਈ ਲੋੜ ਨਹੀਂ ਹੈ।” ਇਹ ਸਭ ਕੁਝ ਅਜਿਹੇ ਮੌਕੇ ਹੋ ਰਿਹਾ ਹੈ ਜਦੋਂ ਪੰਜਾਬ ਦੇ ਕਈ ਸ਼ਹਿਰਾਂ, ਜਿਨ੍ਹਾਂ ਵਿੱਚ ਅੰਮ੍ਰਿਤਸਰ ਅਤੇ ਜਲੰਧਰ ਵੀ ਸ਼ਾਮਲ ਹਨ, ਨੂੰ ਗੁਆਂਢੀ ਮੁਲਕ ਵੱਲੋਂ ਹਵਾਈ ਹਮਲਿਆਂ ਦੇ ਖ਼ਤਰੇ ਕਰਕੇ ਬਲੈਕਆਊਟ ਦਾ ਸਾਹਮਣਾ ਕਰਨਾ ਪਿਆ ਹੈ।

# ਹਰ ਅੱਤਵਾਦੀ ਹਮਲੇ ਦਾ ਜਵਾਬ ਆਪਣੀਆਂ ਸ਼ਰਤਾਂ ਅਨੁਸਾਰ ਦੇਵਾਂਗੇ : ਮੋਦੀ

## ਇਹ ਦੇਸ਼ ਗੁਰੂ ਗੋਬਿੰਦ ਸਿੰਘ ਜੀ ਤੇ ਬੁੱਧ ਦੀ ਧਰਤੀ ਹੈ : ਪ੍ਰਧਾਨ ਮੰਤਰੀ

## ਹਵਾਈ ਫ਼ੌਜ ਦੇ ਬਹਾਦਰ ਜਵਾਨਾਂ ਤੇ ਅਧਿਕਾਰੀਆਂ ਨਾਲ ਕੀਤੀ ਮੁਲਾਕਾਤ











ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਏਅਰਬੇਸ ਤੋਂ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਤੁਸੀਂ ਨਾ ਸਿਰਫ਼ ਭਾਰਤ ਦੇ ਕਿਸੇ ਵੀ ਫੌਜੀ ਸੰਸਥਾਨ ਨੂੰ ਨੁਕਸਾਨ ਪਹੁੰਚਾਉਣ 'ਚ ਅਸਫਲ ਰਹੇ ਹੋ, ਬਲਕਿ ਜੇਕਰ ਤੁਹਾਡੀ ਧਰਤੀ ਤੋਂ ਅੱਤਵਾਦ ਜਾਰੀ ਰਿਹਾ ਤਾਂ ਤੁਹਾਡਾ ਸਫਾਇਆ ਹੋ ਜਾਵੇਗਾ। ਆਪ੍ਰੇਸ਼ਨ ਸੰਧੂਰ ਤੋਂ ਬਾਅਦ ਹਥਿਆਰਬੰਦ ਸੈਨਾਵਾਂ ਨੂੰ ਆਪਣੇ ਪਹਿਲੇ ਸੰਬੋਧਨ 'ਚ ਪ੍ਰਧਾਨ ਮੰਤਰੀ ਨੇ ਚਾਰ ਦਿਨਾਂ ਦੀ ਲੜਾਈ, ਜਿਸ 'ਚ 9 ਅੱਤਵਾਦੀ ਕੈਂਪਾਂ ਨੂੰ ਤਬਾਹ ਕੀਤਾ ਗਿਆ ਤੇ 8 ਫ਼ੌਜੀ ਟਿਕਾਣਿਆਂ ਨੂੰ ਨੁਕਸਾਨ ਪਹੁੰਚਿਆ ਗਿਆ, 'ਚ ਪਾਕਿਸਤਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰਨ 'ਤੇ ਫ਼ੌਜ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਰਾਸ਼ਟਰ ਨੂੰ ਆਪਣੇ ਸੰਬੋਧਨ 'ਚ ਦਿੱਤੇ ਤਿੰਨ ਸੰਦੇਸ਼ਾਂ ਨੂੰ ਦੁਹਰਾਇਆ, ਜਿਸ 'ਚ ਇਹ ਵੀ ਸ਼ਾਮਿਲ ਹੈ ਕਿ ਭਾਰਤ ਪਾਕਿਸਤਾਨ ਦੇ ਪ੍ਰਮਾਣੂ ਬਲੈਕਮੇਲ ਅੱਗੇ ਨਹੀਂ ਝੁਕੇਗਾ ਤੇ ਪਾਕਿਸਤਾਨ ਵਲੋਂ ਕਿਸੇ ਵੀ ਭੜਕਾਹਟ ਦਾ ਜਵਾਬ ਆਪਣੀਆਂ ਸ਼ਰਤਾਂ ਤੇ ਸਮੇਂ ਅਨੁਸਾਰ ਦੇਵੇਗਾ। ਉਨ੍ਹਾਂ ਕਿਹਾ ਕਿ 'ਆਪਨੇ ਜੋ ਕੀਆ ਵੋ ਅਭੂਤਪੂਰਵ, ਅਕਲਪਨੀਆ ਔਰ ਅਭੂਤ ਹੈ (ਤੁਸੀਂ ਜੋ ਪ੍ਰਾਪਤ ਕੀਤਾ ਹੈ ਉਹ ਬੇਮਿਸਾਲ, ਕਲਪਨਾਯੋਗ ਤੇ ਹੈਰਾਨੀਜਨਕ ਹੈ)। ਪ੍ਰਧਾਨ ਮੰਤਰੀ ਦੇ ਭਾਸ਼ਨ ਦੀ ਖਾਸੀਅਤ ਇਹ ਸੀ ਰਹੀ ਕਿ ਇਹ ਆਦਮਪੁਰ ਬੇਸ, ਜੋ ਪਾਕਿ ਸਰਹੱਦ ਤੋਂ ਸਿਰਫ਼ 100 ਕਿਲੋਮੀਟਰ ਦੂਰ ਹੈ, ਤੋਂ ਦਿੱਤਾ ਗਿਆ ਤੇ ਬੇਸ ਨੂੰ ਪਾਕਿਸਤਾਨ ਨੇ ਤਬਾਹ ਕਰਨ ਦਾ ਦਾਅਵਾ ਕੀਤਾ ਸੀ। ਉਨ੍ਹਾਂ ਕਿਹਾ ਕਿ ਅੱਤਵਾਦ ਵਿਰੁੱਧ ਭਾਰਤ ਕੀ ਲਸ਼ਮਣ ਰੇਖਾ ਇਕਦਮ ਸਪੱਸ਼ਟ ਹੈ। ਹੁਣ ਮੁੜ ਕੋਈ ਅੱਤਵਾਦੀ ਹਮਲਾ ਹੋਇਆ ਤਾਂ ਭਾਰਤ ਹੋਰ ਸਖ਼ਤ ਜਵਾਬ ਦੇਵੇਗਾ। ਅਚਾਨਕ ਏਅਰਬੇਸ ਪੁੱਜੇ ਪ੍ਰਧਾਨ ਮੰਤਰੀ ਦਾ ਹਵਾਈ ਫ਼ੌਜ ਦੇ ਕਰਮਚਾਰੀਆਂ ਨੇ 'ਭਾਰਤ ਮਾਤਾ ਕੀ ਜੈ' ਨਾਲ ਭਰਵਾਂ ਸਵਾਗਤ ਕੀਤਾ। ਸੈਨਿਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਜਿਸ ਥਾਂ ਤੋਂ ਸੰਬੋਧਨ ਕੀਤਾ ਉਸ ਪਿੱਛੇ ਐਸ-400 ਮਿਜ਼ਾਈਲ ਪ੍ਰਣਾਲੀ ਖੜ੍ਹੀ ਸੀ। ਉਨ੍ਹਾਂ ਹਵਾਈ ਫ਼ੌਜ ਨੂੰ ਚੌਕਸ ਰਹਿਣ ਲਈ ਕਹਿੰਦਿਆਂ ਜ਼ੋਰ ਦਿੱਤਾ ਕਿ ਇਹ ਨਵਾਂ ਭਾਰਤ ਹੈ, ਇਹ ਭਾਰਤ ਸ਼ਾਂਤੀ ਚਾਹੁੰਦਾ ਹੈ, ਪਰ ਜੇਕਰ ਮਨੁੱਖਤਾ 'ਤੇ ਹਮਲਾ ਹੁੰਦਾ ਹੈ ਤਾਂ ਇਹ ਜਾਣਦਾ ਹੈ ਕਿ ਜੰਗ ਦੇ ਮੈਦਾਨ 'ਚ ਦੁਸ਼ਮਣ ਨੂੰ ਕਿਵੇਂ ਕੁਚਲਣਾ ਹੈ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸੰਧੂਰ ਕੋਈ ਆਮ ਮੁਹਿਮ ਨਹੀਂ ਸਗੋਂ ਭਾਰਤ ਦੀ ਨੀਤੀ, ਇਰਾਦੇ ਤੇ ਨਿਰਣਾਇਕ ਸਮਰੱਥਾ ਦਾ ਪ੍ਰਤੀਕ ਹੈ, ਜੋ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਇਹ ਦੇਸ਼ ਸ਼ਾਂਤੀ ਦੇ ਦੂਤ ਬੁੱਧ ਤੇ ਗੁਰੂ ਗੋਬਿੰਦ ਸਿੰਘ ਦੀ ਧਰਤੀ ਹੈ, ਜਿਨ੍ਹਾਂ ਦੁਸ਼ਮਣਾਂ ਵਿਰੁੱਧ ਸਿੱਖ ਫ਼ੌਜ ਨੂੰ ਮਜ਼ਬੂਤ ਕੀਤਾ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਧਰਮ ਸਥਾਪਿਤ ਕਰਨ ਲਈ ਹਥਿਆਰ ਚੁੱਕਣਾ ਇਕ ਭਾਰਤੀ ਪਰੰਪਰਾ ਹੈ। ਜਦੋਂ ਸਾਡੀਆਂ ਭੈਣਾਂ ਤੇ ਧੀਆਂ ਦਾ ਸੰਧੂਰ ਮਿਟਾ ਦਿੱਤਾ ਗਿਆ ਤਾਂ ਅਸੀਂ ਅੱਤਵਾਦੀਆਂ ਨੂੰ ਉਨ੍ਹਾਂ ਦੇ ਘਰਾਂ 'ਚ ਵੜ੍ਹ ਕੇ ਕੁਚਲ ਦਿੱਤਾ। ਉਨ੍ਹਾਂ ਕਿਹਾ ਕਿ ਅੱਤਵਾਦ ਦੇ ਸਰਪ੍ਰਸਤਾਂ ਨੇ ਸਮਝ ਲਿਆ ਹੈ ਕਿ ਭਾਰਤ 'ਤੇ ਬੁਰੀ ਨਜ਼ਰ ਰੱਖਣ ਦਾ ਸਿਰਫ਼ ਇਕ ਹੀ ਨਤੀਜਾ ਹੋਵੇਗਾ, ਤਬਾਹੀ। ਨਿਰਦੋਸ਼ਾਂ ਨੂੰ ਮਾਰਨ ਦਾ ਸਿਰਫ਼ ਇਕ ਹੀ ਨਤੀਜਾ ਹੋਵੇਗਾ, ਤਬਾਹੀ, ਪੂਰਨ ਵਿਨਾਸ਼। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਨੇ ਸੋਚਿਆ ਹੈ ਕਿ ਉਨ੍ਹਾਂ ਨੂੰ ਪਾਕਿਸਤਾਨੀ ਹਥਿਆਰਬੰਦ ਬਲਾਂ ਦੀ ਸੁਰੱਖਿਆ ਪ੍ਰਾਪਤ ਹੈ। ਭਾਰਤੀ ਹਵਾਈ ਫ਼ੌਜ, ਫ਼ੌਜ ਤੇ ਜਲ ਸੈਨਾ ਨੇ ਪਾਕਿਸਤਾਨੀ ਫ਼ੌਜਾਂ ਦਾ ਸਖ਼ਤੀ ਨਾਲ ਸਾਹਮਣਾ ਕੀਤਾ ਤੇ ਉਨ੍ਹਾਂ ਨੂੰ ਦੱਸਿਆ ਕਿ ਪਾਕਿਸਤਾਨ 'ਚ ਅਜਿਹੀ ਕੋਈ ਜਗ੍ਹਾ ਨਹੀਂ ਹੈ ਜਿੱਥੇ ਅੱਤਵਾਦੀ ਸੁਰੱਖਿਅਤ ਮਹਿਸੂਸ ਕਰ ਸਕਣ। ਮੋਦੀ ਨੇ ਕਿਹਾ ਅਸੀਂ ਅੱਤਵਾਦੀਆਂ ਨੂੰ ਉਨ੍ਹਾਂ ਦੇ ਘਰ 'ਚ ਵੜ੍ਹ ਕੇ ਮਾਰਾਂਗੇ ਤੇ ਭੱਜਣ ਦਾ ਕੋਈ ਮੌਕਾ ਨਹੀਂ ਦੇਵਾਂਗੇ। ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨਾਲ ਲਗਦੀ ਅੰਤਰਰਾਸ਼ਟਰੀ ਸਰਹੱਦ 'ਤੇ ਤਾਇਨਾਤ ਬੀ.ਐਸ.ਐਫ. ਵਰਗੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀ ਵੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਉਨ੍ਹਾਂ ਹਰ ਭਾਰਤੀ ਨੂੰ ਮਾਣ ਮਹਿਸੂਸ ਕਰਵਾਇਆ ਹੈ। ਮੋਦੀ ਨੇ ਹਵਾਈ ਯੋਧਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਮੈਂ ਸਵੇਰੇ-ਸਵੇਰੇ ਤੁਹਾਡੇ ਦਰਸ਼ਨ ਕਰਨ ਲਈ ਤੁਹਾਡੇ ਕੋਲ ਆਇਆ ਹਾਂ। ਉਨ੍ਹਾਂ ਕਿਹਾ ਕਿ ਉਹ ਤੇ ਉਨ੍ਹਾਂ ਦੇ ਸਾਥੀ ਕਈ ਦਹਾਕਿਆਂ ਬਾਅਦ ਵੀ ਭਾਰਤ ਦੀ ਬਹਾਦਰੀ 'ਤੇ ਕਿਸੇ ਵੀ ਚਰਚਾ 'ਚ ਸਭ ਤੋਂ ਮਹੱਤਵਪੂਰਨ ਅਧਿਆਇ ਹੋਣਗੇ। ਉਨ੍ਹਾਂ ਫ਼ੌਜੀਆਂ ਨੂੰ ਸਲਾਮ ਕਰਦੇ ਹੋਏ ਕਿਹਾ ਕਿ ਤੁਸੀਂ ਸਾਰੇ ਨਾ ਸਿਰਫ਼ ਮੌਜੂਦਾ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਬਣ ਗਏ ਹੋ। ਉਨ੍ਹਾਂ ਕਿਹਾ ਕਿ ਭਾਰਤ ਦੇ ਡਰੋਨਾਂ ਤੇ ਮਿਜ਼ਾਈਲਾਂ ਨੂੰ ਦੇਖ ਕੇ ਪਾਕਿਸਤਾਨ ਦੀਆਂ ਰਾਤਾਂ ਦੀ ਨੀਂਦ ਉੱਡ ਗਈ ਹੈ। ਪ੍ਰਧਾਨ ਮੰਤਰੀ ਨੇ ਡਰੋਨਾਂ ਦੀ ਗਤੀ ਤੇ ਸਟੀਕਤਾ ਤੋਂ ਹੈਰਾਨ ਰਹਿਣ ਤੋਂ ਬਾਅਦ ਸੰਘਰਸ਼ ਦੌਰਾਨ ਆਪਣੇ ਹਵਾਈ ਖੇਤਰ 'ਚ ਨਾਗਰਿਕ ਜਹਾਜ਼ਾਂ ਦੀ ਵਰਤੋਂ ਕਰਨ 'ਤੇ ਗੁਆਂਢੀ ਦੇਸ਼ ਦੀ ਨਿੰਦਾ ਕੀਤੀ ਤੇ ਨਾਗਰਿਕ ਜਹਾਜ਼ਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਦੁਸ਼ਮਣਾਂ 'ਤੇ ਹਮਲਾ ਕਰਨ ਲਈ ਭਾਰਤੀ ਫ਼ੌਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਨਾ ਸਿਰਫ਼ ਅੱਤਵਾਦੀ ਟਿਕਾਣੇ ਤੇ ਹਵਾਈ ਅੱਡੇ ਤਬਾਹ ਕੀਤੇ ਗਏ, ਸਗੋਂ ਉਨ੍ਹਾਂ ਦੇ ਅਪਵਿੱਤਰ ਇਰਾਦੇ ਵੀ, ਬਦਨੀਤੀ ਵੀ ਪਸਤ ਹੋਈ। ਮੋਦੀ ਨੇ ਕਿਹਾ ਕਿ ਪਾਕਿਸਤਾਨ ਨੇ ਆਦਮਪੁਰ ਸਮੇਤ ਭਾਰਤੀ ਹਵਾਈ ਅੱਡਿਆਂ 'ਤੇ ਹਮਲਾ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ, ਪਰ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ ਦੇ ਵਿਰੁੱਧ ਉਹ ਅਸਫਲ ਰਿਹਾ।

### ਅਮਰੀਕਾ ਦੇ ਸੀਨੀਅਰ ਅਧਿਕਾਰੀ ਮਿਚੇਲ ਰੁਬਿਨ ਦਾ ਖੁਲਾਸਾ

- ਪਾਕਿਸਤਾਨ ਚਾਰ ਦਿਨਾਂ ਦੀ ਜੰਗ ਵਿਚ ਡਰ ਗਿਆ ਤੇ ਖ਼ੁਦ ਜੰਗਬੰਦੀ ਦੀ ਭੀਖ ਮੰਗੀ
- ਭਾਰਤ ਨੇ ਸਿਰਫ਼ ਜਵਾਬੀ ਕਾਰਵਾਈ ਕੀਤੀ ਜੋ ਕਿ ਪੂਰੀ ਤਰ੍ਹਾਂ ਜਾਇਜ਼ ਸੀ।
- ਹਰ ਦੇਸ਼ ਨੂੰ ਆਪਣੇ ਨਾਗਰਿਕਾਂ ਦੀ ਰੱਖਿਆ ਕਰਨ ਦਾ ਅਧਿਕਾਰ ਹੈ।



# 'ਕਸ਼ਮੀਰ ਮੁੱਦੇ 'ਤੇ ਤੀਜੀ ਧਿਰ ਦਾ ਦਖ਼ਲ ਮਨਜ਼ੂਰ ਨਹੀਂ'

ਨਵੀਂ ਦਿੱਲੀ : 'ਭਾਰਤ ਨੇ ਕਸ਼ਮੀਰ ਨੂੰ ਲੈ ਕੇ ਆਪਣਾ ਰੁਖ਼ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਕਸ਼ਮੀਰ ਇਕ ਦੁਵੱਲਾ ਮੁੱਦਾ ਹੈ। ਇਸ ਸਥਿਤੀ 'ਚ ਕੋਈ ਵੀ ਬਦਲਾਅ ਨਹੀਂ ਹੋਇਆ ਹੈ ਅਤੇ ਭਾਰਤ ਨੂੰ ਇਸ ਮੁੱਦੇ 'ਤੇ ਕਿਸੇ ਦੀ ਵਿਚੋਲਗੀ ਮਨਜ਼ੂਰ ਨਹੀਂ ਹੈ।' ਉਕਤ ਬਿਆਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਮੰਗਲਵਾਰ ਸ਼ਾਮ ਨੂੰ ਇਕ ਪ੍ਰੈੱਸ ਕਾਨਫ਼ਰੰਸ 'ਚ ਦਿੱਤਾ। ਵਿਦੇਸ਼ ਮੰਤਰਾਲੇ ਵਲੋਂ ਇਹ ਸਪੱਸ਼ਟੀਕਰਨ ਉਸ ਵੇਲੇ ਆਇਆ ਹੈ ਜਦੋਂ ਵਿਰੋਧੀ ਧਿਰਾਂ ਵਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਦੇ ਹਵਾਲੇ ਨਾਲ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਹਨ, ਜਿਸ 'ਚ ਉਨ੍ਹਾਂ ਪਹਿਲਾਂ ਭਾਰਤ-ਪਾਕਿਸਤਾਨ ਦਰਮਿਆਨ ਫ਼ੌਜੀ ਸੰਘਰਸ਼ ਖ਼ਤਮ ਕਰਵਾਉਣ ਅਤੇ ਗੋਲੀਬੰਦੀ ਕਰਵਾਉਣ ਦਾ ਸਿਹਰਾ ਆਪਣੇ ਸਿਰ ਲੈਂਦਿਆਂ ਦੋਹਾਂ ਦੇਸ਼ਾਂ ਦੇ ਅਧਿਕਾਰਕ ਬਿਆਨ ਤੋਂ ਪਹਿਲਾਂ ਆਪ ਗੋਲੀਬੰਦੀ ਦੇ ਫ਼ੈਸਲੇ ਦਾ ਐਲਾਨ ਕੀਤਾ। ਉਸ ਤੋਂ ਬਾਅਦ ਉਨ੍ਹਾਂ ਇਹ ਵੀ ਬਿਆਨ ਦਿੱਤਾ ਕਿ ਉਹ ਦੋਹਾਂ ਦੇਸ਼ਾਂ ਨਾਲ ਮਿਲ ਕੇ ਕਸ਼ਮੀਰ ਮੁੱਦੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਸ਼ਾਇਦ ਹਜ਼ਾਰਾਂ ਸਾਲ ਬਾਅਦ ਇਸ ਸਮੱਸਿਆ ਦਾ ਕੋਈ ਹੱਲ ਨਿਕਲ ਆਏ। ਟਰੰਪ ਦੀ ਇਸ ਪੇਸ਼ਕਸ਼ 'ਤੇ ਵਿਰੋਧੀ ਧਿਰ ਕਾਂਗਰਸ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਕਸ਼ਮੀਰ ਮੁੱਦੇ 'ਤੇ ਅਮਰੀਕਾ ਵਲੋਂ ਪੰਚਾਇਤ ਕਿਉਂ ਕੀਤੀ ਜਾ ਰਹੀ ਹੈ। ਵਿਰੋਧੀ ਧਿਰਾਂ ਦੀ ਇਸ ਨੁਕਤਾਚੀਨੀ ਦਾ ਮੰਗਲਵਾਰ ਨੂੰ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਸ਼ਬਦਾਂ 'ਚ ਜਵਾਬ ਦਿੰਦਿਆਂ ਕਿਹਾ ਕਿ ਕਸ਼ਮੀਰ ਮੁੱਦੇ 'ਤੇ ਵਿਚੋਲਗੀ ਸਾਨੂੰ ਮਨਜ਼ੂਰ ਨਹੀਂ ਹੈ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਪਾਕਿਸਤਾਨ ਨੂੰ ਮਕਬੂਜ਼ਾ ਕਸ਼ਮੀਰ ਖ਼ਾਲੀ ਕਰਨਾ ਹੋਏਗਾ, ਜਿਸ 'ਤੇ ਉਸ ਨੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਹੈ।

ਟੀ.ਆਰ.ਐਫ. ਨੂੰ ਸੰਯੁਕਤ ਰਾਸ਼ਟਰ 'ਚ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕਰਾਵਾਂਗੇ

ਜਾਇਸਵਾਲ ਨੇ ਪਹਿਲਗਾਮ ਹਮਲੇ ਦੀ ਜ਼ਿੰਮੇਦਾਰੀ ਲੈਣ ਵਾਲੇ ਅੱਤਵਾਦੀ ਸੰਗਠਨ ਟੀ.ਆਰ.ਐਫ. ਨੂੰ ਲੈ ਕੇ ਕਿਹਾ ਕਿ ਟੀ.ਆਰ.ਐਫ. ਲਸ਼ਕਰ-ਏ-ਤਾਇਬਾ ਦਾ ਸੰਗਠਨ ਹੈ। ਅਸੀਂ ਇਸ ਮਾਮਲੇ 'ਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਹੋਰ ਸਬੂਤ ਦੇਵਾਂਗੇ ਅਤੇ ਇਸ ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕਰਵਾਂਗੇ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਗੋਲੀਬੰਦੀ ਨੂੰ ਲੈ ਕੇ ਭਾਰਤ ਦਾ ਰੁਖ਼ ਮੁੜ ਦੁਹਰਾਉਂਦਿਆਂ ਕਿਹਾ ਕਿ ਅਗਰ ਪਾਕਿਸਤਾਨ ਨੇ ਕੋਈ ਕਾਰਵਾਈ ਨਹੀਂ ਕੀਤੀ ਤਾਂ ਅਸੀਂ ਵੀ ਕੋਈ ਕਦਮ ਨਹੀਂ ਚੁੱਕਾਂਗੇ, ਪਰ ਜੇਕਰ ਪਾਕਿਸਤਾਨ ਵਲੋਂ ਹਮਲਾ ਕੀਤਾ ਗਿਆ ਤਾਂ ਉਸ ਦਾ ਢੁਕਵਾਂ ਜਵਾਬ ਦਿੱਤਾ ਜਾਏਗਾ। ਵਿਦੇਸ਼ ਮੰਤਰਾਲੇ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਨੂੰ ਵੀ ਨਾਕਾਰ ਦਿੱਤਾ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਨੇ ਦੋਹਾਂ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਜੰਗ ਫੌਰਨ ਨਾ ਰੋਕੀ ਤਾਂ ਅਮਰੀਕਾ ਉਨ੍ਹਾਂ ਨਾਲ ਵਪਾਰ ਨਹੀਂ ਕਰੇਗਾ। ਜਾਇਸਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨਾਲ ਗੱਲ ਹੋਈ ਸੀ, ਜਿਸ ਬਾਰੇ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 'ਚੋਂ ਕਿਸੇ ਵੀ ਚਰਚਾ 'ਚ ਵਪਾਰ ਦਾ ਕੋਈ ਸੰਦਰਭ ਨਹੀਂ ਸੀ।



ਪ੍ਰੈੱਸ ਕਾਨਫਰੰਸ ਦੌਰਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ।

ਜਾਇਸਵਾਲ ਨੇ ਕਿਹਾ ਕਿ ਬੀ.ਐਸ.ਐਫ. ਦਾ ਕਾਂਸਟੇਬਲ, ਜੋ ਪਿਛਲੇ 20 ਦਿਨਾਂ ਤੋਂ ਪਾਕਿਸਤਾਨ ਦੇ ਕਬਜ਼ੇ 'ਚ ਹੈ, ਨੂੰ ਛੁਡਾਉਣ ਲਈ ਫ਼ੌਜ ਅਤੇ ਰੱਖਿਆ ਮੰਤਰਾਲਾ ਇਸ 'ਤੇ ਕੰਮ ਕਰ ਰਹੇ ਹਨ।

ਜਾਇਸਵਾਲ ਨੇ ਪਾਕਿਸਤਾਨ ਨੂੰ 'ਅੱਤਵਾਦ ਦਾ ਕੇਂਦਰ' ਦੱਸਦਿਆਂ ਕਿਹਾ ਕਿ ਪਹਿਲਗਾਮ 'ਚ ਭਾਰਤੀ ਸੈਲਾਨੀ ਪੀੜਤ ਹਨ। ਦੁਨੀਆ ਭਰ ਦੇ ਨੇਤਾਵਾਂ ਨੇ ਮੰਨਿਆ ਕਿ ਭਾਰਤ ਨੂੰ ਆਪਣੀ ਸੁਰੱਖਿਆ ਦਾ ਹੱਕ ਹੈ। ਜਾਇਸਵਾਲ ਨੇ ਪਾਕਿਸਤਾਨ 'ਤੇ ਝੂਠਾ ਪ੍ਰਚਾਰ ਕਰਨ ਦਾ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਪਾਕਿਸਤਾਨ ਨੇ ਭਾਰਤੀ ਟਿਕਾਣਿਆਂ 'ਤੇ ਹਮਲੇ ਬਾਰੇ ਝੂਠ ਫੈਲਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਕਈ ਥਾਂ 'ਤੇ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਉਧਰ ਭਾਰਤੀ ਫੌਜ ਦੇ ਇਕ ਉੱਚ-ਅਧਿਕਾਰੀ ਨੇ ਆਪ੍ਰੇਸ਼ਨ ਸੰਧੂਰ ਦੇ ਸਫਲ ਸੰਚਾਲਨ ਬਾਰੇ ਵੱਖ-ਵੱਖ ਦੇਸ਼ਾਂ ਦੇ ਵੱਡੀ ਗਿਣਤੀ ਰੱਖਿਆ ਰਾਜਦੂਤਾਂ (ਅਟੈਚੀਜ਼) ਜਾਂ ਉਨ੍ਹਾਂ ਦੇ ਪ੍ਰਤੀਨਿਧੀਆਂ ਨੂੰ ਜਾਣਕਾਰੀ ਦਿੱਤੀ।

# 'ਭਾਰਤ ਮਾਤਾ ਕੀ ਜੈ' ਦੇ ਜੈਕਾਰਿਆਂ ਨਾਲ ਗੂੰਜ ਉਠਿਆ ਭਾਰਤ

## ਇਤਿਹਾਸ 'ਚ ਪਹਿਲੀ ਵਾਰ ਲੋਕ ਜੰਗ ਦੀਆਂ ਖੁਸ਼ੀਆਂ ਮਨਾਉਂਦੇ ਤੇ ਭੰਗੜੇ ਪਾਉਂਦੇ ਦੇਖੇ ਗਏ




(ਕੰਬੋ ਤਸਵੀਰ) ਰੱਖਿਆ ਬਲ ਰਾਸ਼ਟਰ ਦੇ ਨਾਲ ਅਤੇ ਅੱਤਵਾਦ ਵਿਰੁੱਧ ਜੰਗ: ਐਤਵਾਰ ਨੂੰ ਨਵੀਂ ਦਿੱਲੀ ਦੇ ਨੈਸ਼ਨਲ ਮੀਡੀਆ ਸੈਂਟਰ ਵਿਖੇ ਪ੍ਰੈਸ ਬ੍ਰੀਫਿੰਗ ਦੌਰਾਨ ਪ੍ਰਦਰਸ਼ਿਤ 'ਆਪ੍ਰੇਸ਼ਨ ਸਿੰਦੂਰ ਟਾਰਗੇਟਸ ਡਿਟੇਲਸ' ਦਾ ਦ੍ਰਿਸ਼।

ਪਹਿਲਗਾਮ ਕਸ਼ਮੀਰ ਵਿੱਚ ਹਿੰਦੂਆਂ ਦੇ ਹੋਏ ਕਤਲੇਆਮ ਨਾਲ ਭਾਰਤ ਸਮੇਤ ਪੂਰੀ ਦੁਨੀਆ 'ਚ ਤਹਿਲਕਾ ਮਚ ਗਿਆ ਅਤੇ ਲੋਕ ਆਪ ਮੁਹਾਰੇ ਇਸਦਾ ਬਦਲਾ ਲੈਣ ਲਈ ਸੜਕਾਂ ਉਪਰ ਆ ਗਏ ਸਨ। ਜਿਉਂ ਹੀ ਭਾਰਤ ਸਰਕਾਰ ਨੇ ਇਹ ਖੁਲਾਸਾ ਕੀਤਾ ਕਿ ਇਹ ਕਾਰਾ ਪਾਕਿਸਤਾਨ ਦੀ ਫੌਜ ਵਲੋਂ ਪਲੈਨ ਕੀਤਾ ਅਤੇ ਦਹਿਸ਼ਤਗਰਦਾਂ ਰਾਹੀਂ ਅੰਜਾਮ ਦਿੱਤਾ ਗਿਆ, ਦਾ ਐਲਾਨ ਕੀਤਾ ਤਾਂ ਭਾਰਤੀ ਲੋਕ ਪੂਰੀ ਦੁਨੀਆਂ 'ਚ ਪਾਕਿਸਤਾਨ ਦੇ ਖਿਲਾਫ ਹੋ ਗਏ ਅਤੇ ਮੁਜ਼ਾਹਰੇ ਕਰਨ ਲੱਗੇ ਅਤੇ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਮੰਗ ਕਰਨ ਲੱਗੇ ਜਿਸ ਦਿਨ ਭਾਰਤ ਨੇ ਦਹਿਸ਼ਤਗਰਦਾਂ ਵਲੋਂ ਉਜਾੜੇ ਸਿੰਦੂਰ ਦਾ ਬਦਲਾ ਲੈਣ ਲਈ 'ਅਪ੍ਰੇਸ਼ਨ ਸਿੰਦੂਰ' ਕੀਤਾ ਤਾਂ ਭਾਰਤ ਮਾਤਾ ਕੀ ਜੈ ਦੇ ਜੈਕਾਰਿਆਂ ਨਾਲ ਭਾਰਤ ਗੂੰਜ ਉਠਿਆ ਅਤੇ ਇਤਿਹਾਸ 'ਚ ਪਹਿਲੀ ਵਾਰ ਲੋਕ ਜੰਗ ਦੀਆਂ ਖੁਸ਼ੀਆਂ ਮਨਾਉਂਦੇ ਤੇ ਭੰਗੜੇ ਪਾਉਂਦੇ ਦੇਖੇ ਗਏ ਅਤੇ ਸਾਰੇ ਦੇਸ਼ 'ਚ ਮੋਦੀ ਮੋਦੀ ਮੋਦੀ ਹੋਣ ਲੱਗੀ

ਭਾਰਤ ਵਲੋਂ ਪਾਕਿਸਤਾਨ ਖਿਲਾਫ਼ ਚਲਾਏ 'ਅਪ੍ਰੇਸ਼ਨ ਸਿੰਦੂਰ' ਨੇ ਪੂਰੇ ਭਾਰਤ ਦੇ ਲੋਕ ਇੱਕ ਮੰਚ ਤੇ ਇਕੱਠੇ ਕਰ ਦਿੱਤੇ। ਸ਼ਾਇਦ ਇਹ ਭਾਰਤ 'ਚ ਪਹਿਲਾ ਮੌਕਾ ਹੈ ਜਦੋਂ ਲੋਕ ਜੰਗ ਦੀਆਂ ਖੁਸ਼ੀਆਂ ਮਨਾ ਰਹੇ ਹਨ ਅਤੇ ਭੰਗੜੇ ਪਾ ਰਹੇ ਹਨ। ਭਾਰਤ ਦੀਆਂ ਵੱਖ-ਵੱਖ ਸਟੇਟਾਂ ਵਿਚ ਜਨਤਾ ਨੇ ਤਿਰੰਗੇ ਝੰਡੇ ਨਾਲ ਅਤੇ ਮੋਦੀ ਦੀਆਂ ਫੋਟੋਆਂ ਨਾਲ ਸੜਕਾਂ, ਗਲੀਆਂ, ਬਜ਼ਾਰਾਂ 'ਚ 'ਭਾਰਤ ਮਾਤਾ ਕੀ ਜੈ ਅਤੇ ਜੈ ਸ੍ਰੀ ਰਾਮ' ਦੇ ਨਾਅਰਿਆਂ ਨਾਲ ਭਾਰਤ ਗੂੰਜਣ ਲਗਾ ਦਿੱਤਾ। ਪਰ ਭਾਰਤ ਸਰਕਾਰ ਵਲੋਂ ਅਚਾਨਕ ਕੀਤੇ ਸੀਸਫਾਇਰ ਨੇ ਵੀ ਲੋਕਾਂ ਦੇ ਦਿਲਾਂ 'ਚ ਅੱਗ ਮਚਾ ਦਿੱਤੀ ਜਿਹੜੇ ਇਸ ਵਾਰ ਆਰ-ਪਾਰ ਦੀ ਗੱਲ ਕਰਨਾ ਚਾਹੁੰਦੇ ਸਨ।










## ਪ੍ਰਧਾਨ ਮੰਤਰੀ ਵਲੋਂ ਉੱਚ-ਪੱਧਰੀ ਮੀਟਿੰਗ



ਨਵੀਂ ਦਿੱਲੀ : ਭਾਰਤ ਤੇ ਪਾਕਿ ਵਿਚਾਲੇ ਗੋਲੀਬੰਦੀ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਸਮੇਤ ਉੱਚ ਸਰਕਾਰੀ ਅਧਿਕਾਰੀਆਂ ਨਾਲ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਵਾਲ, ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ ਤੇ ਤਿੰਨੇ ਸੈਨਾ ਮੁਖੀ ਮੀਟਿੰਗ 'ਚ ਸ਼ਾਮਿਲ ਹੋਏ। ਜ਼ਿਕਰਯੋਗ ਹੈ ਕਿ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨਜ਼ (ਡੀ.ਜੀ.ਐਮ.ਓ.) ਸਨਿਚਰਵਾਰ ਸ਼ਾਮ 5 ਵਜੇ ਤੋਂ ਜ਼ਮੀਨ, ਹਵਾ ਤੇ ਸਮੁੰਦਰ 'ਤੇ ਸਾਰੀਆਂ ਗੋਲੀਬਾਰੀ ਤੇ ਫ਼ੌਜੀ ਕਾਰਵਾਈਆਂ ਨੂੰ ਰੋਕਣ ਲਈ ਸਹਿਮਤ ਹੋਏ ਹਨ। ਵਿਦੇਸ਼ ਸਕੱਤਰ ਵਲੋਂ ਇਹ ਸੰਖੇਪ ਐਲਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਹਿਣ ਤੋਂ ਥੋੜ੍ਹੀ ਦੇਰ ਬਾਅਦ ਆਇਆ, ਜਦੋਂ ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਅਮਰੀਕਾ ਦੀ ਵਿਚੋਲਗੀ ਨਾਲ ਹੋਈ ਗੱਲਬਾਤ ਤੋਂ ਬਾਅਦ ਪੂਰੀ ਤੇ ਤੁਰੰਤ ਗੋਲੀਬੰਦੀ ਲਈ ਸਹਿਮਤ ਹੋਏ ਹਨ। ਇਸ ਤੋਂ ਪਹਿਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ, ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਵਾਲ ਅਤੇ ਤਿੰਨਾਂ ਫ਼ੌਜਾਂ ਦੇ ਮੁਖੀਆਂ ਨਾਲ ਆਪਣੀ ਰਿਹਾਇਸ਼ 'ਤੇ ਮੀਟਿੰਗ ਕੀਤੀ। ਹਲਕਿਆਂ ਮੁਤਾਬਿਕ ਪ੍ਰਧਾਨ ਮੰਤਰੀ ਨੇ ਮੀਟਿੰਗ ਦੌਰਾਨ ਸੁਰੱਖਿਆ ਹਾਲਾਤ ਦੀ ਸਮੀਖਿਆ ਕੀਤੀ ਅਤੇ ਅੱਗੇ ਦੀ ਰਣਨੀਤੀ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਦੀ ਮੀਟੰਗ ਤੋਂ ਇਲਾਵਾ ਸੀ.ਡੀ.ਐਸ. ਜਨਰਲ ਅਨਿਲ ਚੌਹਾਨ ਨੇ ਵੀ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮੌਜੂਦਾ ਹਾਲਾਤ ਤੋਂ ਜਾਣੂ ਕਰਵਾਇਆ।





## ਜਿਸ ਤਨ ਲਾਗੈ ਸੋ ਤਨ ਜਾਨੈ ਪੀੜ ਪਰਾਈ ਕੌਣ ਜਾਨੈ

# ਜਦ ਵੀ ਗੋਲੀ ਆਉਂਦੀ ਭਾਰਤ ਵਲ ਪਹਿਲਾਂ ਵਜਦੀ ਸੀਨੇ ਸਿੱਖਾਂ ਦੇ








ਭਾਰਤ ਪਾਕਿਸਤਾਨ ਜੰਗ 'ਚ ਸਭ ਤੋਂ ਪਹਿਲਾਂ ਮਰਨ ਵਾਲੇ ਜੰਮੂ ਦੇ ਤਿੰਨ ਸਿੱਖ ਹੀ ਸਨ। ਦਹਿਸ਼ਤਗਰਦਾਂ ਵਲੋਂ ਪਹਿਲਗਾਮ 'ਚ ਮਾਰੇ ਗਏ ਮਸੂਮਾਂ ਦਾ ਬਦਲਾ ਤਾਂ ਭਾਰਤ ਨੇ ਸਿੰਦੂਰ ਅਪਰੇਸ਼ਨ ਨਾਲ ਲੈ ਲਿਆ। ਇਨ੍ਹਾਂ ਮਾਰੇ ਗਏ ਬੇਸੂਰ ਸਿੱਖਾਂ ਦਾ ਬਦਲਾ ਕਿਸ ਤੋਂ ਕੌਣ ਲਵੇਗਾ। ਗੋਲੀਆਂ ਅਤੇ ਸ਼ਰਿਆ ਨਾਲ ਨੁਕਸਾਨੇ ਘਰ ਅਤੇ ਇਸ ਜੰਗ 'ਚ ਪ੍ਰਭਾਵਤ ਹੋਏ ਸਿੱਖਾਂ ਨਾਲ ਗੱਲਬਾਤ ਕਰਦੀ ਸਾਬਕਾ ਮੁੱਖ ਮੰਤਰੀ ਬੀਬੀ Mehbooba Mufti

# ਛੱਤੀਸਗੜ੍ਹ-ਤੇਲੰਗਾਨਾ ਸਰਹੱਦ 'ਤੇ ਕਰੇਗੁੱਟਾ ਪਹਾੜੀਆਂ ਦੇ ਆਲੇ-ਦੁਆਲੇ ਨਕਸਲ ਵਿਰੋਧੀ ਕਾਰਵਾਈ ਦੌਰਾਨ ਸੁਰੱਖਿਆ ਬਲਾਂ ਵੱਲੋਂ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ




ਬੀਜਾਪੁਰ : ਬੀਤੇ ਦਿਨ ਬੀਜਾਪੁਰ ਵਿੱਚ ਛੱਤੀਸਗੜ੍ਹ-ਤੇਲੰਗਾਨਾ ਸਰਹੱਦ 'ਤੇ ਕਰੇਗੁੱਟਾ ਪਹਾੜੀਆਂ ਦੇ ਆਲੇ-ਦੁਆਲੇ 'ਆਪਰੇਸ਼ਨ ਬਲੈਕ ਫੋਰੈਸਟ' ਨਾਮਕ ਨਕਸਲ ਵਿਰੋਧੀ ਕਾਰਵਾਈ ਦੌਰਾਨ ਸੁਰੱਖਿਆ ਬਲਾਂ ਵੱਲੋਂ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ।

## ਨਕਸਲ ਵਿਰੋਧੀ ਕਾਰਵਾਈ



ਬੀਜਾਪੁਰ : ਛੱਤੀਸਗੜ੍ਹ ਦੇ ਡੀਜੀਪੀ, ਅਰੁਣ ਦੇਵ ਗੌਤਮ, ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐਫ) ਦੇ ਡਾਇਰੈਕਟਰ ਜਨਰਲ, ਗਿਆਨੇਂਦਰ ਪ੍ਰਤਾਪ ਸਿੰਘ ਅਤੇ ਹੋਰ ਬੁੱਧਵਾਰ ਨੂੰ ਬੀਜਾਪੁਰ ਵਿੱਚ ਨਕਸਲ ਵਿਰੋਧੀ ਕਾਰਵਾਈ ਪ੍ਰੈਸ ਬ੍ਰੀਫਿੰਗ ਦੌਰਾਨ।

## ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧਦੇ ਤਣਾਅ ਵਿਚਕਾਰ ਲਾਲ ਚੌਕ ਸੁੰਨਸਾਨ



ਸ਼੍ਰੀਨਗਰ ਵਿੱਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧਦੇ ਤਣਾਅ ਵਿਚਕਾਰ ਲਾਲ ਚੌਕ ਦਾ ਅੰਸ਼ਕ ਤੌਰ 'ਤੇ ਸੁੰਨਸਾਨ ਦ੍ਰਿਸ਼।

# ਨਾਇਬ ਸੈਣੀ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਨਾਲ ਕੀਤੀ ਮੁਲਾਕਾਤ





ਚੰਡੀਗੜ੍ਹ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਚੰਡੀਗੜ੍ਹ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ।

## ਕੈਨੇਡਾ 'ਚ ਅੱਜ ਇਕ ਹੋਰ ਨੌਜਵਾਨ ਸਿੱਖ ਆਗੂ ਅਤੇ ਕੈਨੇਡਾ ਦੇ ਵੱਡੇ ਕਾਰੋਬਾਰੀ ਸ੍ਰ. ਹਰਜੀਤ ਸਿੰਘ ਢੱਡਾ ਦਾ ਗੋਲੀਆਂ ਮਾਰ ਕੇ ਕਤਲ



ਵੈਨਕੂਵਰ : ਮਿਸੀਸਾਗਾ ਦੀ ਡੈਰੀ ਰੋਡ ਨੇੜੇ ਟੈਲਫੋਰਡ ਵੇਅ ਤੇ ਪੰਜਾਬੀ ਕਾਰੋਬਾਰੀ ਹਰਜੀਤ ਸਿੰਘ ਢੱਡਾ (50) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ ਤੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲੀਸ ਨੇ ਮ੍ਰਿਤਕ ਦੀ ਪਹਿਚਾਣ ਜ਼ਾਹਿਰ ਨਹੀਂ ਕੀਤੀ, ਪਰ ਘਟਨਾ ਸਥਾਨ 'ਤੇ ਮੌਜੂਦ ਸੂਤਰਾਂ ਨੇ ਦੱਸਿਆ ਕਿ ਵਾਰਦਾਤ ਮੌਕੇ ਹਰਜੀਤ ਸਿੰਘ ਢੱਡਾ ਆਪਣੇ ਦਫਤਰ ਦੇ ਬਾਹਰ ਖੜੇ ਆਪਣੇ ਵਾਹਨ ਨਜ਼ਦੀਕ ਆਇਆ ਤਾਂ ਪਹਿਲਾਂ ਤੋਂ ਤਾਕ ਲਾ ਕੇ ਖੜੇ ਅਣਪਛਾਤੇ ਦੋਸ਼ੀਆਂ ਨੇ ਉਸ 'ਤੇ 15-16 ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਘਟਨਾ ਮੌਕੇ ਪਾਰਕਿੰਗ 'ਚ ਮੌਜੂਦ ਲੋਕਾਂ ਨੇ ਉੱਥੋਂ ਭੱਜ ਕੇ ਆਪਣੀ ਜਾਨ ਬਚਾਈ। ਢੱਡਾ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਸਹਿੰਦੇ ਹੋਏ ਉਸ ਨੇ ਦਮ ਤੋੜ ਦਿੱਤਾ। ਪੁਲਿਸ ਬੁਲਾਰੀ ਮਾਈਕਲ ਸਟੈਫਰਡ ਨੇ ਕਿਹਾ ਕਿ ਕੇਸ ਜਾਂਚ ਅਧਿਕਾਰੀਆਂ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦਾ ਪਤਾ ਲਾਉਣ ਲਈ ਆਸ ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਫੁੱਟੇਜ ਖੰਗਾਲੀ ਜਾ ਰਹੀ ਹੈ। ਇਕ ਚਸ਼ਮਦੀਦ ਨੇ ਦੱਸਿਆ, "ਉਹ ਥੋੜੀ ਦੂਰ ਖੜਾ ਸੀ, ਜਦੋਂ ਬੰਦੂਕਧਾਰੀ ਪਾਰਕਿੰਗ 'ਚ ਖੜੀ ਕਾਰ 'ਚੋਂ ਨਿਕਲੇ ਅਤੇ ਗੋਲੀਆਂ ਚਲਾ ਕੇ ਵਾਪਸ ਉਸੇ ਕਾਰ ਵਿਚ ਫਰਾਰ ਹੋ ਗਏ।" ਉੱਥੇ ਨਜ਼ਦੀਕ ਸਥਿਤ ਲਾਅ ਫਰਮ ਦੇ ਇਕ ਮੁਲਾਜ਼ਮ ਨੇ ਦੱਸਿਆ ਕਿ ਇਕ ਗੋਲੀ ਉਨ੍ਹਾਂ ਦੇ ਦਫਤਰ ਅੰਦਰ ਆਕੇ ਉਸ ਦੀ ਖਾਲੀ ਕੁਰਸੀ 'ਤੇ ਲੱਗੀ ਵੱਜੀ, ਕਿਸੇ ਕੰਮ ਲਈ ਉਹ ਕੁਰਸੀ ਤੋਂ ਉੱਠਿਆ ਸੀ ਜਿਸ ਕਾਰਣ ਉਸਦਾ ਜਾਨੀ ਬਚਾਅ ਹੋ ਗਿਆ। ਜ਼ਿਕਰਯੋਗ ਹੈ ਕਿ ਮਿਸੀਸਾਗਾ ਵਿਚ ਇਸ ਸਾਲ ਦੀ ਸ਼ੁਰੂਆਤ ਵਿਚ ਇਹ ਛੇਵਾਂ ਕਤਲ ਹੋਇਆ ਹੈ, ਜਿਸ ਕਾਰਨ ਲੋਕ ਸਹਿਮੇ ਹੋਏ ਹਨ।

## ਪਟਿਆਲਾ ਪੁਲਿਸ ਨਾਲ ਮੁਕਾਬਲੇ 'ਚ ਮੁਲਜ਼ਮ ਜ਼ਖ਼ਮੀ

### ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਹਨ ਦਰਜ

ਪਟਿਆਲਾ : ਪਟਿਆਲਾ-ਸਰਹਿੰਦ ਰੋਡ 'ਤੇ ਸਥਿਤ ਪਿੰਡ ਫੱਗਣਮਾਜਰਾ ਨੇੜੇ ਪੁਲੀਸ ਮੁਕਾਬਲੇ 'ਚ ਮੁਲਜ਼ਮ ਜ਼ਖ਼ਮੀ ਹੋ ਗਿਆ। ਐੱਸਐੱਸਪੀ ਵਰੁਣ ਸ਼ਰਮਾ ਨੇ ਮੌਕੇ ਦਾ ਜਾਇਜ਼ਾ ਲੈਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਘੜੂਆਂ ਖੇਤਰ ਨਾਲ ਸਬੰਧਿਤ ਪਟਿਆਲਾ ਦੇ ਤ੍ਰਿਪੜੀ ਖੇਤਰ ਵਿੱਚੋਂ ਸਕਾਰਪੀਓ ਖੋਹਣ ਵਾਲਾ ਬਦਮਾਸ਼ ਗੁਰਚਰਨ ਸਿੰਘ ਕਾਲੂ ਅੱਜ ਪਟਿਆਲਾ ਪੁਲੀਸ ਨਾਲ ਮੁੱਠਭੇੜ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁਲਜ਼ਮ ਨੇ ਪਹਿਲਾਂ ਪੁਲੀਸ 'ਤੇ 32 ਬੋਰ ਪਿਸਤੌਲ ਨਾਲ ਚਾਰ ਫਾਇਰਬ ਕੀਤੇ ਅਤੇ ਜਵਾਬੀ ਕਾਰਵਾਈ ਦੌਰਾਨ ਮੁਲਜ਼ਮ ਕਾਲੂ ਦੀ ਲੱਤ ਵਿੱਚ ਗੋਲੀ ਲੱਗੀ। ਮੁਲਜ਼ਮ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਪਹਿਲਾਂ ਵੀ ਅੱਠ ਕੇਸ ਦਰਜ ਹਨ।



## ਐਬਸਫੋਰਡ ਵਾਸੀ ਪੰਜਾਬੀ ਸਾਹਿਤਕਾਰ ਬੀਬੀ ਗੁਰਬਚਨ ਕੌਰ ਢਿੱਲੋਂ ਨਹੀਂ ਰਹੇ, ਅੰਤਿਮ ਸੰਸਕਾਰ 18 ਮਈ ਐਤਵਾਰ ਨੂੰ ਹੋਵੇਗਾ



ਪੰਜਾਬੀ ਸਾਹਿਤ ਦੀ ਜਾਣੀ-ਪਛਾਣੀ ਸ਼ਖ਼ਸੀਅਤ ਅਤੇ ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.) ਐਬਸਫੋਰਡ ਦੇ ਸਰਪ੍ਰਸਤ ਬੀਬੀ ਗੁਰਬਚਨ ਕੌਰ ਢਿੱਲੋਂ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀ ਉਮਰ 97 ਸਾਲ ਦੀ ਸੀ ਅਤੇ ਪਿਛਲੇ ਕੁਝ ਸਮੇਂ ਤੋਂ ਸਿਹਤ ਠੀਕ ਨਹੀਂ ਸੀ। ਬੀਬੀ ਗੁਰਬਚਨ ਕੌਰ ਢਿੱਲੋਂ ਪ੍ਰਸਿੱਧ ਲਿਖਾਰੀ ਸੂਬੇਦਾਰ ਅਜਾਇਬ ਸਿੰਘ ਢਿੱਲੋਂ ਵਾਸੀ ਪਿੰਡ ਮਹਿਰੋਂ, ਜ਼ਿਲਾ ਮੋਗਾ ਦੀ ਸੁਪਤਨੀ ਸਨ। ਉਨਾਂ ਨੇ ਚਾਰ ਪੰਜਾਬੀ ਪੁਸਤਕਾਂ ਦੀ ਰਚਨਾ ਕੀਤੀ, ਜਦ ਕਿ ਪੰਜਵੀਂ ਛਪਾਈ ਅਧੀਨ ਹੈ। ਉਹ ਆਪਣੇ ਇੱਕ ਪੁੱਤਰ ਅਤੇ ਇੱਕ ਧੀ ਦੇ ਹੱਸਦੇ ਵਸਦੇ ਪਰਿਵਾਰ ਸਮੇਤ, ਪਿਛਲੇ 40 ਸਾਲ ਤੋਂ ਕੈਨੇਡਾ ਰਹਿ ਰਹੇ ਸਨ। ਮਾਤਾ ਗੁਰਬਚਨ ਕੌਰ ਜੀ ਨੇ ਕੌਮਾਂਤਰੀ ਮਾਂ ਦਿਹਾੜੇ 'ਤੇ ਆਖਰੀ ਸਵਾਸ ਲਏ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਬੀਬੀ ਗੁਰਬਚਨ ਕੌਰ ਢਿੱਲੋਂ ਦਾ ਅੰਤਿਮ ਸੰਸਕਾਰ 18 ਮਈ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਰਿਵਰ ਸਾਈਡ ਫਿਊਨਰਲ ਹੋਮ, ਐਬਸਫੋਰਡ ਵਿਖੇ ਹੋਵੇਗਾ। ਉਪਰੰਤ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਾਊਥ ਫਰੇਜ਼ਰ ਵੇਅ ਐਬਸਫੋਰਡ ਵਿਖੇ ਹੋਣਗੇ। ਪਰਿਵਾਰ ਨਾਲ ਹਮਦਰਦੀ ਲਈ ਬੀਬੀ ਗੁਰਬਚਨ ਕੌਰ ਢਿੱਲੋਂ ਦੇ ਸਪੁੱਤਰ ਦਵਿੰਦਰ ਸਿੰਘ ਢਿੱਲੋਂ (778 535 2706) ਨਾਲ ਅਤੇ ਸਪੁੱਤਰੀ ਬੀਬੀ ਸ਼ਰਨਜੀਤ ਕੌਰ ਮੱਲੀ (604 807 2480) ਨਾਲ ਦੁਖ ਸਾਂਝਾ ਕੀਤਾ ਜਾ ਸਕਦਾ ਹੈ। ਬੀਬੀ ਗੁਰਬਚਨ ਕੌਰ ਢਿੱਲੋਂ ਨੂੰ ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ) ਐਬਸਫੋਰਡ ਵਲੋਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

## ਕਾਲਕਾ, ਕਾਹਲੋਂ ਤੇ ਸਿਰਸਾ ਦੇ ਕਾਰਨ ਦਿੱਲੀ ਕਮੇਟੀ ਦੀਆਂ ਜਾਇਦਾਦਾਂ ਨਿਲਾਮ ਹੋਣ ਦੀ ਨੌਬਤ ਆਈ : ਮਨਜੀਤ ਸਿੰਘ ਜੀ.ਕੇ.



ਨਵੀਂ ਦਿੱਲੀ : ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ (13 ਬਰਾਂਚਾਂ) ਦੇ ਟੀਚਰਾਂ ਦੀ 6ਵੇਂ ਤੇ 7ਵੇਂ ਕਮਿਸ਼ਨ ਮੁਤਾਬਿਕ ਤਨਖ਼ਾਹਾਂ ਤੇ ਬਕਾਇਆ ਦੀ 400 ਕਰੋੜ ਰੁਪਏ ਦੀ ਦੇਣਦਾਰੀ ਅਤੇ ਦਿੱਲੀ ਹਾਈ ਕੋਰਟ ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਜਾਇਦਾਦਾਂ ਦੀ ਨਿਲਾਮੀ ਵਾਸਤੇ 'ਵੈਲਿਊਰ' ਨਿਯੁਕਤ ਕਰਨ ਦੇ ਮਾਮਲੇ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਮੇਟੀ ਦੇ ਮੌਜੂਦਾ ਮੁਖੀ ਅਹੁਦੇਦਾਰ ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ ਸਮੇਤ ਇੱਕ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਨਿਸ਼ਾਨਾ ਬਣਾਇਆ ਹੈ। ਜੀ.ਕੇ. ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਕਾਲਕਾ, ਕਾਹਲੋਂ ਤੇ ਸਿਰਸਾ ਦੀ ਭ੍ਰਿਸ਼ਟਾਚਾਰੀ ਨੀਤੀਆਂ ਤੇ ਨਾਕਾਮੀ ਨੇ ਦਿੱਲੀ ਕਮੇਟੀ ਦੇ ਅਜਿਹੇ ਮਾੜੇ ਹਾਲਤ ਬਣੇ ਦਿੱਤੇ ਹਨ ਕਿ ਗੁਰੂ ਘਰਾਂ ਦੀ ਜਾਇਦਾਦਾਂ ਦੇ ਨਿਲਾਮ ਹੋਣ ਦੀ ਨੌਬਤ ਆ ਗਈ ਹੈ। ਉਨ੍ਹਾਂ ਕਿਹਾ ਕਿ ਕਿੰਨੀ ਨਮੋਸ਼ੀ ਦੀ ਗੱਲ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਬਕਾਇਦਾ ਇਸ ਦੀ ਅੰਡਰਟੇਕਿੰਗ ਵੀ ਦਿੱਤੀ ਹੈ। ਇਸ ਮਾਮਲੇ 'ਚ ਕਮੇਟੀ ਪ੍ਰਬੰਧਕਾਂ ਵਲੋਂ ਲਗਾਏ ਜਾ ਰਹੇ ਦੋਸ਼ਾਂ ਦੇ ਜਵਾਬ 'ਚ ਜੀ.ਕੇ. ਨੇ ਕਿਹਾ ਕਿ ਕੋਰਟ ਵਿਚ ਮੌਜੂਦਾ ਪ੍ਰਬੰਧਕਾਂ ਨੇ ਲਿਖਤੀ ਤੌਰ 'ਤੇ ਮੰਨਿਆ ਹੈ ਕਿ ਮੇਰੇ (ਜੀ.ਕੇ.) ਕਾਰਜਕਾਲ ਦੌਰਾਨ ਦੀ ਦੇਣਦਾਰੀ 21 ਕਰੋੜ ਰੁਪਏ ਸੀ ਪਰ ਅਸੀਂ ਉਸ ਦੌਰਾਨ 75 ਕਰੋੜ ਰੁਪਏ ਦਿੱਤੇ ਗਏ। ਜੀ.ਕੇ. ਨੇ ਕਿਹਾ ਕਿ ਸਕੂਲਾਂ ਸਿਰ ਕਰੋੜਾਂ ਦਾ ਕਰਜ਼ਾ ਚੜ੍ਹਾਉਣ ਲਈ ਕਾਲਕਾ, ਕਾਹਲੋਂ ਤੇ ਸਿਰਸਾ ਹੀ ਮੁੱਖ ਕਸੂਰਵਾਰ ਹਨ। ਜੀ.ਕੇ. ਨੇ ਕੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਾਲਕਾ ਤੇ ਕਾਹਲੋਂ ਨੇ ਕੋਰਟ ਨੂੰ ਗੁਮਰਾਹ ਕਰਕੇ ਕੋਰਟ ਦੀ ਤੌਹੀਨ ਕੀਤੀ ਤੇ ਕਰੋੜਾਂ ਰੁਪਏ ਦੀ ਦੇਣਦਾਰੀ ਨਾਲ ਨਿਪਟਣ ਦੀ ਕੋਈ ਤਜਵੀਜ਼ ਪੇਸ਼ ਕਰਨ ਤੋਂ ਪਾਸਾ ਵੱਟਦੇ ਰਹੇ, ਜਿਸ ਕਾਰਨ ਹਾਈ ਕੋਰਟ ਨੂੰ ਕਮੇਟੀ ਦੀ ਜਾਇਦਾਦਾਂ ਦੀ ਨਿਲਾਮੀ ਵਾਸਤੇ ਵੈਲਿਊਰ ਨਿਯੁਕਤ ਕਰਨ ਲਈ ਮਜਬੂਰ ਹੋਣਾ ਪਿਆ। ਇਹੀ ਨਹੀਂ ਮੌਜੂਦਾ ਪ੍ਰਬੰਧਕਾਂ ਨੇ ਕੋਰਟ ਵਿਚ ਇਹ ਵੀ ਮੰਨਿਆ ਹੈ ਕਿ 726 ਰਿਟਾਇਰਡ ਮੁਲਾਜ਼ਮਾਂ ਦਾ ਕਰੀਬ 77 ਕਰੋੜ ਵਰਕਿੰਗ ਸਟਾਫ਼ ਦਾ ਕਰੀਬ 234 ਕਰੋੜ ਰੁਪਏ ਦਾ ਬਕਾਇਆ ਦੇਣਾ ਬਾਕੀ ਹੈ। ਜੀ.ਕੇ. ਨੇ ਕਿਹਾ ਕਿ ਹਰ ਮੋਰਚੇ 'ਤੇ ਇਹ ਫੇਲ੍ਹ ਤੇ ਨਾਕਾਮ ਸਾਬਤ ਹੋਏ ਹਨ ਪਰ ਇਸ ਦੀ ਜ਼ਿੰਮੇਵਾਰੀ ਦੂਜਿਆਂ 'ਤੇ ਸਿਰ ਪਾਉਣਾ ਚਾਹੁੰਦੇ ਹਨ।

## ਸੀਰੀਆ ਤੇ ਲਾਈਆਂ ਪਾਬੰਦੀਆਂ ਹਟਾਏਗਾ ਅਮਰੀਕਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਊਦੀ ਅਰਬ ਵਿੱਚ ਇੱਕ ਭਾਸ਼ਣ ਦੌਰਾਨ ਕਿਹਾ ਕਿ ਉਹ ਸੀਰੀਆ ਦੀ ਨਵੀਂ ਸਰਕਾਰ ਨਾਲ ਸਬੰਧਾਂ ਨੂੰ ਆਮ ਬਣਾਉਣਗੇ ਅਤੇ ਦੇਸ਼ ਨੂੰ 'ਸ਼ਾਂਤੀ ਦਾ ਮੌਕਾ' ਦੇਣ ਲਈ ਉਸ 'ਤੇ ਪਾਬੰਦੀਆਂ ਹਟਾ ਦੇਣਗੇ। ਇਹ ਕਦਮ ਸੀਰੀਆ ਵਿੱਚ ਅਸਦ ਸ਼ਾਸਨ ਦੇ ਪਤਨ ਤੋਂ ਬਾਅਦ ਚੁੱਕਿਆ ਗਿਆ ਹੈ। ਟਰੰਪ ਸਾਊਦੀ ਅਰਬ ਵਿੱਚ ਸੀਰੀਆ ਦੇ ਰਾਸ਼ਟਰਪਤੀ ਅਹਿਮਦ ਅਲ-ਸ਼ਾਰਾ ਨਾਲ ਮੁਲਾਕਾਤ ਕੀਤੀ। ਅਲ-ਸ਼ਾਰਾ, ਜੋ ਪਹਿਲਾਂ ਅਲ-ਕਾਇਦਾ ਨਾਲ ਜੁੜੇ ਸਮੂਹ ਹਯਾਤ ਤਹਿਰੀਰ ਅਲ-ਸ਼ਾਮ (HTS) ਦਾ ਆਗੂ ਸੀ, ਨੇ ਦਸੰਬਰ 2024 ਵਿੱਚ ਦਮਿਸ਼ਕ 'ਤੇ ਹਮਲੇ ਦੀ ਅਗਵਾਈ ਕਰਨ ਤੋਂ ਬਾਅਦ ਅਸਦ ਸ਼ਾਸਨ ਨੂੰ ਉਖਾੜ ਸੁੱਟਣ ਦੀ ਕੋਸ਼ਿਸ਼ ਕੀਤੀ। ਟਰੰਪ ਨੇ ਕਿਹਾ ਕਿ ਇਹ ਕੋਸ਼ਿਸ਼ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਤੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਦੇ ਕਹਿਣ 'ਤੇ ਕੀਤੀ ਗਈ ਸੀ। ਟਰੰਪ ਨੇ ਕਿਹਾ, 'ਸੀਰੀਆ ਵਿੱਚ ਇੱਕ ਨਵੀਂ ਸਰਕਾਰ ਹੈ ਜੋ ਉਮੀਦ ਹੈ ਕਿ ਸਫਲ ਹੋਵੇਗੀ। ਮੈਂ ਕਹਿੰਦਾ ਹਾਂ, "ਸ਼ੁਭਕਾਮਨਾਵਾਂ, ਸੀਰੀਆ। ਸਾਨੂੰ ਕੁਝ ਖਾਸ ਦਿਖਾਓ।" ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਸੀਰੀਆ 'ਤੇ ਪਾਬੰਦੀਆਂ ਹਟਾਉਣ ਲਈ ਕੁਝ ਸ਼ਰਤਾਂ ਰੱਖੀਆਂ ਸਨ, ਜਿਨ੍ਹਾਂ ਵਿੱਚ ਰਸਾਇਣਕ ਹਥਿਆਰਾਂ ਦਾ ਵਿਨਾਸ਼ ਅਤੇ ਅੱਤਵਾਦ ਵਿਰੁੱਧ ਸਹਿਯੋਗ ਸ਼ਾਮਲ ਸੀ। ਹਾਲਾਂਕਿ, ਅਲ-ਸ਼ਾਰਾ ਨੇ ਇਨ੍ਹਾਂ ਸ਼ਰਤਾਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਹ ਕਦਮ ਅਮਰੀਕੀ ਵਿਦੇਸ਼ ਨੀਤੀ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਨੂੰ ਦਰਸਾਉਂਦਾ ਹੈ, ਕਿਉਂਕਿ ਸੀਰੀਆ 'ਤੇ ਪਾਬੰਦੀਆਂ ਲਗਾਉਣ ਲਈ ਪਹਿਲਾਂ ਕੋਈ ਠੋਸ ਫੈਸਲਾ ਨਹੀਂ ਲਿਆ ਗਿਆ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮੀਟਿੰਗ ਸੀਰੀਆ ਦੇ ਆਰਥਿਕ ਪੁਨਰ-ਨਿਰਮਾਣ ਅਤੇ ਰਾਜਨੀਤਕ ਸਥਿਰਤਾ ਲਈ ਮਹੱਤਵਪੂਰਨ ਹੋ ਸਕਦੀ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਮਾਹੀ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਪਿਤਾ ਸ੍ਰ. ਮਹਿੰਦਰ ਸਿੰਘ ਮਾਹੀ ਨਹੀਂ ਰਹੇ



ਸਵ. ਸ੍ਰ. ਮਹਿੰਦਰ ਸਿੰਘ ਮਾਹੀ

ਮਾਹੀ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ੍ਰ. ਮਹਿੰਦਰ ਸਿੰਘ ਮਾਹੀ ਤਕਰੀਬਨ 85 ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਪਿਛਲਾ ਪਿੰਡ ਆਦਮਪੁਰ (ਜਲੰਧਰ) ਵਿਖੇ ਹੈ। ਉਹ 1997 ਵਿਚ ਅਮਰੀਕਾ ਆਏ ਸਨ। ਉਨ੍ਹਾਂ ਨੇ 35 ਸਾਲ ਦਿੱਲੀ ਵਿਖੇ ਆਟੋਮੋਬਾਇਲ ਵਿਚ ਸੁਪਰਵਾਈਜ਼ਰ ਦੀ ਨੌਕਰੀ ਕੀਤੀ। ਸ੍ਰ. ਮਾਹੀ ਦਿੱਲੀ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਅਤੇ ਆਪਣੇ ਪਿੰਡ ਦੇ ਗੁਰੂ ਘਰ ਵਿਖੇ ਪ੍ਰਧਾਨਗੀ ਦੇ ਅਹੁਦੇ ’ਤੇ ਰਹਿ ਕਮਿਊਨਿਟੀ ਦੀ ਸੇਵਾ ਕਰਦੇ ਰਹੇ। ਅਮਰੀਕਾ ਵਿਚ ਵੀ ਸ੍ਰ. ਮਾਹੀ ਪਿਛਲੇ ਦੋ ਦਹਾਕਿਆਂ ਤੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਨਿਸ਼ਕਾਮ ਸੇਵਕ ਦੇ ਤੌਰ ’ਤੇ ਸੇਵਾ ਕਰ ਰਹੇ ਸਨ। ਉਹ ਜਿਥੇ ਵੀ ਰਹੇ ਉਥੇ ਹਮੇਸ਼ਾ ਲੋੜਵੰਦਾਂ ਦੀ ਸੇਵਾ ਕਰਦੇ ਰਹੇ। ਸ੍ਰ. ਮਹਿੰਦਰ ਸਿੰਘ ਮਾਹੀ ਆਪਣੇ ਪਿਛੇ ਧਰਮ ਪਤਨੀ ਸਮੇਤ ਚਾਰ ਪੁੱਤਰ ਇਕ ਪੁੱਤਰੀ, ਪੋਤਿਆਂ ਅਤੇ ਦੋਹਤਿਆਂ ਨੂੰ ਸਿੱਖੀ ਨਾਲ ਜੋੜ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਜਾ ਬਿਰਾਜੇ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਸ੍ਰ. ਮਹਿੰਦਰ ਸਿੰਘ ਮਾਹੀ ਜੀ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਸ੍ਰ. ਮਹਿੰਦਰ ਸਿੰਘ ਮਾਹੀ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ ’ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ ’ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਉਨ੍ਹਾਂ ਦਾ ਅੰਤਿਮ ਸਸਕਾਰ 18 ਮਈ ਦਿਨ ਐਤਵਾਰ ਨੂੰ ਸਵੇਰੇ 12.00 ਹੋਵੇਗਾ।**

**Funeral**
CHAPEL OF CHIMES
32992 MISSION BLVD, HAYWARD CA 94544
SUNDAY MAY 18TH 2025
12.00 NOON TO 1.30 PM

**ਅੰਤਿਮ ਅਰਦਾਸ**
**ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਦੁਪਹਿਰ 3.00 ਵਜੇ ਹੋਵੇਗੀ**
300 GURDWARA ROAD, FREMONT CA 94526

## ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ

## ਸਪੁੱਤਰ ਸ੍ਰ. ਪਰਮਜੀਤ ਸਿੰਘ 408-313-6582

## ਸਪੁੱਤਰ ਸ੍ਰ. ਗੁਰਚਰਨ ਸਿੰਘ 510-688-5932

ਪਾਣੀ ਵਿਵਾਦ

# ਪੰਜਾਬ ਦੇ ਖ਼ਜ਼ਾਨੇ ਨੂੰ ਕਰੋੜਾਂ ਦਾ ਚੂਨਾ





ਚਰਨਜੀਤ ਭੁੱਲਰ


ਚੰਡੀਗੜ੍ਹ : ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਵੱਲੋਂ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਗਿਆ ਹੈ ਜਿਸ ਦਾ ਭੇਤ ਹੁਣ ਖੁੱਲ੍ਹਿਆ ਹੈ। ਪੰਜਾਬ ਦੇ ਜਲ ਸਰੋਤ ਵਿਭਾਗ ਨੇ ਜਦੋਂ ਬੀਬੀਐੱਮਬੀ ਤੋਂ ਲੰਘੇ ਵਰ੍ਹਿਆਂ ’ਚ ਕੀਤੇ ਖ਼ਰਚੇ ਦਾ ਹਿਸਾਬ-ਕਿਤਾਬ ਮੰਗਿਆ ਤਾਂ ਇਹ ਤੱਥ ਸਾਹਮਣੇ ਆਏ ਕਿ ਨੰਗਲ ਹਾਈਡਲ ਚੈਨਲ ਦੀ ਮੁਰੰਮਤ ਤੇ ਰੱਖ-ਰਖਾਅ ਲਈ ਸਮੁੱਚਾ ਖ਼ਰਚਾ ਪੰਜਾਬ ਸਰਕਾਰ ਦੇ ਖ਼ਜ਼ਾਨੇ ’ਚੋਂ ਹੀ ਕੀਤਾ ਜਾ ਰਿਹਾ ਹੈ। ਬੀਬੀਐੱਮਬੀ ਨੇ ਜਲ ਸਰੋਤ ਵਿਭਾਗ ਨੂੰ ਜੋ ਲੇਖਾ-ਜੋਖਾ ਦਿੱਤਾ ਹੈ, ਉਸ ’ਚ ਕਈ ਹੋਰ ਤੱਥ ਵੀ ਉਭਰ ਕੇ ਸਾਹਮਣੇ ਆਏ ਹਨ। ਪੰਜਾਬ ਸਰਕਾਰ ਬੀਬੀਐੱਮਬੀ ਦੇ ਕੁੱਲ ਖ਼ਰਚੇ ਦਾ 60 ਫ਼ੀਸਦੀ ਭਾਰ ਚੁੱਕਦੀ ਹੈ ਜਦੋਂ ਕਿ ਹਰਿਆਣਾ ਤੇ ਰਾਜਸਥਾਨ ਵੱਲੋਂ 40 ਫ਼ੀਸਦੀ ਵਿੱਤੀ ਯੋਗਦਾਨ ਪਾਇਆ ਜਾਂਦਾ ਹੈ। ਬੀਬੀਐੱਮਬੀ ਵੱਲੋਂ ਨੰਗਲ ਹਾਈਡਲ ਚੈਨਲ ਦੀ ਮੁਰੰਮਤ ਤੇ ਰੱਖ-ਰਖਾਅ ’ਤੇ ਜੋ ਕਾਫ਼ੀ ਵਰ੍ਹਿਆਂ ਤੋਂ ਖ਼ਰਚਾ ਕੀਤਾ ਜਾ ਰਿਹਾ ਹੈ, ਉਸ ਦਾ ਸਮੁੱਚਾ ਭਾਰ ਇਕੱਲਾ ਪੰਜਾਬ ਹੀ ਚੁੱਕ ਰਿਹਾ ਹੈ, ਜਦੋਂ ਕਿ 40 ਫ਼ੀਸਦੀ ਖ਼ਰਚਾ ਹਰਿਆਣਾ ਤੇ ਰਾਜਸਥਾਨ ਵੱਲੋਂ ਚੁੱਕਿਆ ਜਾਣਾ ਸੀ। ਅਜਿਹਾ 15-20 ਸਾਲਾਂ ਤੋਂ ਹੋ ਰਿਹਾ ਹੈ।

ਦੂਜੇ ਸੂਬਿਆਂ ਦੀ ਹਿੱਸੇਦਾਰੀ ਵੀ ਪੰਜਾਬ ਤੋਂ ਹੀ ਵਸੂਲ ਕੀਤੀ ਜਾ ਰਹੀ ਹੈ। ਸਾਲ 2010-11 ਤੋਂ 2022-23 ਤੱਕ ‘ਨੰਗਲ ਹਾਈਡਲ ਚੈਨਲ’ ਦੀ ਮੁਰੰਮਤ ਤੇ ਰੱਖ-ਰਖਾਅ ਖ਼ਾਤਰ ਪੰਜਾਬ ਵੱਲੋਂ 32.69 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ ਜਦੋਂ ਕਿ ਇਸ ’ਚ ਹਰਿਆਣਾ ਤੇ ਰਾਜਸਥਾਨ ਦੀ ਹਿੱਸੇਦਾਰੀ ਸਿਫ਼ਰ ਹੈ। ਨਿਯਮਾਂ ਅਨੁਸਾਰ ਕੁੱਲ 32.69 ਕਰੋੜ ’ਚੋਂ ਪੰਜਾਬ ਦੀ ਹਿੱਸੇਦਾਰੀ 15.87 ਕਰੋੜ ਰੁਪਏ ਬਣਦੀ ਸੀ ਅਤੇ ਬਾਕੀ 16.82 ਕਰੋੜ ਰੁਪਏ ਹਰਿਆਣਾ ਤੇ ਰਾਜਸਥਾਨ ਵੱਲੋਂ ਤਾਰੇ ਜਾਣੇ ਸਨ। ਅਜਿਹਾ ਨਾ ਹੋਣ ਕਰਕੇ ਪੰਜਾਬ ਦੇ ਸਿਰ 16.82 ਕਰੋੜ ਦਾ ਵਾਧੂ ਬੋਝ ਪਾ ਦਿੱਤਾ ਗਿਆ। ਬੀਬੀਐੱਮਬੀ ਨੇ ਕਿਹਾ ਕਿ ਆਡਿਟ ਵਿੰਗ ਨੇ ਮਾਰਚ 2023 ਵਿੱਚ ਉਪਰੋਕਤ ਇਤਰਾਜ਼ ਕੀਤਾ ਸੀ ਜਿਸ ਮਗਰੋਂ ਪੰਜਾਬ ਨੂੰ ਇਹ ਖ਼ਰਚਾ ਪਾਉਣਾ ਬੰਦ ਕਰ ਦਿੱਤਾ ਗਿਆ। ਬੀਬੀਐੱਮਬੀ ਦੇ ਮੁਲਾਜ਼ਮਾਂ/ਅਧਿਕਾਰੀਆਂ ਨੂੰ ਦਿੱਤੇ ਜਾਂਦੇ ਇਨਸੈਂਟਿਵ ’ਤੇ ਵੀ ਪੰਜਾਬ ਸਰਕਾਰ ਨੇ ਸੁਆਲ ਖੜ੍ਹੇ ਕੀਤੇ ਸਨ ਕਿਉਂਕਿ ਲੰਘੇ ਚਾਰ ਵਰ੍ਹਿਆਂ ਦੌਰਾਨ ਇਕੱਲਾ ਪੰਜਾਬ ਹੀ 100 ਕਰੋੜ ਰੁਪਏ ਇਨਸੈਂਟਿਵ ਵਜੋਂ ਤਾਰ ਚੁੱਕਾ ਹੈ।

ਇਨਸੈਂਟਿਵ ਲਈ ਕਈ ਸਲੈਬਜ਼ ਬਣੀਆਂ ਹੋਈਆਂ ਹਨ ਅਤੇ ਮੁਲਾਜ਼ਮਾਂ ਨੂੰ ਤਨਖ਼ਾਹ ਤੋਂ ਇਲਾਵਾ ਕਾਫ਼ੀ ਇਨਸੈਂਟਿਵ ਵੀ ਮਿਲ ਰਿਹਾ ਹੈ। ਬੀਬੀਐੱਮਬੀ ਨੇ ਜੁਆਬੀ ਪੱਤਰ ’ਚ ਕਿਹਾ ਕਿ ਸਾਲ 2018-19 ਵਿੱਚ ਇਨਸੈਂਟਿਵ ਪਾਲਿਸੀ ਪੰਜ ਸਾਲਾਂ ਲਈ ਬਣਾਈ ਗਈ ਸੀ। ਇਸੇ ਸਾਲ ਦੀ 26 ਮਾਰਚ ਨੂੰ ਬੋਰਡ ਦੀ ਮੀਟਿੰਗ ਵਿੱਚ ਪੰਜਾਬ ਤੋਂ ਬਿਨਾਂ ਬਾਕੀ ਸੂਬਿਆਂ ਨੇ ਸਾਲ 2022-23 ਦੇ ਬਕਾਇਆ ਪਏ ਇਨਸੈਂਟਿਵ ਦੇਣ ਨੂੰ ਹਰੀ ਝੰਡੀ ਦੇ ਦਿੱਤੀ। ਪੰਜਾਬ ਸਰਕਾਰ ਨੇ ਅਸਾਮੀਆਂ ਦਾ ਪੁਨਰਗਠਨ ਕੀਤੇ ਜਾਣ ਦਾ ਸੁਆਲ ਵੀ ਉਠਾਇਆ ਹੈ ਕਿਉਂਕਿ ਡੈਮਾਂ ਦੀ ਉਸਾਰੀ ਸਮੇਂ ਵਧੇਰੇ ਅਸਾਮੀਆਂ ਦੀ ਲੋੜ ਸੀ ਅਤੇ ਹੁਣ ਉਸਾਰੀ ਦਾ ਕੰਮ ਬੰਦ ਹੋ ਚੁੱਕਾ ਹੈ ਪ੍ਰੰਤੂ ਅਸਾਮੀਆਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਇਸ ਨੂੰ ਫ਼ਜ਼ੂਲ-ਖ਼ਰਚੀ ਦੱਸਿਆ ਹੈ। ਬੀਬੀਐੱਮਬੀ ਨੇ ਇਸ ਬਾਰੇ ਕਿਹਾ ਹੈ ਕਿ ਉਨ੍ਹਾਂ ਲਈ ਅਸਾਮੀਆਂ ਦਾ ਪੁਨਰਗਠਨ ਕਰਨਾ ਤਰਜੀਹੀ ਏਜੰਡਾ ਹੈ। ਦੱਸਣਯੋਗ ਹੈ ਕਿ ਕੁੱਝ ਮਾਮਲਿਆਂ ਨੂੰ ਲੈ ਕੇ ਬੀਬੀਐੱਮਬੀ ਦੇ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਝੰਡਾ ਵੀ ਚੁੱਕਿਆ ਹੈ।

ਪੰਜਾਬ ਸਰਕਾਰ ਨੇ ਤਾਂ ਬੀਬੀਐੱਮਬੀ ਦੇ ਚੇਅਰਮੈਨ ਕੋਲ ਦੋ ਰਿਹਾਇਸ਼ਾਂ ਹੋਣ ਦਾ ਮੁੱਦਾ ਵੀ ਚੁੱਕਿਆ ਸੀ ਪ੍ਰੰਤੂ ਬੀਬੀਐੱਮਬੀ ਨੇ ਸਪੱਸ਼ਟ ਕੀਤਾ ਹੈ ਕਿ ਬੀਬੀਐੱਮਬੀ ਦੇ ਗਠਨ ਦੇ ਸਮੇਂ ਤੋਂ ਹੀ ਨਵੀਂ ਦਿੱਲੀ ਵਿਖੇ ਕੈਂਪ ਆਫ਼ਿਸ ਬਣਿਆ ਹੋਇਆ ਹੈ ਅਤੇ ਉੱਥੇ ਰਿਹਾਇਸ਼ ਨਹੀਂ ਹੈ। ਪੰਜਾਬ ਨੇ ਬੀਬੀਐੱਮਬੀ ਵੱਲੋਂ ਪਿਛਲੇ ਖ਼ਰਚੇ ਦਾ ਕੋਈ ਹਿਸਾਬ ਨਾ ਦੇਣ ਦੀ ਗੱਲ ਆਖੀ ਹੈ ਪ੍ਰੰਤੂ ਬੀਬੀਐੱਮਬੀ ਨੇ ਕਿਹਾ ਹੈ ਕਿ ਹਰ ਸਾਲ ਕੈਗ ਵੱਲੋਂ ਬੋਰਡ ਦਾ ਆਡਿਟ ਕੀਤਾ ਜਾਂਦਾ ਹੈ ਅਤੇ ਅੰਦਰੂਨੀ ਆਡਿਟ ਵੱਖਰਾ ਹੁੰਦਾ ਹੈ। ਬੀਬੀਐੱਮਬੀ ਵੱਲੋਂ ਖਾਤਿਆਂ ਵਿੱਚ ਜ਼ਿਆਦਾ ਪੈਸੇ ਰੱਖੇ ਜਾਣ ਦੀ ਗੱਲ ਦੇ ਜੁਆਬ ਵਿੱਚ ਕਿਹਾ ਹੈ ਕਿ ਉਹ ਪਾਰਦਰਸ਼ੀ ਪ੍ਰਣਾਲੀ ਨੂੰ ਅਪਣਾ ਰਹੇ ਹਨ ਤਾਂ ਜੋ ਕੋਈ ਉਹਲਾ ਨਾ ਰਹੇ। ਦੱਸਣਯੋਗ ਹੈ ਕਿ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਫੈਸਲੇ ਮਗਰੋਂ ਬੀਬੀਐੱਮਬੀ ਅਤੇ ਪੰਜਾਬ ਸਰਕਾਰ ਦਰਮਿਆਨ ਤਲਖ਼ੀ ਬਣੀ ਹੋਈ ਹੈ।

# ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮੌਜੂਦਾ ਸਿੱਖਿਆ



ਪਰਵਿੰਦਰ ਸਿੰਘ ਢੀਂਡਸਾ

ਮਾਨਵ ਸੱਭਿਅਤਾ ਦੇ ਇਤਿਹਾਸ ’ਚ ਸ਼ਾਇਦ ਪਹਿਲੀ ਵਾਰ ਵਾਪਰਿਆ ਕਿ ਅਸੀਂ ਨਿਕਟ ਭਵਿੱਖ ਬਾਰੇ ਇਸ ਹੱਦ ਤੱਕ ਅਨਿਸ਼ਚਿਤਤਾ ਨਾਲ ਭਰੇ ਹੋਏ ਹਾਂ। ਆਉਣ ਵਾਲਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਬੌਧਿਕਤਾ) ਦਾ ਹੈ। ਤਕਨੀਕ ਦੇ ਖੇਤਰ ’ਚ ਹੈਰਾਨੀਜਨਕ ਰਫ਼ਤਾਰ ਨਾਲ ਹੋ ਰਹੀ ਤਬਦੀਲੀ ਕਾਰਨ ਭਵਿੱਖ ਬਾਰੇ ਕੋਈ ਕਲਪਨਾ ਜਾਂ ਟਿੱਪਣੀ ਕਰਨੀ ਸੰਭਵ ਨਹੀਂ ਲੱਗਦੀ; ਮੌਜੂਦਾ ਰੁਝਾਨਾਂ ਨੂੰ ਦੇਖ ਕੇ ਇਸ ਬਾਰੇ ਸ਼ਾਇਦ ਇਹ ਗੱਲ ਸਾਡੀ ਕਲਪਨਾ ਤੋਂ ਵੀ ਬਾਹਰ ਹੈ ਕਿ ਇੱਕ ਦੋ ਦਹਾਕਿਆਂ ਬਾਅਦ ਦੁਨੀਆ ਦੀ ਤਸਵੀਰ ਕਿਹੋ ਜਿਹੀ ਹੋਵੇਗੀ।

ਮਨੁੱਖਤਾ ਦੇ ਇਤਿਹਾਸ ’ਚ ਪਹਿਲਾਂ ਵੀ ਕਈ ਖੋਜਾਂ ਅਜਿਹੀਆਂ ਹੋਈਆਂ ਜਿਨ੍ਹਾਂ ਤੋਂ ਬਾਅਦ ਕੁਝ ਸਾਲਾਂ ਵਿੱਚ ਹੀ ਤਰੱਕੀ ਨੇ ਜੋ ਸਫ਼ਰ ਤੈਅ ਕੀਤਾ, ਉਹ ਸ਼ਾਇਦ ਉਸ ਤੋਂ ਪਹਿਲਾਂ ਸੈਂਕੜੇ ਜਾਂ ਕਹੀਏ ਕਿ ਹਜ਼ਾਰਾਂ ਸਾਲਾਂ ਵਿੱਚ ਵੀ ਨਹੀਂ ਕੀਤਾ ਸੀ। ਅੱਗ ਤੇ ਪਹੀਏ ਦੀ ਖੋਜ ਆਦਿ ਕੁਝ ਨਾਂ ਉਦਾਹਰਨ ਵਜੋਂ ਲਏ ਜਾ ਸਕਦੇ ਹਨ। ਜਦ ਤੱਕ ਇਹ ਈਜਾਦਾਂ ਮਨੁੱਖੀ ਕੰਟਰੋਲ ਹੇਠ ਰਹੀਆਂ, ਤਦ ਤੱਕ ਇਨ੍ਹਾਂ ਨੇ ਮਨੁੱਖੀ ਸੱਭਿਅਤਾ ਦੀ ਵਡਮੁੱਲੀ ਸੇਵਾ ਕੀਤੀ ਪਰ ਜਦ-ਜਦ ਵੀ ਇਹ ਖੋਜਾਂ ਬੇਕਾਬੂ ਹੋਈਆਂ ਹਨ ਤਾਂ ਇਨ੍ਹਾਂ ਨੇ ਅਜਿਹੀ ਤਬਾਹੀ ਵੀ ਕੀਤੀ ਹੈ ਜਿਸ ਬਾਰੇ ਵਰਨਣ ਕਰਨ ਵਾਲੀਆਂ ਕਲਮਾਂ ਨੂੰ ਵੀ ਕੰਬਣੀ ਛਿੜ ਜਾਂਦੀ ਹੈ।

ਕਿਸੇ ਵੀ ਕ੍ਰਾਂਤੀਕਾਰੀ ਤਕਨੀਕ ਦਾ ਮਨੁੱਖਤਾ ਦੇ ਭਲੇ ਲਈ ਜਾਂ ਮਨੁੱਖੀ ਸੱਭਿਅਤਾ ਦੇ ਵਿਨਾਸ਼ ਦਾ ਕਾਰਨ ਬਨਣਾ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਉਹ ਤਕਨੀਕ ਕਿਸ ਤਰ੍ਹਾਂ ਦੀ ਮਾਨਸਿਕ ਪ੍ਰਵਿਰਤੀ ਵਾਲੇ ਲੋਕਾਂ ਦੇ ਹੱਥਾਂ ਵਿੱਚ ਜਾਂਦੀ ਹੈ। ਸੰਸਾਰ ਪ੍ਰਸਿੱਧ ਸ਼ਖ਼ਸੀਅਤ ਅਤੇ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਮਰਹੂਮ ਨੈਲਸਨ ਮੰਡੇਲਾ ਨੇ ਕਿਹਾ ਸੀ ਕਿ ਸਿੱਖਿਆ ਅਜਿਹਾ ਹਥਿਆਰ ਹੈ ਜਿਸ ਨੂੰ ਅਸੀਂ ਦੁਨੀਆ ਦੀ ਤਸਵੀਰ ਬਦਲਣ ਲਈ ਵਰਤ ਸਕਦੇ ਹਾਂ। ਅਜੋਕੇ ਸਮੇਂ ਵਿੱਚ ਅਸੀਂ ਅਨਿਸ਼ਚਿਤਤਾ ਦੇ ਜਿਸ ਆਲਮ ਵੱਲ ਜਾ ਰਹੇ ਹਾਂ, ਉਸ ਲਈ ਬਹੁਤ ਜ਼ਰੂਰੀ ਹੈ ਕਿ ਭਵਿੱਖ ਦੀ ਤਕਨੀਕ ਸਰਬੱਤ ਦਾ ਭਲਾ ਲੋਚਣ ਵਾਲੇ ਨੇਕਦਿਲ ਇਨਸਾਨਾਂ ਦੇ ਹੱਥਾਂ ਵਿੱਚ ਹੋਵੇ। ਅਨਿਸ਼ਚਿਤਤਾ ਦੇ ਇਸ ਮਾਹੌਲ ਵਿੱਚ ਸੰਤੁਸ਼ਟੀ ਦੀ ਗੱਲ ਹੈ ਕਿ ਸਿੱਖਿਆ ਦੇ ਰੂਪ ਵਿੱਚ ਸਾਡੇ ਕੋਲ ਅਜਿਹਾ ਅਸਤਰ ਮੌਜੂਦ ਹੈ ਜਿਸ ਨਾਲ ਅਸੀਂ ਇਹ ਨਿਸ਼ਚਤ ਕਰ ਸਕਦੇ ਹਾਂ। ਭਵਿੱਖ ਵਿੱਚ ਇਸ ਦੁਨੀਆ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈਣ ਵਾਲਿਆਂ ਨੂੰ ਮੁੱਢਲੇ ਪੱਧਰ ਤੋਂ ਹੀ ਨੈਤਿਕ ਸਿੱਖਿਆ ਨਾਲ ਲਬਰੇਜ਼ ਕਰ ਕੇ ਅਸੀਂ ਕਾਫੀ ਹੱਦ ਤੱਕ ਰਾਹਤ ਮਹਿਸੂਸ ਕਰ ਸਕਦੇ ਹਾਂ।

ਸੰਭਾਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ ਦੇ ਦੌਰ ਵਿੱਚ ਕਿਸੇ ਵੀ ਤਕਨੀਕੀ ਮੁਹਾਰਤ ਨਾਲੋਂ ਨੈਤਿਕਤਾ ਦਾ ਮਨੁੱਖੀ ਰਗਾਂ ਵਿੱਚ ਦੌੜਨਾ ਵਧੇਰੇ ਮਹੱਤਵਪੂਰਨ ਹੋਣ ਵਾਲਾ ਹੈ। ਕੁਝ ਸਮਾਂ ਪਹਿਲਾਂ ‘ਸਵਾਗਤ ਜ਼ਿੰਦਗੀ’ ਦੇ ਨਾਂ ਹੇਠ ਇੱਕ ਵਿਸ਼ਾ ਇਸ ਮਕਸਦ ਦੀ ਪੂਰਤੀ ਕਰਨ ਵੱਲ ਸਹੀ ਆਗਾਜ਼ ਸੀ ਪਰ ਪਿਛਲੇ ਦੋ ਸਾਲਾਂ ਤੋਂ ਇਹ ਵਿਸ਼ਾ ਅਚਾਨਕ ਸਕੂਲ ਪਾਠਕ੍ਰਮ ਤੋਂ ਬਾਹਰ ਕਰ ਦਿੱਤਾ ਗਿਆ ਹੈ ਜੋ ਸਾਡੇ ਨੀਤੀ ਘਾੜਿਆਂ ਦੀ ਸੁਹਿਰਦਤਾ ’ਤੇ ਪ੍ਰਸ਼ਨ ਚਿੰਨ੍ਹ ਹੈ। ਸਮਾਂ ਜਿਸ ਤੇਜ਼ੀ ਨਾਲ ਕਰਵਟ ਬਦਲ ਰਿਹਾ ਹੈ, ਉਸ ਸਥਿਤੀ ਵਿੱਚ ਲਾਜ਼ਮੀ ਹੈ ਕਿ ਮਸ਼ੀਨਾਂ ਨਾਲ ਘਿਰੇ ਇਨਸਾਨ ਵਿੱਚ ਇਨਸਾਨੀਅਤ ਜਿਊਂਦੀ ਰਹੇ, ਉਹ ਇਨਸਾਨਾਂ ਵਾਂਗ ਸੋਚੇ, ਇਨਸਾਨ ਨੂੰ ਇਨਸਾਨ ਸਮਝੇ। ਅਕਸਰ ਸੁਣਦੇ ਹਾਂ ਕਿ ਜ਼ਿੰਦਗੀ ਵਿੱਚ ਕੰਮ ਆਉਣ ਵਾਲੇ ਬਹੁਤੇ ਸਬਕ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹਾਏ ਹੀ ਨਹੀਂ ਜਾਂਦੇ। ਇਸ ਕਥਨ ਨੂੰ ਤੱਥਾਤਮਕ ਸਚਾਈ ਨਾਲੋਂ ਚੁਣੌਤੀ ਦੇ ਰੂਪ ਵਿੱਚ ਲੈਣਾ ਬਿਹਤਰ ਹੋਵੇਗਾ।

ਵਿਦਿਆਰਥੀ ਜੀਵਨ ਤੋਂ ਹੀ ਰਚਨਾਤਮਕਤਾ ਨੂੰ ਪਾਠਕ੍ਰਮ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ। ਸਾਡੇ ਸਕੂਲਾਂ ਵਿੱਚ ਘਰ ਦਾ ਕੰਮ (ਹੋਮ ਵਰਕ) ਜੋ ਹਰੇਕ ਵਿਦਿਆਰਥੀ ਨੂੰ ਨਿੱਜੀ ਰੂਪ ਵਿੱਚ ਹੀ ਦਿੱਤਾ ਜਾਂਦਾ ਹੈ, ਇਹ ਵਿਦਿਆਰਥੀਆਂ ਦੇ ਗਰੁੱਪ ਬਣਾ ਕੇ ਸਮੂਹਿਕ ਰੂਪ ਵਿੱਚ ਵੀ ਹੋ ਸਕਦਾ ਹੈ ਤਾਂ ਜੋ ਮਿਲਵਰਤਣ, ਅੰਤਰ-ਨਿਰਭਰਤਾ, ਸਹਿਯੋਗ ਦੀ ਭਾਵਨਾ ਵਰਗੀਆਂ ਭਾਵਨਾਤਮਕ ਚੰਗਿਆਈਆਂ ਵੀ ਵਿਦਿਆਰਥੀਆਂ ਵਿੱਚ ਪੈਦਾ ਕੀਤੀਆਂ ਜਾ ਸਕਣ; ਇਹ ਆਉਣ ਵਾਲੇ ਤਕਨੀਕੀ ਗਲਬੇ ਦੇ ਯੁੱਗ ਵਿੱਚ ਅਹਿਮ ਰੋਲ ਨਿਭਾਉਣਗੀਆਂ ਕਿਉਂਕਿ ਭਾਵਨਾਤਮਕ ਖੇਤਰ ਮਨੁੱਖ ਕੋਲ ਹੀ ਰਹਿਣ ਦੀ ਪੂਰੀ-ਪੂਰੀ ਸੰਭਾਵਨਾ ਹੈ। ‘ਆਪਣੇ ਆਪ ਨੂੰ ਕਿਸੇ ਦੂਜੇ ਦੀ ਥਾਂ ’ਤੇ ਰੱਖ ਕੇ ਦੇਖਣ ਦੀ ਯੋਗਤਾ’ (empathy) ਮਨੁੱਖ ਨੂੰ ਮਸ਼ੀਨਾਂ ਨਾਲੋਂ ਵੱਖਰਾ ਕਰਦੀ ਹੈ ਜੋ ਰੋਬੋਟਿਕਸ, ਸਾਈਬੋਰਗ ਦੇ ਦੌਰ ਵਿੱਚ ਮਨੁੱਖ ਨੂੰ ਮਨੁੱਖ ਬਣੇ ਰਹਿਣ ਲਈ ਬੇਹੱਦ ਜ਼ਰੂਰੀ ਹੋਵੇਗੀ।

ਸੋ, ਲਾਜ਼ਮੀ ਹੈ ਕਿ ਕਿਸੇ ਮਨੁੱਖ ਬਾਰੇ ਕੋਈ ਫੈਸਲਾ ਕਰਦੇ ਸਮੇਂ ਸਿਰਫ ਤੱਥਾਂ ਦੀ ਬਜਾਏ ਉਸ ਦੀਆਂ ਭਾਵਨਾਵਾਂ ਨੂੰ ਵੀ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ ਕਿਉਂਕਿ ਸਿਰਫ ਅੰਕੜਿਆਂ ਦੇ ਆਧਾਰ ’ਤੇ ਫੈਸਲੇ ਕਰਨ ਦਾ ਕੰਮ ਤਾਂ ਮਸ਼ੀਨਾਂ ਬਾਖ਼ੂਬੀ ਕਰ ਸਕਦੀਆਂ ਹਨ। ਉਨ੍ਹਾਂ ਨੂੰ ਦੱਸਣਾ ਪਵੇਗਾ ਕਿ ਮਨੁੱਖਾਂ ਦੀ ਦੁਨੀਆ ਕਿਸੇ ਵੀ ਤਰ੍ਹਾਂ ਦੇ ਅੰਕੜਿਆਂ ਤੋਂ ਬਹੁਤ ਅਲੱਗ ਹੁੰਦੀ ਹੈ। ਤਰਸ, ਦਇਆ, ਰਹਿਮ ਅਤੇ ਭਾਵੁਕਤਾ ਵਰਗੇ ਕੋਮਲ ਅਹਿਸਾਸ ਤੋਂ ਵਿਰਵਾ ਮਨੁੱਖ ਇਨਸਾਨ ਕਹਾਉਣ ਦਾ ਹੱਕਦਾਰ ਨਹੀਂ ਬਣ ਸਕਦਾ। ਉਨ੍ਹਾਂ ਅੰਦਰ ਇਹ ਜਜ਼ਬਾ ਭਰਨਾ ਪਵੇਗਾ ਕਿ ਮਨੁੱਖ ਜਾਂ ਮਨੁੱਖ ਦੁਆਰਾ ਬਣਾਇਆ ਕੋਈ ਵੀ ਸਿਸਟਮ ਗ਼ਲਤੀ ਕਰ ਸਕਦਾ ਹੈ ਅਤੇ ਹਰੇਕ ਫੈਸਲਾ ਲਾਗੂ ਕਰਨ ਤੋਂ ਪਹਿਲਾਂ ਉਸ ’ਤੇ ਪੁਨਰਵਿਚਾਰ ਕਰਨਾ ਲਾਜ਼ਮੀ ਹੈ। ਸਾਡੇ ਸਿੱਖਿਆ ਸਿਸਟਮ ਅਤੇ ਸਮਾਜ ਵਿੱਚ ਬੱਚਿਆਂ ਨੂੰ ‘ਫੈਸਲੇ ਕਰਨ ਦੀ ਪ੍ਰਕਿਰਿਆ’ ਤੋਂ ਕਾਫੀ ਹੱਦ ਤੱਕ ਦੂਰ ਰੱਖਿਆ ਜਾਂਦਾ ਹੈ। ਆਪਣੇ ਆਲੇ-ਦੁਆਲੇ ਬਾਰੇ ਰਾਇ ਬਣਾਉਣ ਦਾ ਮਾਹੌਲ ਦੇਣਾ ਅਤੇ ਵਾਜਿਬ ਫੈਸਲੇ ਕਰਨ ਦੀ ਯੋਗਤਾ ਵਿਕਸਿਤ ਕਰਨਾ ਕਿਸੇ ਬੱਚੇ ਲਈ ਓਨਾ ਹੀ ਜ਼ਰੂਰੀ ਹੈ ਜਿੰਨਾ ਕਿਸੇ ਅਕਾਦਮਿਕ, ਤਕਨੀਕੀ ਖੇਤਰ ਵਿੱਚ ਮੁਹਾਰਤ ਹਾਸਲ ਕਰਨਾ।

ਸਮੇਂ ਦਾ ਹਾਣੀ ਬਣਨ ਲਈ ਸਮੇਂ ਦੀ ਤਕਨੀਕ ਵਿੱਚ ਮੁਹਾਰਤ ਤਾਂ ਚਾਹੀਦੀ ਹੀ ਹੈ ਪਰ ਨਾਲ ਹੀ ਕੁਝ ਅਜਿਹੀਆਂ ਕਲਾਵਾਂ ਨਾਲ ਵੀ ਲੈਸ ਹੋਣਾ ਪਵੇਗਾ ਤਾਂ ਜੋ ਆਪਣੇ-ਆਪ ਨੂੰ ਮਸ਼ੀਨਾਂ ਤੋਂ ਵੱਖਰਾ ਅਤੇ ਲੋੜੀਂਦਾ ਦਿਖਾਇਆ ਜਾ ਸਕੇ। ਕੋਡਿੰਗ ਅਤੇ ਡਾਟਾ ਅਨੈਲਸਿਸ ਵਰਗੇ ਤਕਨੀਕੀ ਮੁਹਾਰਤ ਵਾਲੇ ਖੇਤਰਾਂ ਦੇ ਨਾਲ-ਨਾਲ ਉਪਰ ਚਰਚਿਤ ਕੁਝ ਕੋਮਲ ਕਲਾਵਾਂ ਦੀ ਜਾਣਕਾਰੀ ਵੀ ਅਹਿਮ ਹੋਵੇਗੀ ਜੋ ਜਲਦੀ ਹੀ ਕਿਸੇ ਮਨੁੱਖ ਨੂੰ ‘ਵਿਲੱਖਣ ਇਨਸਾਨ’ ਦਾ ਦਰਜਾ ਦਿਵਾਉਣ ਵਿੱਚ ਸਹਾਈ ਹੋਣਗੀਆਂ। ਸਰਕਾਰਾਂ ਤੋਂ ਲੈ ਕੇ ਆਮ ਬੰਦੇ ਤੱਕ, ਸਭ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਪਛਾਨਣ ਦੀ ਲੋੜ ਹੈ।

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ

ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਹਨੂੰਵਾਨ ਦੇ ਛੰਭ ਪਾਸ ਹੋਈ ਉਹ ਛੋਟਾ ਘਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀੜੇ ਦੇ ਮਕਾਮ ਹੋਈ ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।


ਜਿੱਥੋਂ ਤੀਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਿਕ ਪਿਛੋਕੜ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ 'ਤੇ ਡਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੌਦੇ ਵਿੱਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿੱਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ।

ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿੱਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ। ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ, ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ।



ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਉਨ੍ਹਾਂ ਦੇ ਸਿਰਾਂ ਦੇ ਇਨਾਮ ਰਖੇ ਗਏ ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ ਪੈ ਗਿਆ।



ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿੱਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ 'ਤੇ ਚਲਾਈਆਂ।

ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿੱਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿੱਚ ਹੈ ਕਿ ਦਾਅ ਨਾਲ ਲੜਿਆ ਜਾਏ। ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿੱਚ ਪਨਾਹ ਲਈ ਜਾਏ। 'ਬਸੌਲੀ' ਵਿੱਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ। ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ।

ਕਈ ਪਹਾੜੀ ਚੜ੍ਹ ਗਏ। ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ। ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੁਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿੱਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਠੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿੱਚ ਨਿਕਲ ਗਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿੱਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ ਵਿੱਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿੱਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ ਧਿੰਘ, ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿੱਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੁੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿੱਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਉਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕੱਲ੍ਹ ਸ਼ਹੀਦ ਗੰਜ ਹੈ। ਇਸ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ 'ਤੇ ਗੁਰਦੁਆਰਾ ਬਣਾਇਆ ਗਿਆ ਹੈ।

ਇਸ ਪਹਿਲੇ ਘਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ (ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

ਹਵਾਲਾ ਪੁਸਤਕਾਂ :1 ਸਤਿਬੀਰ ਸਿੰਘ, ਪ੍ਰਿੰਸੀਪਲ, ਸਾਡਾ ਇਤਿਹਾਸ (ਭਾਗ ਦੂਜਾ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ,2010.
2.ਖੁਸ਼ਵੰਤ ਸਿੰਘ,(ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ). ਸਿੱਖ ਇਤਿਹਾਸ ਭਾਗ ਪਹਿਲਾ(1469-1839), ਲਾਹੌਰ ਬੁੱਕ ਸ਼ਾਪ, ਲੁਧਿਆਣਾ,2013.
3 ਨਾਭਾ,ਭਾਈ ਕਾਨ੍ਹ ਸਿੰਘ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ,1990.



# ਖਾਲਸਾ ਰਾਜ ਦਾ ਮੋਢੀ ਬੰਦਾ ਸਿੰਘ ਬਹਾਦਰ

ਬਲਦੇਵ ਸਿੰਘ (ਸੜਕਨਾਮਾ)



1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਖਾਲਸਾ ਰਾਜ ਦੀ ਮੋਹੜੀ ਗੱਡ ਦਿੱਤੀ ਸੀ। 1708 ਤੋਂ 1716 ਤੱਕ ਸਿਰਫ਼ ਅੱਠ ਸਾਲਾਂ ਵਿੱਚ ਬੰਦਾ ਸਿੰਘ ਬਹਾਦਰ ਨੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਹੀ ਨਹੀਂ ਦਿੱਤਾ ਸਗੋਂ ਨਵਾਂ ਇਤਿਹਾਸ ਸਿਰਜ ਦਿੱਤਾ। ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਅਤੇ ਯੁੱਧਾਂ ਨੂੰ ਜਾਣਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਆਪਣੇ ਚਾਚਾ ਚਾਚੀ ਕੋਲ ਪਲ ਰਿਹਾ ਯਤੀਮ ਬਾਲਕ ਲਛਮਣ ਦਾਸ ਕਿਵੇਂ ਨਰਾਇਣ ਦਾਸ, ਫਿਰ ਮਾਧੋ ਦਾਸ ਤੇ ਫਿਰ ਗੁਰੂ ਦਾ ਬੰਦਾ, ਫਿਰ ਬੰਦਾ ਸਿੰਘ ਤੇ ਆਖ਼ਰ ਬੰਦਾ ਸਿੰਘ ਬਹਾਦਰ ਬਣਿਆ।

ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜੌਰੀ ਵਿਖੇ 16 ਅਕਤੂਬਰ 1670 ਨੂੰ ਪਿਤਾ ਰਾਮ ਦੇਵ ਦੇ ਘਰ ਇੱਕ ਬਾਲਕ ਦਾ ਜਨਮ ਹੋਇਆ, ਨਾਮ ਰੱਖਿਆ ਲਛਮਣ ਦਾਸ। ਛੋਟੀ ਉਮਰੇ ਹੀ ਯਤੀਮ ਹੋ ਗਿਆ। ਬਿਨਾਂ ਮਾਂ ਬਾਪ ਦੇ ਬੱਚੇ ਨੂੰ ਚਾਚਾ ਚਾਚੀ ਲੈ ਗਏ। ਛੋਟੀ ਉਮਰ ਵਿੱਚ ਹੀ ਕਦੇ ਜੰਗਲਾਂ ਵਿੱਚ ਲੱਕੜਾਂ ਲੈਣ ਭੇਜਿਆ ਜਾਂਦਾ, ਕਦੇ ਪਾਣੀ ਲੈਣ ਭੇਜਿਆ ਜਾਂਦਾ। ਕਦੇ ਚਰਾਗਾਹ ਵਿੱਚ ਪਸ਼ੂ ਲੈ ਕੇ ਜਾਂਦਾ। ਇਹ ਕੰਮ ਕਰਦਾ ਤਾਂ ਖਾਣ ਲਈ ਭੋਜਨ ਮਿਲਦਾ, ਉਹ ਵੀ ਬਚਿਆ ਖੁਚਿਆ। ਨਾਂਹ ਕਰਦਾ ਸੀ ਤਾਂ ਮਾਰ ਪੈਂਦੀ ਸੀ।

ਅਜਿਹੇ ਦੁੱਖ ਸਹਿੰਦਾ ਲਛਮਣ ਦਾਸ ਇੱਕ ਦਿਨ ਘਰ ਹੀ ਨਾ ਗਿਆ। ਸੂਰਜ ਛਿਪ ਗਿਆ। ਹਨੇਰਾ ਹੋਣ ਲੱਗਾ ਤਾਂ ਝਾੜੀਆਂ ਲਾਗੇ ਬੈਠਾ ਡਰ ਕੇ ਰੋਣ ਲੱਗ ਪਿਆ। ਸਬੱਬ ਨਾਲ ਜੰਗਲ ਵਿੱਚੋਂ ਜਾਨਕੀ ਪ੍ਰਸਾਦ ਬੈਰਾਗੀ ਸਾਧੂ ਤੇ ਉਸ ਦੇ ਚੇਲੇ ਲੰਘ ਰਹੇ ਸਨ। ਇਸ ਵੇਲੇ ਜੰਗਲ ਵਿੱਚ ਬੱਚੇ ਨੂੰ ਵੇਖ ਕੇ ਹੈਰਾਨ ਹੋਏ। ਕੋਲ ਗਏ, ਬੱਚੇ ਨੂੰ ਪੁੱਛਿਆ:

- 'ਰਾਹ ਭੁੱਲ ਗਿਆ ਹੈਂ ਬਾਲਕੇ ? ਭਟਕ ਗਿਆ ਹੈਂ ? ਇਸ ਵੇਲੇ ਏਥੇ ਕੀ ਕਰਦਾ ਹੈਂ ? ਤੇਰੇ ਮਾਤਾ ਪਿਤਾ ਕਿੱਥੇ ਨੇ ?'

ਲਛਮਣ ਦਾਸ ਰੋਈ ਗਿਆ। ਸਵਾਲਾਂ ਦਾ ਜਵਾਬ ਨਾ ਦਿੱਤਾ। ਬੈਰਾਗੀ ਸਾਧੂ ਨੇ ਪੁਚਕਾਰਿਆ। 'ਘਰ ਜਾਣਾ ਹੈ, ਅਸੀਂ ਛੱਡ ਆਈਏ ?'

ਲਛਮਣ ਦਾਸ ਨੇ ਕਿਹਾ, 'ਮੇਰਾ ਮਾਂ ਬਾਪ ਕੋਈ ਨਾ। ਮੇਰਾ ਘਰ ਕੋਈ ਨਾ।' ਫਿਰ ਰੋਂਦਿਆਂ ਰੋਂਦਿਆਂ ਆਪਣੇ ਬਾਰੇ ਦੱਸਿਆ ਤਾਂ ਤਰਸ ਅਤੇ ਮੋਹ ਨਾਲ ਬੈਰਾਗੀ ਜਾਨਕੀ ਪ੍ਰਸਾਦ ਨੇ ਪੁੱਛਿਆ, 'ਅਸਾਂ ਦੇ ਨਾਲ ਚੱਲਣਾ ਹੈ ?'

ਲਛਮਣ ਦਾਸ ਝੱਟ ਰਾਜ਼ੀ ਹੋ ਗਿਆ ਤੇ ਕੁਝ ਦਿਨਾਂ ਵਿੱਚ ਬੱਚੇ ਨੂੰ ਆਪਣੇ ਪੰਥ ਵਿੱਚ ਸ਼ਾਮਲ ਕਰਕੇ ਨਾਮਕਰਣ ਕਰ ਦਿੱਤਾ 'ਨਰਾਇਣ ਦਾਸ'। ਉਸ ਨੂੰ ਕਿਹਾ, 'ਹੁਣ ਤੂੰ ਲਛਮਣ ਦਾਸ ਨਹੀਂ, ਨਰਾਇਣ ਦਾਸ ਹੈਂ।'

ਬੈਰਾਗੀ ਜਾਨਕੀ ਪ੍ਰਸਾਦ ਦਾ ਡੇਰਾ ਰਿਆਸੀ ਵਿੱਚ ਸੀ। ਡੇਰੇ ਦੇ ਲਾਗੇ ਹੀ ਸਿਕਲੀਗਰਾਂ ਦੀ ਬਸਤੀ ਸੀ। ਇਨ੍ਹਾਂ ਦਾ ਪਿੱਛਾ ਰਾਜਸਥਾਨ ਨਾਲ ਜੁੜਦਾ ਸੀ ਤੇ ਇਹ ਲੋਕ, ਤਲਵਾਰਾਂ, ਭਾਲੇ, ਨੇਜ਼ੇ, ਤੀਰ ਕਮਾਨ, ਚਾਕੂ, ਛੁਰੀਆਂ ਤੇ ਇਹੋ ਜਿਹਾ ਹੀ ਹੋਰ ਕੁਝ ਬਣਾਉਣ ਦਾ ਕਿੱਤਾ ਕਰਦੇ ਸਨ। ਇਨ੍ਹਾਂ ਦੇ ਕੁਝ ਬੱਚੇ ਨਰਾਇਣ ਦਾਸ ਦੀ ਉਮਰ ਦੇ ਹੀ ਸਨ। ਡੇਰਾ ਲਾਗੇ ਹੋਣ ਕਰਕੇ ਨਰਾਇਣ ਦਾਸ ਬੱਚਿਆਂ ਨਾਲ ਖੇਡਣ ਆ ਜਾਂਦਾ। ਉੱਥੇ ਭੱਠੀਆਂ ਵਿੱਚ ਲੋਹਾ ਗਰਮ ਸੁਰਖ਼ ਹੁੰਦਾ ਵੇਖਦਾ, ਹਥਿਆਰ ਬਣਦੇ ਵੇਖਦਾ ਤੇ ਕਦੇ ਲੱਕੜ ਦੀਆਂ ਤਲਵਾਰਾਂ ਅਤੇ ਨੇਜ਼ਿਆਂ ਨਾਲ ਨਕਲੀ ਲੜਾਈਆਂ ਕਰਨ ਖੇਡਦੇ। ਨਰਾਇਣ ਦਾਸ ਅਜੇ ਬੱਚਾ ਹੋਣ ਕਰਕੇ ਜਾਨਕੀ ਪ੍ਰਸਾਦ ਨੇ ਉਸ ਉੱਪਰ ਬੈਰਾਗੀ ਪੰਥ ਦੇ ਕਰੜੇ ਬੰਧਨ ਲਾਗੂ ਨਹੀਂ ਸਨ ਕੀਤੇ। ਉਂਜ ਸਿਕਲੀਗਰਾਂ ਦੀ ਬਸਤੀ ਵਿੱਚ ਹੁੰਦੀ 'ਠੱਕ ਠੱਕ' ਨਰਾਇਣ ਦਾਸ ਨੂੰ ਚੰਗੀ ਲੱਗਦੀ ਸੀ।

ਸਮਾਂ ਪਾ ਕੇ ਉਹ ਬੈਰਾਗੀਆਂ ਵਾਂਗ ਚੋਲਾ ਪਹਿਨਣ ਲੱਗਾ। ਆਪਣੇ ਗੁਰੂ ਨਾਲ ਜੰਗਲਾਂ ਵਿੱਚ ਜਾਣ ਲੱਗਾ। ਵਿਹਲਾ ਹੁੰਦਾ ਤਾਂ ਸਿਕਲੀਗਰਾਂ ਦੇ ਮੁੰਡਿਆਂ ਕੋਲ ਆ ਜਾਂਦਾ। ਉਨ੍ਹਾਂ ਨਾਲ ਦੌੜਾਂ ਲਾਉਂਦਾ, ਕੁਸ਼ਤੀਆਂ ਕਰਦਾ। ਤੀਰ ਕਮਾਨ ਲੈ ਕੇ ਨਿਸ਼ਾਨੇ ਲਾਉਂਦੇ। ਜਾਨਕੀ ਪ੍ਰਸਾਦ ਦੇ ਡੇਰੇ ਵਿੱਚ ਵੀ ਅਖਾੜਾ ਸੀ। ਉੱਥੇ ਵੀ ਲੜਾਈ ਦੇ ਦਾਅ-ਪੇਚ ਸਿੱਖਦਾ। ਉਹ ਆਪਣੇ ਹਾਣੀਆਂ ਨੂੰ ਹਰ ਖੇਡ ਵਿੱਚ ਪਛਾੜ ਦਿੰਦਾ। ਜਦੋਂ ਆ ਕੇ ਨਰਾਇਣ ਦਾਸ ਆਪਣੇ ਗੁਰੂ ਨੂੰ ਇਹ ਗੱਲ ਦੱਸਦਾ ਤਾਂ ਜਾਨਕੀ ਪ੍ਰਸਾਦ ਬੱਚੇ ਦੇ ਮਸਤਕ ਨੂੰ ਲਗਾਤਾਰ ਟਿਕਟਿਕੀ ਲਗਾ ਕੇ ਵੇਖਦਾ, 'ਮੈਨੂੰ ਇਹ ਸਾਧਾਰਨ ਬਾਲਕ ਨਹੀਂ ਜਾਪਦਾ।'

ਇੱਕ ਵਾਰ ਸਿਕਲੀਗਰਾਂ ਦੇ ਬੱਚਿਆਂ ਨਾਲ ਨਦੀ ਕਿਨਾਰੇ ਖੇਡਦਿਆਂ ਪਾਰ ਦੇ ਕਿਨਾਰੇ ਹਿਰਨਾਂ ਦਾ ਜੋੜਾ ਪਾਣੀ ਪੀਣ ਆਇਆ ਤਾਂ ਨਰਾਇਣ ਦਾਸ ਨੇ ਹਾਣੀ ਮੁੰਡਿਆਂ ਦੀ ਚੁਣੌਤੀ ਕਬੂਲਦਿਆਂ ਪਰਲੇ ਕਿਨਾਰੇ ਵੱਲ ਤੀਰ ਛੱਡਿਆ। ਉਹ ਇੱਕ ਹਿਰਨੀ ਨੂੰ ਜਾ ਲੱਗਾ ਜੋ ਗਰਭਵਤੀ ਸੀ। ਹਾਸੇ ਹਾਸੇ ਵਿੱਚ ਵਾਪਰੀ ਇਸ ਘਟਨਾ ਨੇ ਨਰਾਇਣ ਦਾਸ ਨੂੰ ਬਹੁਤ ਦੁਖੀ ਕੀਤਾ। ਬਾਅਦ ਵਿੱਚ ਗੁਰੂ ਜਾਨਕੀ ਪ੍ਰਸਾਦ ਨੇ ਸਮਝਾਇਆ, 'ਕੁਝ ਜਾਨਵਰ ਸਾਡੇ ਵੈਰੀ ਨਹੀਂ ਹਨ। ਮਿੱਤਰ ਅਤੇ ਸ਼ਤਰੂ ਦੀ ਪਛਾਣ ਕਰਨੀ ਸਿੱਖ ਬੱਚਾ। ਸਾਹਮਣੇ ਦਿਸਦੇ ਦੁਸ਼ਮਣ ਨਾਲੋਂ ਲੁਕਵਾਂ ਦੁਸ਼ਮਣ ਵਧੇਰੇ ਘਾਤਕ ਹੁੰਦਾ ਹੈ। ਮਨ ਨੂੰ ਕਾਬੂ ਕਰਨਾ ਸਿੱਖ ਨਰਾਇਣ ਦਾਸ ਬੱਚੇ। ਸੰਸਾਰੀ ਆਦਮੀ ਅਤੇ ਬੈਰਾਗੀ ਸਾਧੂ ਦੇ ਅੰਤਰ ਨੂੰ ਆਪਣੇ ਮਨ ਵਿੱਚ ਵਸਾ।'

ਜਿਵੇਂ ਜਿਵੇਂ ਨਰਾਇਣ ਦਾਸ ਵੱਡਾ ਹੋ ਰਿਹਾ ਸੀ, ਜਾਨਕੀ ਪ੍ਰਸਾਦ ਬਿਰਧ ਹੋ ਰਿਹਾ ਸੀ। ਫਿਰ ਕੁਝ ਦਿਨ ਬਿਮਾਰ ਰਹਿ ਕੇ ਜਾਨਕੀ ਪ੍ਰਸਾਦ ਨੇ ਆਪਣਾ ਸਰੀਰ ਤਿਆਗ ਦਿੱਤਾ ਤੇ ਨਰਾਇਣ ਦਾਸ ਫਿਰ ਯਤੀਮ ਹੋ ਗਿਆ। ਉਨ੍ਹਾਂ ਦਾ ਇੱਕ ਡੇਰਾ ਦਾਦੂਵਾੜਾ ਵੀ ਸੀ ਤੇ ਨਰਾਇਣ ਦਾਸ ਦਾ ਗੁਰ-ਭਾਈ ਜੈਤ ਰਾਮ ਇਸ ਸਮੇਂ ਪੁਸ਼ਕਰ ਵਿੱਚ ਦਾਦੂਵਾੜਾ ਦੇ ਡੇਰੇ ਉੱਪਰ ਸੀ। ਕਸੂਰ ਦੇ ਲਾਗੇ ਬਾਬਾ ਰਾਮ ਥੱਮਣ ਦੇ ਡੇਰੇ ਹਰ ਵਰ੍ਹੇ ਵਿਸਾਖ ਮਹੀਨੇ ਮੇਲ ਲੱਗਦਾ ਸੀ ਤੇ ਉੱਥੇ ਦੇਸ਼ ਭਰ ਵਿੱਚੋਂ ਸਾਧੂ ਆਉਂਦੇ ਸਨ। ਆਪਣੇ ਗੁਰ-ਭਾਈ ਜੈਤ ਰਾਮ ਮਹੰਤ ਨੂੰ ਮਿਲਣ ਦੀ ਆਸ ਲੈ ਕੇ ਨਰਾਇਣ ਦਾਸ ਵੀ ਹੋਰ ਸਾਧੂਆਂ ਨਾਲ ਕਸੂਰ ਵੱਲ ਚੱਲ ਪਿਆ।

ਬਾਬਾ ਰਾਮ ਥੱਮਣ ਦੇ ਡੇਰੇ ਆਏ ਨਾਸਿਕ ਦੇ ਇੱਕ ਸਵਾਮੀ ਰਾਮ ਦਾਸ ਦੇ ਪ੍ਰਵਚਨਾਂ ਤੋਂ ਪ੍ਰਭਾਵਿਤ ਹੋ ਕੇ ਨਰਾਇਣ ਦਾਸ ਸਵਾਮੀ ਰਾਮ ਦਾਸ ਦੀ ਸ਼ਰਨ ਵਿੱਚ ਆ ਗਿਆ ਤੇ ਇੱਕ ਦਿਨ ਅਚਾਨਕ ਇੱਥੇ ਜੈਤ ਰਾਮ ਨਾਲ ਵੀ ਮੇਲ ਹੋ ਗਿਆ। ਫਿਰ ਉਹ ਸਵਾਮੀ ਰਾਮ ਦਾਸ ਨਾਲ ਨਾਸਿਕ ਚਲਿਆ ਗਿਆ। ਸਵਾਮੀ ਨੇ ਕੁਝ ਸ਼ਰਤਾਂ ਅਧੀਨ ਉਸ ਨੂੰ ਦੀਖਸ਼ਾ ਦੇ ਦਿੱਤੀ ਤੇ ਉਸ ਦਾ ਨਵਾਂ ਨਾਮ ਮਾਧੋ ਦਾਸ ਹੋ ਗਿਆ। ਸਵਾਮੀ ਰਾਮ ਦਾਸ ਨੇ ਸਿੱਖਿਆ ਦਿੱਤੀ:

'ਅੱਛਾ ਯੋਗੀ ਸੰਤ ਵਹੀ ਹੈ ਜੋ ਸੰਸਾਰ ਕੇ ਤਮਾਮ ਬੰਧਨੋਂ ਸੇ ਆਜ਼ਾਦ ਹੋ ਕਰ ਭੀ ਆਜ਼ਾਦ ਨਹੀਂ ਹੋਤਾ। ਵੋਹ ਅਪਨੀ ਮਾਟੀ, ਅਪਨੀ ਕੌਮ, ਅਪਨੇ ਦੇਸ਼ ਔਰ ਅਪਨੇ ਮੱਠ ਕੇ ਮਕਸਦ ਲਈ ਜਾਨ ਦੇਨੇ ਕੇ ਲੀਏ ਹਰ ਸਮੇਂ ਤਿਆਰ ਰਹੇ। ਹਮਾਰੀ ਸੰਪਰਦਾਇ ਕੇ ਸਾਧੂ ਵਿਧੀਵਤ ਸ਼ਸਤਰ ਚਲਾਨਾ ਸੀਖਤੇ ਹੈਂ। ਸਾਥ ਸਾਥ ਯੋਗ ਸਾਧਨਾ ਵੀ ਕਰਤੇ ਹੈਂ।'

- 'ਆਪ ਜੋ ਆਗਿਆ ਕਰੋਗੇ, ਕਰਾਂਗਾ ਸਵਾਮੀ ਜੀ।' ਨਰਾਇਣ ਦਾਸ ਨੇ ਦੋਵੇਂ ਹੱਥ ਜੋੜ ਕੇ ਸਿਰ ਝੁਕਾਇਆ।

ਕੁਝ ਹੀ ਸਮੇਂ ਵਿੱਚ ਨਰਾਇਣ ਦਾਸ ਤੋਂ ਬਣਿਆ ਮਾਧੋ ਦਾਸ ਨਵੇਂ ਜਾਮੇ ਵਿੱਚ ਆ ਗਿਆ। ਨਾਸਿਕ ਲਾਗੇ ਕਤਲੀ ਦੇ ਸਥਾਨ 'ਤੇ ਡੇਰਾ। ਹਰ ਰੋਜ਼ ਮੱਲ-ਯੁੱਧ ਹੁੰਦੇ। ਘੋੜਸਵਾਰੀ ਸਿਖਾਈ ਜਾਂਦੀ। ਛਾਪਾਮਾਰ ਜੰਗ ਦਾ ਅਭਿਆਸ ਕਰਵਾਇਆ ਜਾਂਦਾ ਤੇ ਜਦ ਵਿਹਲ ਮਿਲਦੀ ਜਾਨਕੀ ਪ੍ਰਸਾਦ ਵਾਂਗ ਸਵਾਮੀ ਰਾਮ ਦਾਸ ਆਪਣੇ ਚੇਲਿਆਂ ਨਾਲ ਜੰਗਲ ਵਿੱਚ ਘੁੰਮਦਾ ਤੇ ਜੀਵਨ-ਦਾਨ ਦੇਣ ਵਾਲੀਆਂ ਜੜ੍ਹੀ-ਬੂਟੀਆਂ ਦੀ ਪਛਾਣ ਕਰਦੇ, ਫਿਰ ਮੱਠ ਵਿੱਚ ਆ ਕੇ ਔਸ਼ਧੀਆਂ ਤਿਆਰ ਕਰਦੇ।

ਮਾਧੋ ਦਾਸ ਨੂੰ ਜੀਣ ਦਾ ਮਕਸਦ ਮਿਲ ਗਿਆ। ਯਤੀਮ ਲਛਮਣ ਦਾਸ ਕਿਤੇ ਬਹੁਤ ਪਿੱਛੇ ਦੂਰ ਪਹਾੜਾਂ ਵਿੱਚ ਹੀ ਗੁੰਮ-ਗੁਆਚ ਗਿਆ। ਇੱਕ ਦਿਨ ਜੰਗੀ ਅਭਿਆਸ ਕਰਦਿਆਂ ਮਾਧੋ ਦਾਸ ਨੇ ਪੁੱਛਿਆ:

- 'ਸਵਾਮੀ ਜੀ ਅਸਲੀ ਯੁੱਧ ਲੜਨ ਲਈ ਕੀ ਕੁਝ ਕਰਨਾ ਹੋਏਗਾ ?'

- 'ਅਜੇ ਸਮਾਂ ਨਹੀਂ ਹੈ ਮਾਧੋ ਦਾਸ, ਸਮਾਂ ਆਵੇਗਾ, ਬਤਾਏਂਗੇ।'

ਮਾਧੋ ਦਾਸ ਹੁਣ ਭਰ ਜੁਆਨ ਸੀ। ਆਪਣੇ ਸਾਥੀ ਚੇਲਿਆਂ ਉੱਪਰ ਭਾਰੂ ਸੀ। ਉਸ ਅੰਦਰ ਤੀਖਣ ਬੁੱਧੀ ਅਤੇ ਫੁਰਤੀ ਵੇਖ ਕੇ ਇੱਕ ਦਿਨ ਰਾਮ ਦਾਸ ਬੋਲਿਆ:

- 'ਮਾਧੋ ਦਾਸ ਤੇਰੇ ਅੰਦਰ ਹਮੇਂ ਦੂਸਰੇ ਬੈਰਾਗੀਓਂ ਸੇ ਅਲੱਗ ਸੀ ਅਗਨੀ ਨਜ਼ਰ ਆਤੀ ਹੈ। ਰਣ-ਭੂਮੀ ਵਿੱਚ ਲੜਨ ਦੀ ਤੇਰੀ ਇੱਛਾ ਜਲਦੀ ਹੀ ਪੂਰੀ ਹੋਵੇਗੀ। ਔਰ ਯਾਦ ਰੱਖਨਾ, ਜੰਗ ਕੇ ਮੈਦਾਨ ਮੇਂ ਕੋਈ ਪਿਤਾ, ਕੋਈ ਪੁੱਤਰ ਯਾ ਰਿਸ਼ਤੇਦਾਰ ਸੰਬੰਧੀ ਨਹੀਂ ਹੋਤਾ। ਦੂਸਰੀ ਧਿਰ ਮੇਂ ਸਭ ਕੇ ਸਭ ਸ਼ਤਰੂ ਹੋਤੇ ਹੈਂ।'

ਮਾਧੋ ਦਾਸ ਨੂੰ ਅਸਲੀ ਜੰਗਾਂ ਵਿੱਚ ਭਾਗ ਲੈਣ ਦਾ ਮੌਕਾ ਵੀ ਛੇਤੀ ਮਿਲ ਗਿਆ। ਉਹ ਮਰਾਠਾ ਯੋਧੇ ਮੋਰੋਪੰਤ ਪੇਸ਼ਵਾ ਨਾਲ ਅਜਿਹਾ ਗਿਆ, ਫਿਰ ਕਤਲੀ ਦੇ ਮੱਠ ?ਵਿੱਚ ਜਲਦੀ ਫੇਰਾ ਨਾ ਪਿਆ। ਇਸ ਸਮੇਂ ਦੌਰਾਨ ਬੜਾ ਕੁਝ ਸਿੱਖਿਆ। ਸਾਜ਼ਿਸ਼ੀਆਂ ਅਤੇ ਗੱਦਾਰਾਂ ਨੇ ਫ਼ਤਹਿ ਨੂੰ ਵੀ ਹਾਰਾਂ ਵਿੱਚ ਬਦਲ ਦਿੱਤਾ। ਨਿਰਾਸ਼ ਹੋਇਆ ਉਹ ਜੰਗ ਨੂੰ ਅਲਵਿਦਾ ਆਖ ਆਇਆ।

ਕਤਲੀ ਆਣ ਕੇ ਪਤਾ ਲੱਗਾ, ਸਵਾਮੀ ਰਾਮ ਦਾਸ ਸੰਸਾਰ ਤੋਂ ਚਲੇ ਗਏ ਹਨ। ਉਹ ਫਿਰ ਨਿਆਸਰਾ ਹੋ ਗਿਆ। ਆਪਣੇ ਗੁਰ-ਭਾਈ ਜੈਤ ਰਾਮ ਨੂੰ ਮਿਲਣ ਰਾਜਪੂਤਾਨੇ ਵੱਲ ਤੁਰ ਪਿਆ। ਉੱਥੇ ਵੀ ਕੁਝ ਦਿਨ ਰਿਹਾ ਤੇ ਫਿਰ ਵਾਪਸ ਮਹਾਰਾਸ਼ਟਰ ਵੱਲ ਚੱਲ ਪਿਆ। ਮਨ ਵਿੱਚ ਭਟਕਣਾ ਸੀ। ਰਸਤੇ ਵਿੱਚ ਲੋਨੀ ਮੱਠ ਦੇ ਯੋਗੀ ਔਗੜ ਨਾਥ ਨਾਲ ਮੇਲ ਹੋਇਆ। ਜਲਦੀ ਹੀ ਉਸ ਦੇ ਟੂਣੇ, ਤੰਤਰ-ਮੰਤਰ, ਧਾਗੇ ਤਵੀਤ ਤੇ ਕਰਾਮਾਤਾਂ ਦੇ ਦਾਅਵਿਆਂ ਨੂੰ ਮੰਨਣ ਤੋਂ ਇਨਕਾਰੀ ਹੋ ਗਿਆ। ਉੱਥੋਂ ਤੁਰ ਆਇਆ ਤੇ ਨਾਂਦੇੜ ਦੇ ਇੱਕ ਮੱਠ ?ਵਿੱਚ ਪਨਾਹ ਮਿਲ ਗਈ। ਜੜ੍ਹੀ-ਬੂਟੀਆਂ ਦਾ ਗਿਆਨ ਸੀ। ਨਬਜ਼ ਟੋਹ ਕੇ ਬਿਮਾਰੀ ਦੇ ਲੱਛਣ ਪਛਾਣ ਲੈਂਦਾ ਸੀ। ਇੱਥੇ ਉਹ ਟਿਕ ਗਿਆ। ਬਿਮਾਰ ਵਿਅਕਤੀ ਦਵਾ-ਦਾਰੂ ਲੈਣ ਆਉਣ ਲੱਗੇ। ਹੌਲੀ ਹੌਲੀ ਮਾਧੋ ਦਾਸ ਕਰ ਕੇ ਮੱਠ ਦੀ ਸੋਭਾ ਵਧਣ ਲੱਗੀ। ਇਹ ਸਮਾਂ ਸੰਨ 1707 ਦਾ ਸੀ। ਗੁਰੂ ਗੋਬਿੰਦ ਸਿੰਘ ਜੀ ਆਪਣੇ ਕੁਝ ਸਿੰਘਾਂ ਨਾਲ ਦੱਖਣ ਵੱਲ ਜਾ ਰਹੇ ਸਨ ਹਿੰਦ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ। ਪਰ ਰਸਤੇ ਵਿੱਚ ਹੀ ਪਤਾ ਲੱਗਾ, ਗੁਰੂ ਜੀ ਵੱਲੋਂ ਲਿਖਿਆ 'ਜ਼ਫ਼ਰਨਾਮਾ' ਪੜ੍ਹ ਕੇ ਬਾਦਸ਼ਾਹ ਇੰਨਾ ਵਿਚਲਿਤ ਹੋਇਆ, ਘੋਰ ਨਿਰਾਸ਼ਾ ਵਿੱਚ ਉਸ ਦੀ ਮੌਤ ਹੋ ਗਈ। ਗੁਰੂ ਜੀ ਸਿੰਘਾਂ ਸਮੇਤ ਪੁਸ਼ਕਰ, ਦਾਦੂਵਾੜਾ ਹੁੰਦੇ ਹੋਏ ਮਰਾਠਾ ਦੀ ਧਰਤੀ ਨਾਂਦੇੜ ਵੱਲ ਮੁੜ ਪਏ। ਗੋਦਾਵਰੀ ਨਦੀ ਕੰਢੇ ਉੱਤਰ ਵਾਲੇ ਪਾਸੇ ਢੁਕਵੀਂ ਜਗ ?ਹਾ ਵੇਖ ਕੇ ਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਪੜਾਅ ਕਰਨ ਲਈ ਕਿਹਾ।

ਇੱਥੇ ਹੀ ਮਾਧੋ ਦਾਸ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦਾ ਸਬੱਬ ਬਣਿਆ। ਇੱਥੇ ਹੀ ਗੁਰੂ ਜੀ ਆਖਿਆ, 'ਅਸੀਂ ਇਸ ਬੈਰਾਗੀ ਸਾਧੂ ਤੋਂ ਆਸ ਕਰਦੇ ਹਾਂ, ਗੇਰੂਏ ਬਸਤਰ ਤਿਆਗ ਕੇ ਜੰਗੀ ਲਿਬਾਸ ਧਾਰਨ ਕਰੇ ਔਰ ਸਿੱਖ ?ਸੈਨਿਕਾਂ ਦੀ ਅਗਵਾਈ ਕਰੇ।'

ਗੁਰੂ ਜੀ ਨਾਲ ਕੁਝ ਮੁਲਾਕਾਤਾਂ ਹੋਈਆਂ ਤਾਂ ਸਿੰਘ ਮਾਧੋ ਦਾਸ ਨੂੰ 'ਗੁਰੂ ਦਾ ਬੰਦਾ' ਆਖਣ ਲੱਗ ਪਏ। ਵਿਚਾਰਾਂ ਕਰਦਿਆਂ ਹੀ ਮਾਧੋ ਦਾਸ ਨੇ ਜਾਣਿਆ ਕਿ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਏ। ਦੋ ਛੋਟੇ ਸਾਹਿਬਜ਼ਾਦੇ ਸਰਹਿੰਦ ਵਿਖੇ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ। ਮੁਗ਼ਲਾਂ ਨਾਲ ਲੜਦਿਆਂ ਪੂਰਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਮਾਧੋ ਦਾਸ ਦੀ ਸਿੰਘਾਂ ਵਿੱਚ ਦਿਲਚਸਪੀ ਵਧਣ ਲੱਗੀ। ਸਿੰਘਾਂ ਦੀ ਸਮਰਪਿਤ ਭਾਵਨਾ ਅਤੇ ਨਿਡਰਤਾ ਉੱਪਰ ਉਹ ਹੈਰਾਨ ਹੋਇਆ।

ਇੱਕ ਦਿਨ ਗੁਰੂ ਜੀ ਨੇ ਮਾਧੋ ਦਾਸ ਨੂੰ ਕਿਹਾ, 'ਬਿਨਾਂ ਦੇਰੀ ਤੋਂ ਅਸਾਂ ਨੂੰ ਪੰਜਾਬ ਵੱਲ ਕੂਚ ਕਰਨਾ ਚਾਹੀਦਾ ਹੈ। ਅਸੀਂ ਭਾਵੇਂ ਥੋੜ੍ਹੇ ਹਾਂ ਪਰ ਜਿਵੇਂ ਜਿਵੇਂ ਪੰਜਾਬ ਵੱਲ ਵਧਦੇ ਜਾਓਗੇ, ਸਿੰਘ ਜੁੜਦੇ ਜਾਣਗੇ। ਅਸੀਂ ਕੁਝ ਸਿੰਘਾਂ ਨੂੰ ਹੁਕਮਨਾਮੇ ਦੇ ਕੇ ਪੰਜਾਬ ਵੱਲ ਤੋਰ ਰਹੇ ਹਾਂ।'

ਇਸ ਦੌਰਾਨ ਮਾਧੋ ਦਾਸ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੱਖ ਪੰਥ ਵਿੱਚ ਸ਼ਾਮਲ ਕਰ ਲਿਆ ਗਿਆ ਤੇ ਨਵਾਂ ਨਾਂ ਦਿੱਤਾ ਗੁਰਬਖਸ਼ ਸਿੰਘ। ਜਦ ਕੂਚ ਕਰਨ ਦੀ ਤਿਆਰੀ ਵਿੱਚ ਸਿੰਘ ਲੱਗੇ ਹੋਏ ਸਨ ਤਾਂ ਮੌਕਾ ਤਕਾ ਕੇ ਸੂਬਾ ਸਰਹਿੰਦ ਵੱਲੋਂ ਪਿੱਛੇ ਲਾਏ ਇੱਕ ਪਠਾਣ ਨੇ ਧੋਖੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਛੁਰਾ ਘੋਪ ਦਿੱਤਾ। ਹਾਹਾਕਾਰ ਮੱਚ ਗਈ। ਮਾਧੋ ਦਾਸ ਵੀ ਦੌੜਿਆ ਆਇਆ। ਮੱਲ੍ਹਮ-ਪੱਟੀ ਕੀਤੀ ਗਈ। ਜ਼ਖ਼ਮ ਡੂੰਘਾ ਅਤੇ ਘਾਤਕ ਸੀ, ਪਰ ਮਾਧੋ ਦਾਸ ਨੇ ਸਿੰਘਾਂ ਦਾ ਹੌਸਲਾ ਬਣਾਈ ਰੱਖਣ ਲਈ ਕਿਹਾ, "ਪਰਮਾਤਮਾ ਦੀ ਕਿਰਪਾ ਨਾਲ ਸਭ ਠੀਕ ਹੋ ਜਾਏਗਾ। ਹੁਣ ਵਧੇਰੇ ਹਿੱਲਣਾ-ਜੁਲਣਾ ਨਹੀਂ।"

ਗੁਰੂ ਨੇ ਕਿਹਾ: 'ਗੁਰਬਖਸ਼ ਸਿੰਘ ਤੈਨੂੰ ਸਿੰਘ 'ਗੁਰੂ ਦਾ ਬੰਦਾ' ਆਖਦੇ ਨੇ। ਤੂੰ ਮੇਰਾ ਬੰਦਾ ਹੈਂ, ਬੰਦਾ ਸਿੰਘ। ਏਸ ਘੜੀ ਤੂੰ ਬਹਾਦਰਾਂ ਵਾਂਗ ਸਿੰਘਾਂ ਦੇ ਸਾਥ ਰਹਿਣਾ ਹੈ। ਮੁਗ਼ਲਾਂ ਨੂੰ ਉਨ੍ਹਾਂ ਦੇ ਗ਼ੈਰ-ਮਨੁੱਖੀ ਜ਼ੁਲਮਾਂ ਲਈ ਸਜ਼ਾ ਦੇਣੀ ਹੈ। ਅੱਗੇ ਤੋਂ ਬਾਣੀ ਹੀ ਸਿੱਖਾਂ ਦੀ ਗੁਰੂ ਹੋਵੇਗੀ। ਗੁਰੂ ਸ਼ਬਦ ਵਿੱਚੋਂ ਹੀ ਗੁਰੂ ਪ੍ਰਾਪਤ ਹੋਵੇਗਾ। ਪੰਜਾਬ ਵੱਲ ਕੂਚ ਕਰੋ, ਤੰਦਰੁਸਤ ਹੋਣ 'ਤੇ ਅਸੀਂ ਪਿੱਛੇ ਆਵਾਂਗੇ।'

ਫਿਰ ਇੱਕ ਸਿੰਘ ਨੂੰ ਆਖ ਕੇ ਆਪਣੇ ਤਰਕਸ਼ ਵਿੱਚੋਂ ਪੰਜ ਤੀਰ ਮੰਗਵਾਏ। ਬੰਦਾ ਸਿੰਘ ਨੂੰ ਪੰਜ ਤੀਰ ਭੇਟ ਕਰਦਿਆਂ ਕਿਹਾ:

- 'ਇਹ ਤੀਰ ਨਹੀਂ ਹਨ ਬੰਦਾ ਸਿੰਘ, ਇਹ ਅਸਾਂ ਦਾ ਤੇਰੇ ਪ੍ਰਤੀ ਵਿਸ਼ਵਾਸ ਹੈ। ਅਸੀਂ ਤੇਰੇ ਨਾਲ ਪੰਜ ਯੋਧੇ ਵੀ ਤੋਰਦੇ ਹਾਂ, ਜਿਹੜੇ ਪੰਜਾਬ ਦੇ ਲੋਕਾਂ ਨੂੰ ਜਾਣਦੇ-ਪਛਾਣਦੇ ਹਨ ਤੇ ਜਿਨ੍ਹਾਂ ਨੂੰ ਦੁਸ਼ਮਣਾਂ ਦਾ ਪਤਾ ਹੈ।'

ਸੰਨ 1708 ਦਾ ਅਕਤੂਬਰ ਮਹੀਨਾ। ਸਿੰਘਾਂ ਦਾ ਇੱਕ ਜਥਾ ਨਾਂਦੇੜ ਤੋਂ ਪੰਜਾਬ ਵੱਲ ਜੈਕਾਰੇ ਛੱਡ ਕੇ ਤੁਰ ਪਿਆ। ਮੰਦਸੌਰ, ਅਜਮੇਰ, ਫੁਲੈਰਾ ਸੀਕਰ, ਚੁਰੂ ਤੇ ਫਿਰ ਹਿਸਾਰ ਤੱਕ ਥਾਂ-ਥਾਂ ਪੜਾਅ ਕਰਦਿਆਂ ਜਥਾ ਅੱਗੇ ਹੋਰ ਅੱਗੇ ਵਧਦਾ ਗਿਆ। ਸਿੰਘ ਸੈਨਿਕ ਨਾਲ ਜੁੜਦੇ ਗਏ। ਬੰਦਾ ਸਿੰਘ ਦੀ ਚਰਚਾ ਪੰਜਾਬ ਦੇ ਪਿੰਡਾਂ ਵਿੱਚ ਪੁੱਜ ਗਈ। ਬੰਦਾ ਸਿੰਘ ਨੂੰ ਮਿਲਣ ਲਈ ਪਿੰਡਾਂ ਵਿੱਚੋਂ ਜਥੇ ਤੁਰ ਪਏ। ਉੱਤਰ ਵੱਲ ਵਧਦਿਆਂ ਮੁਗ਼ਲਾਂ ਨਾਲ ਪਹਿਲੀ ਟੱਕਰ ਸਮਾਣੇ ਵਿੱਚ ਹੋਈ। ਸਿੰਘਾਂ ਵਿੱਚ ਗੁੱਸਾ ਅਤੇ ਘ੍ਰਿਣਾ ਸੀ। ਸਿੰਘਾਂ ਨੇ ਸਮਾਣੇ ਨੂੰ ਥੇਹ ਬਣਾ ਦਿੱਤਾ।

ਸਿੰਘਾਂ ਦਾ ਅਸਲ ਨਿਸ਼ਾਨਾ ਸਰਹਿੰਦ ਸੀ। ਪਰ ਪਹਿਲਾਂ ਬੰਦਾ ਸਿੰਘ ਨੇ ਕੁੰਜਪੁਰਾ, ਘੜਾਮ, ਠਸਕਾ, ਸ਼ਾਹਬਾਦ, ਸਢੌਰਾ ਸਭ ਛਾਂਗ ਦਿੱਤੇ। ਬੰਦਾ ਸਿੰਘ ਨੇ ਮੁਗ਼ਲਾਂ ਦੇ ਜਿਹੜੇ ਇਲਾਕੇ ਕਬਜ਼ੇ ਵਿੱਚ ਲਏ, ਉੱਥੋਂ ਦੀਆਂ ਜ਼ਮੀਨਾਂ ਹਲਵਾਹਕਾਂ ਦੇ ਨਾਂ ਕਰ ਦਿੱਤੀਆਂ। ਵਾਧੂ ਲੁੱਟਿਆ ਧਨ ਸੈਨਿਕਾਂ ਵਿੱਚ ਵੰਡ ਦਿੱਤਾ ਜਾਂਦਾ। ਕੁਝ ਹੋਰ ਝੜਪਾਂ ਤੋਂ ਬਾਅਦ ਬੰਦਾ ਸਿੰਘ ਤੇ ਉਸ ਦੇ ਸਿੰਘਾਂ ਨੇ ਸਰਹਿੰਦ ਉਪਰ ਚੜ੍ਹਾਈ ਕਰ ਦਿੱਤੀ। ਛੱਪੜ-ਝਿੜੀ (ਚੱਪੜਚਿੜੀ) ਦੇ ਮੈਦਾਨ ਵਿੱਚ ਵਜ਼ੀਰ ਖਾਨ ਅਤੇ ਬੰਦਾ ਸਿੰਘ ਦੀਆਂ ਫ਼ੌਜਾਂ ਆਹਮੋ-ਸਾਹਮਣੇ ਡਟ ਗਈਆਂ।

22 ਮਈ 1710 ਨੂੰ ਬੰਦਾ ਸਿੰਘ ਨੇ ਤਲਵਾਰ ਲਹਿਰਾ ਕੇ ਹੱਲਾ ਬੋਲਣ ਦਾ ਹੁਕਮ ਦਿੱਤਾ।

ਇਸ ਜੰਗ ਵਿੱਚ ਵਜ਼ੀਰ ਖਾਨ ਮਾਰਿਆ ਗਿਆ ਤੇ ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਬੰਦਾ ਸਿੰਘ ਦਾ ਡੰਕਾ ਦਿੱਲੀ ਤੱਕ ਵੱਜਣ ਲੱਗਾ। ਬੰਦਾ ਸਿੰਘ ਇੰਨਾ ਸ਼ਕਤੀਸ਼ਾਲੀ ਹੋ ਗਿਆ, ਹਿੰਦ ਦੀ ਪੂਰੀ ਫ਼ੌਜ ਬਹਾਦਰ ਸ਼ਾਹ ਨੇ ਪੰਜਾਬ ਵੱਲ ਤੋਰ ਦਿੱਤੀ। ਬੰਦਾ ਸਿੰਘ ਨੇ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾ ਲਿਆ ਸੀ। ਜੰਗੀ ਦਾਅ ਖੇਡਦਿਆਂ, ਬੰਦਾ ਸਿੰਘ ਆਪਣੇ ਸਿੰਘਾਂ ਸਮੇਤ ਪਹਾੜਾਂ ਵੱਲ ਨਿਕਲ ਗਿਆ। ਕੁਝ ਪਹਾੜੀ ਰਾਜਿਆਂ ਨਾਲ ਝੜਪਾਂ ਹੋਈਆਂ। ਚੰਬੇ ਦੇ ਰਾਜੇ ਉਦੈ ਸਿੰਘ ਨੇ ਡਰਦਿਆਂ ਆਪਣੀ ਪੁੱਤਰੀ ਰਤਨਾ ਦੀ ਸ਼ਾਦੀ ਬੰਦਾ ਸਿੰਘ ਨਾਲ ਕਰ ਦਿੱਤੀ।

ਸ਼ਾਹੀ ਫ਼ੌਜਾਂ ਮਗਰ ਸਨ। ਸੰਨ 1711 ਦੇ ਜੂਨ ਮਹੀਨੇ ਵਿੱਚ ਬਹਿਰਾਮਪੁਰ ਵਿਖੇ ਮੁਗ਼ਲਾਂ ਨਾਲ ਖ਼ੂਨ ਡੋਲ੍ਹਵੀਂ ਲੜਾਈ ਹੋਈ। 28 ਫਰਵਰੀ 1712 ਨੂੰ ਹਿੰਦ ਦੇ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਹੋ ਗਈ। ਫ਼ਰੁਖਸੀਅਰ ਬਾਦਸ਼ਾਹ ਬਣਿਆ। ਸਿੰਘਾਂ ਨੇ ਮੁਗ਼ਲਾਂ ਨੂੰ ਵਖ਼ਤ ਪਾਈ ਰੱਖਿਆ। ਫਿਰ ਸਿੰਘਾਂ ਵਿੱਚ ਫੁੱਟ ਪੈ ਗਈ। ਦੋ ਧੜੇ ਬਣ ਗਏ, ਬੰਦਈ ਖਾਲਸਾ ਤੇ ਤੱਤਈ ਖਾਲਸਾ। ਮੁਗ਼ਲਾਂ ਨੇ ਇਸ ਦਾ ਫ਼ਾਇਦਾ ਉਠਾਇਆ। ਹਾਲਾਤ ਇਸ ਤਰ੍ਹਾਂ ਦੇ ਬਣ ਗਏ, ਬੰਦਾ ਸਿੰਘ ਬਹਾਦਰ ਆਪਣੇ ਗਿਣਤੀ ਦੇ ਸਿੰਘਾਂ ਨਾਲ ਗੁਰਦਾਸ ਨੰਗਲ ਦੇ ਮੁਕਾਮ 'ਤੇ ਕੱਚੀ ਗੜ੍ਹੀ ਵਿੱਚ ਘੇਰਿਆ ਗਿਆ। ਅੱਠ ਮਹੀਨੇ ਘੇਰਾ ਪਾਈ ਰੱਖਿਆ। ਸਿੰਘਾਂ ਨੇ ਰੁੱਖਾਂ ਦੇ ਪੱਤੇ ਅਤੇ ਛਿੱਲਾਂ ਵੀ ਕੁੱਟ-ਕੁੱਟ ਖਾਧੀਆਂ। ਭੁੱਖ ਨਾਲ ਘੋੜੇ ਵੀ ਮਰ ਗਏ। ਆਖ਼ਰ 7 ਦਸੰਬਰ 1715 ਨੂੰ ਭੁੱਖੇ ਪਿਆਸੇ ਬਿਮਾਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਤਿੰਨ ਮਹੀਨੇ ਬਾਅਦ 1716 ਨੂੰ ਇੱਕ ਅਨੋਖਾ ਜਲੂਸ ਦਿੱਲੀ ਵੱਲ ਰਵਾਨਾ ਹੋਇਆ। ਕੈਦੀ ਸਿੰਘਾਂ ਨਾਲ 700 ਗੱਡਾ ਲੱਦਿਆ ਗਿਆ। ਬੰਦਾ ਸਿੰਘ ਨੂੰ ਲੋਹੇ ਦੇ ਪਿੰਜਰੇ ਵਿੱਚ ਹਾਥੀ ਉੱਪਰ ਬਿਠਾਇਆ। ਉਸ ਦੀ ਪਤਨੀ ਅਤੇ ਚਾਰ ਸਾਲਾਂ ਦੇ ਬੱਚੇ ਅਜੈ ਸਿੰਘ ਨੂੰ ਵੀ ਕੈਦ ਕਰਕੇ ਦਿੱਲੀ ਲਿਆਂਦਾ ਗਿਆ। ਸਿੰਘਾਂ ਉੱਪਰ ਜਿੰਨਾ ਜ਼ੁਲਮ ਕਰ ਸਕਦੇ ਸਨ, ਮੁਗ਼ਲਾਂ ਨੇ ਕੀਤਾ। ਬੱਚੇ ਦਾ ਕਲੇਜਾ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿੱਚ ਤੁੰਨਿਆ ਤੇ ਬੰਦਾ ਸਿੰਘ ਨੂੰ ਗਰਮ ਸਲਾਖ਼ਾਂ ਨਾਲ ਲੂਹ ਕੇ, ਜਮੂਰਾਂ ਨਾਲ ਮਾਸ ਨੋਚਿਆ ਗਿਆ। ਫਿਰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਮਾਪਿਆਂ ਦਾ ਲਛਮਣ ਦੇਵ, ਜਾਨਕੀ ਦਾਸ ਦਾ ਨਰਾਇਣ ਦਾਸ, ਸਵਾਮੀ ਰਾਮ ਦਾਸ ਦਾ ਮਾਧੋ ਦਾਸ, ਗੁਰੂ ਗੋਬਿੰਦ ਸਿੰਘ ਜੀ ਦਾ ਗੁਰਬਖਸ਼ ਸਿੰਘ ਉਰਫ਼ ਬੰਦਾ ਸਿੰਘ, ਖੋਜਾ ਫਾਤੂ ਦੇ ਤਲਾਅ ਲਾਗੇ ਪੁਰਜ਼ਾ ਪੁਰਜ਼ਾ ਹੋਇਆ ਪਿਆ ਸੀ। ਕੀ ਮੁਗ਼ਲ ਹਕੂਮਤ ਏਨਾ ਜ਼ੁਲਮ ਕਰਕੇ ਸਿੱਖਾਂ ਦੀ ਬਗ਼ਾਵਤ ਨੂੰ ਰੋਕ ਸਕੀ ? ਬੰਦਾ ਸਿੰਘ ਬਹਾਦਰ ਦੇ ਬੀਜੇ ਬੀਜ ਮਿਸਲਾਂ ਬਣ ਕੇ ਉੱਗੇ ਤੇ ਫਿਰ 1799 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦੇ ਸ਼ਾਹੀ ਕਿਲ੍ਹੇ ਉੱਪਰ ਖਾਲਸਾ ਰਾਜ ਦਾ ਝੰਡਾ ਲਹਿਰਾ ਦਿੱਤਾ ਤੇ ਜ਼ਾਲਮ ਹਕੂਮਤ (ਮੁਗ਼ਲ) ਦੀਆਂ ਜੜ੍ਹਾਂ ਸਦਾ ਲਈ ਪੁੱਟੀਆਂ ਗਈਆਂ।

# ਜਥੇਦਾਰ ਸਾਹਿਬਾਨ ਦੀਆਂ ਸੇਵਾ ਸ਼ਰਤਾਂ ਦਾ ਮਾਮਲਾ

ਸ਼੍ਰੋਮਣੀ ਅਕਾਲੀ ਦਲ ਦੇ ਧੜਿਆਂ ਦੀ ਆਪਸੀ ਗੁੱਟਬਾਜ਼ੀ ਨੂੰ ਖ਼ਤਮ ਕਰਨ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਸਾਹਿਬਾਨ ਵੱਲੋਂ 2 ਦਸੰਬਰ 2024 ਨੂੰ ਹੋਏ ਆਦੇਸ਼ਾਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਹੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨੂੰ ਸੇਵਾਮੁਕਤ ਕੀਤੇ ਜਾਣ ਦੇ ਪ੍ਰਤੀਕਰਮ ਵਜੋਂ ਸਿੱਖ ਪੰਥ ਵਿੱਚ ਰੋਸ ਉਪਜਿਆ ਹੈ। ਇਸ ਰੋਸ ਨੂੰ ਸ਼ਾਂਤ ਕਰਨ ਵਾਸਤੇ ਜਥੇਦਾਰ ਸਾਹਿਬਾਨ ਨੂੰ ਸੇਵਾਮੁਕਤ ਕਰਨ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 28 ਮਾਰਚ 2025 ਨੂੰ ਹੋਏ ਆਮ ਇਜਲਾਸ ਵਿੱਚ ਜਥੇਦਾਰ ਸਾਹਿਬਾਨ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾਮੁਕਤੀ ਬਾਰੇ ਵਿਧੀ-ਵਿਧਾਨ ਤਿਆਰ ਕਰਨ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਨੂੰ ਜਨਤਕ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ ਸੁਸਾਇਟੀਆਂ ਅਤੇ ਦੇਸ਼ ਵਿਦੇਸ਼ ਵਿੱਚ ਵਸਦੇ ਵਿਦਵਾਨਾਂ ਤੇ ਬੁੱਧੀਜੀਵੀਆਂ ਤੋਂ ਸੁਝਾਅ ਮੰਗੇ ਹੋਏ ਹਨ।

ਸਿੱਖ ਪੰਥ ਵੱਲੋਂ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਬਾਰੇ ਨਿਯਮ ਤਿਆਰ ਕਰਨ ਬਾਰੇ ਮੰਗ ਪਹਿਲਾਂ ਵੀ ਸਮੇਂ ਸਮੇਂ ਉੱਠਦੀ ਰਹੀ ਹੈ। ਅਜਿਹਾ ਦੋ ਕਾਰਨਾਂ ਕਰਕੇ ਹੁੰਦਾ ਰਿਹਾ। ਅਜਿਹਾ ਇੱਕ ਤੋਂ ਵੱਧ ਵਾਰ ਉਦੋਂ ਹੋਇਆ ਜਦ ਕਦੇ ਸ਼੍ਰੋਮਣੀ ਕਮੇਟੀ ਨੇ ਆਪਣੇ ਵੱਲੋਂ ਨਿਯੁਕਤ ਜਥੇਦਾਰ/ਜਥੇਦਾਰਾਂ ਦੀ ਕਾਰਗੁਜ਼ਾਰੀ ਨੂੰ ਕਮੇਟੀ ਦੇ ਦਿਸ਼ਾ ਨਿਰਦੇਸ਼ ਤੋਂ ਬਾਹਰ ਜਾਂਦੇ ਵੇਖਦਿਆਂ ਉਸ/ਉਨ੍ਹਾਂ ਨੂੰ ਫਾਰਗ ਕਰਨ ਦੀ ਕਾਰਵਾਈ ਕੀਤੀ ਤਾਂ ਸਿੱਖ ਸੰਗਤ ਨੇ ਇਸ ਨੂੰ ਅਣਉਚਿਤ ਕਾਰਵਾਈ ਮੰਨਦਿਆਂ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾਮੁਕਤੀ ਦੇ ਨਿਯਮ ਬਣਾਏ ਜਾਣ ਦੀ ਮੰਗ ਕੀਤੀ। ਸ੍ਰੀ ਅਕਾਲ ਤਖਤ ਉੱਤੇ ਬਿਰਾਜਮਾਨ 'ਜਥੇਦਾਰ' ਵੱਲੋਂ ਕਿਸੇ 'ਬਾਹਰੀ ਸ਼ਕਤੀ' ਦੀ ਇੱਛਾ ਪੂਰਤੀ ਹਿੱਤ ਪੰਥਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ "ਮਰ ਜਾ ਚਿੜੀਏ, ਜਿਊਂ ਪੈ ਚਿੜੀਏ" ਵਰਗੇ ਆਦੇਸ਼ ਜਾਰੀ ਕਰਨ ਮੌਕੇ ਤਤਕਾਲੀ ਜਥੇਦਾਰ ਦੀ ਯੋਗਤਾ ਸ਼ੱਕੀ ਬਣ ਜਾਣ ਦੇ ਪ੍ਰਤੀਕਰਮ ਵਜੋਂ ਵੀ ਅਜਿਹੀ ਮੰਗ ਉੱਠਣ ਦਾ ਅਵਸਰ ਬਣਿਆ।

ਇਤਿਹਾਸ ਉੱਤੇ ਨਜ਼ਰ ਮਾਰਿਆਂ ਜਾਣਕਾਰੀ ਮਿਲਦੀ ਹੈ ਕਿ ਸ੍ਰੀ ਅਕਾਲ ਤਖਤ ਦਾ ਪਹਿਲਾ ਜਥੇਦਾਰ 12 ਅਕਤੂਬਰ 1920 ਨੂੰ 'ਖਾਲਸਾ ਬਰਾਦਰੀ' ਦੇ ਅੰਮ੍ਰਿਤਧਾਰੀ ਸਿੱਖਾਂ ਨਾਲ ਆਈ ਸਿੱਖ ਸੰਗਤ ਨੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਥਾਪਿਆ। ਉਨ੍ਹੀਂ ਦਿਨੀਂ ਅਜੇ ਅਕਾਲੀ ਦਲ ਨਹੀਂ ਸੀ ਬਣਿਆ ਪਰ ਜਥੇਦਾਰ ਭੁੱਚਰ ਸੈਂਟਰਲ ਮਾਝਾ ਖਾਲਸਾ ਦੀਵਾਨ ਦੇ ਮੁਖੀ ਵਜੋਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਵਿੱਚ ਸਰਗਰਮ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦਾ ਗਠਨ ਹੋਣ ਪਿੱਛੋਂ ਵੀ ਉਨ੍ਹਾਂ ਆਪਣੇ ਦੀਵਾਨ ਦੀ ਸੁਤੰਤਰ ਹੋਂਦ ਬਣਾਈ ਰੱਖੀ ਜਿਸ ਕਾਰਨ ਉਨ੍ਹਾਂ ਦਾ ਕਮੇਟੀ ਨਾਲ ਵਿਚਾਰਧਾਰਕ ਵਖਰੇਵਾਂ ਪੈਦਾ ਹੋ ਗਿਆ। ਅੰਤ ਇੱਕ ਸਾਲ ਪਿੱਛੋਂ ਹੀ ਉਨ੍ਹਾਂ ਨੂੰ ਇਸ ਸੇਵਾ ਤੋਂ ਮੁਕਤ ਕਰਕੇ ਜਥੇਦਾਰ ਤੇਜਾ ਸਿੰਘ ਅਕਰਪੁਰੀ ਨੂੰ ਜਥੇਦਾਰ ਨਿਯੁਕਤ ਕੀਤਾ ਗਿਆ। ਬਾਰ੍ਹਾਂ ਦਸੰਬਰ 1920 ਨੂੰ ਗਠਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 30 ਅਪਰੈਲ 1921 ਨੂੰ ਜਾਇੰਟ ਸਟਾਕ ਕੰਪਨੀਜ਼, ਪੰਜਾਬ ਦੇ ਰਜਿਸਟਰਾਰ ਕੋਲ ਸੁਸਾਇਟੀ ਵਜੋਂ ਰਜਿਸਟਰ ਕਰਵਾਇਆ ਗਿਆ। ਇਸ ਮੌਕੇ ਪੇਸ਼ ਕੀਤੇ ਸੁਸਾਇਟੀ ਦੇ ਨਿਯਮਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ ਗਿਆ। 1925 ਵਿੱਚ ਪੰਜਾਬ ਅਸੈਂਬਲੀ ਵਿੱਚ ਪਾਸ ਸਿੱਖ ਗੁਰਦੁਆਰਾ ਐਕਟ ਹੋਂਦ ਵਿੱਚ ਆਇਆ। ਇਸ ਕਾਨੂੰਨ ਵਿੱਚ ਵੀ ਤਖਤ ਸਾਹਿਬਾਨ ਦੇ ਜਥੇਦਾਰ ਦੇ ਅਹੁਦੇ ਦਾ ਉਪਬੰਦ ਨਹੀਂ ਸੀ। ਇਸ ਸਥਿਤੀ ਦਾ ਲਾਭ ਉਠਾਉਂਦਿਆਂ ਜਥੇਦਾਰ ਥਾਪਣ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੈ ਲਿਆ। ਇਸ ਪਿੱਛੇ ਦਲੀਲ ਇਹ ਵੀ ਹੋ ਸਕਦੀ ਹੈ ਕਿ ਅਕਾਲ ਬੁੰਗਾ ਅਥਵਾ ਅਕਾਲ ਤਖਤ ਦਾ ਨਾਂ ਉਨ੍ਹਾਂ ਗੁਰਦੁਆਰਿਆਂ ਦੀ ਸੂਚੀ ਵਿੱਚ ਸ਼ਾਮਲ ਸੀ ਜਿਹੜੇ ਕਾਨੂੰਨਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਹੇਠ ਆਏ ਸਨ। ਇਸ ਲਈ ਹੋਰ ਗੁਰਦੁਆਰਿਆਂ ਵਾਂਗ

**ਗੁਰਦੇਵ ਸਿੰਘ ਸਿੱਧੂ**

ਇਸ ਸਥਾਨ ਉੱਤੇ ਵੀ ਕਰਮਚਾਰੀ ਲਾਉਣ/ਹਟਾਉਣ ਦਾ ਅਧਿਕਾਰ ਕਮੇਟੀ ਨੇ ਸੁਤੇ-ਸਿੱਧ ਮਿਲਿਆ ਮੰਨ ਲਿਆ। 27 ਨਵੰਬਰ 1932 ਨੂੰ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸ਼?ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਨ ਕੀਤਾ ਮਤਾ ਕਮੇਟੀ ਦੀ ਇਸ ਸੋਚ ਦਾ ਪ੍ਰਮਾਣ ਹੈ। ਇਸ ਮਤੇ ਦੇ ਸ਼ਬਦ ਸਨ, "ਪ੍ਰਵਾਨ ਹੋਇਆ ਕਿ ਜਦ ਕਦੇ ਭੀ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਮੁਕਰਰ ਕਰਨ ਦਾ ਸਵਾਲ ਪੇਸ਼ ਹੋਵੇ ਤਾਂ ਆਚਰਣ ਅਤੇ ਯੋਗਤਾ, ਨਿਰਪੱਖਸ਼ਤਾ ਨੂੰ ਮੁੱਖ ਰੱਖਦਿਆਂ ਹੋਇਆਂ ਜੇ ਤਨਖਾਹ ਬਿਨਾਂ ਕੰਮ ਕਰਨ ਵਾਲਾ ਯੋਗ ਸੱਜਣ ਮਿਲ ਸਕੇ ਤਾਂ ਬਿਹਤਰ; ਵਰਨਾ ਤਨਖਾਹਦਾਰ ਸੇਵਕ ਰੱਖ ਲਿਆ ਜਾਇਆ ਕਰੇ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਤੱਕ, ਘੱਟੋ ਘੱਟ ਦੋ ਮੌਕਿਆਂ ਦੇ ਅਪਵਾਦ ਨਾਲ, ਇਸ ਏਕਾਧਿਕਾਰ ਦੀ ਵਰਤੋਂ ਕੀਤੀ। ਪਹਿਲਾ ਮੌਕਾ ਉਹ ਸੀ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖ਼ੁਦ ਇਸ ਅਧਿਕਾਰ ਦੀ ਵਰਤੋਂ ਨੂੰ ਢਿੱਲਿਆਂ ਕੀਤਾ। ਇਹ ਉਦੋਂ ਹੋਇਆ ਜਦ ਜਥੇਦਾਰ ਤੇਜਾ ਸਿੰਘ ਅਕਰਪੁਰੀ 1926 ਵਿੱਚ ਦੂਜੀ ਵਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਜਾਣ ਪਿੱਛੋਂ ਵਿਵਾਦਾਂ ਵਿੱਚ ਘਿਰ ਗਏ ਤਾਂ ਕਮੇਟੀ ਨੂੰ ਅਗਲਾ ਜਥੇਦਾਰ ਥਾਪਣ ਵਾਸਤੇ ਸਿੱਖ ਸੰਗਤ ਤੋਂ ਸੁਝਾਅ ਲੈਣ ਦੀ ਲੋੜ ਪਈ। ਇਸ ਮਨੋਰਥ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਨੰਬਰ 29 ਜਾਰੀ ਕੀਤਾ। ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੁਬਰਜੀ, ਲਾਹੌਰ ਵੱਲੋਂ ਜਾਰੀ ਅਤੇ ਗੁਰਦੁਆਰਾ ਗਜ਼ਟ ਦੇ ਜਨਵਰੀ 1931 ਦੇ ਅੰਕ ਵਿੱਚ ਪ੍ਰਕਾਸ਼ਿਤ ਇਸ ਐਲਾਨ ਵਿੱਚ ਲਿਖਿਆ ਸੀ, "ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਦੀ ਥਾਂ ਖਾਲੀ ਹੈ। ਸਮੂਹ ਅਕਾਲੀ ਜਥਿਆਂ, ਸਿੰਘ ਸਭਾਵਾਂ, ਦੀਵਾਨਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਪੰਥਕ ਸੁਸਾਇਟੀਆਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਕਿਸੇ ਯੋਗ ਸੱਜਣ ਦਾ ਨਾਮ ਤਜਵੀਜ ਕਰ ਭੇਜਣ ਦੀ ਖੇਚਲ ਕਰਨ ਅਤੇ ਆਪਣੀ ਤਜਵੀਜ ਵਿੱਚ ਅਜਿਹੇ ਸੱਜਣ ਦੀ ਧਾਰਮਿਕ ਤੇ ਸੰਸਾਰਿਕ ਵਿਦਿਆ, ਪੰਥਕ ਸੇਵਾ, ਆਮ ਆਚਾਰ ਤੇ ਧਾਰਮਿਕ ਖਿਆਲਾਤ, ਆਯੂ ਆਦਿਕ ਸਬੰਧੀ ਪੂਰਾ ਵੇਰਵਾ ਲਿਖ ਭੇਜਣ ਦੀ ਕਿਰਪਾ ਕਰਨ। ਨਾਮ ਤਜਵੀਜ ਕਰਨ ਲੱਗਿਆਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਹਾਨਤਾ ਅਤੇ ਜਥੇਦਾਰੀ ਦੀਆਂ ਜਿੰਮੇਵਾਰੀਆਂ ਦਾ ਖਿਆਲ ਰੱਖ ਲੈਣਾ ਚਾਹੀਦਾ ਹੈ।" ਇਸ ਐਲਾਨ ਦੇ ਹੁੰਗਾਰੇ ਵਿੱਚ ਕਿੰਨੀਆਂ ਨਾਮਜ਼ਦਗੀਆਂ ਪੁੱਜੀਆਂ, ਇਹ ਜਾਣਕਾਰੀ ਨਹੀਂ ਮਿਲੀ ਪਰ ਅੰਤਿਮ ਤੌਰ ਉੱਤੇ ਇਸ ਪਦ ਉੱਤੇ ਗਿਆਨੀ ਗੁਰਮੁਖ ਸਿੰਘ 'ਮੁਸਾਫਿਰ' ਨੂੰ ਸੁਸ਼ੋਭਿਤ ਕੀਤਾ ਗਿਆ ਜਿਨ੍ਹਾਂ ਨੇ ਇਹ ਸੇਵਾ ਤਿੰਨ ਸਾਲ ਵਾਸਤੇ ਨਿਭਾਈ। ਜਾਪਦਾ ਹੈ ਕਿ ਭਵਿੱਖ ਵਿੱਚ ਜਥੇਦਾਰ ਦੀ ਨਿਯੁਕਤੀ ਵਿੱਚ ਸਿੱਖ ਸੰਸਥਾਵਾਂ ਤੋਂ ਸਲਾਹ ਲੈਣ ਦੀ ਕਾਰਵਾਈ ਤੋਂ ਬਚਣ ਵਾਸਤੇ ਹੀ 27 ਨਵੰਬਰ 1932 ਵਾਲਾ ਮਤਾ, ਜਿਸ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ, ਪ੍ਰਵਾਨ ਕੀਤਾ ਗਿਆ।


ਆਮ ਤੌਰ ਉੱਤੇ ਕਮੇਟੀ ਵੱਲੋਂ ਨਿਯੁਕਤ ਜਥੇਦਾਰ ਨੂੰ ਸਿੱਖ ਸੰਗਤ ਮਾਨਤਾ ਦਿੰਦੀ ਰਹੀ ਹੈ ਪਰ 1985 ਵਿੱਚ ਇੱਕ ਮੌਕਾ ਅਜਿਹਾ ਆਇਆ ਜਦ ਸਰਬੱਤ ਖਾਲਸਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਜਥੇਦਾਰਾਂ ਨੂੰ ਮਾਨਤਾ ਨਾ ਦਿੰਦਿਆਂ ਆਪ ਜਥੇਦਾਰ ਥਾਪ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਏਕਾਧਿਕਾਰ ਨੂੰ ਤੋੜਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਔਖੇ ਸੌਖੇ ਥੋੜ੍ਹੇ ਸਮੇਂ ਲਈ ਇਨ੍ਹਾਂ ਜਥੇਦਾਰ ਸਾਹਿਬਾਨ ਨੂੰ ਝੱਲਿਆ ਅਤੇ ਮੌਕਾ ਮਿਲਦੇ ਹੀ ਆਪਣੇ ਵੱਲੋਂ ਜਥੇਦਾਰ ਨਿਯੁਕਤ ਕਰ ਦਿੱਤੇ। ਇਸ ਉਪਰੰਤ ਸਥਿਤੀ ਪਹਿਲਾਂ ਵਾਂਗ ਚੱਲਦੀ ਰਹੀ।

1999 ਵਿੱਚ ਇੱਕ ਵਾਰ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਏਕਾਧਿਕਾਰ ਨੂੰ ਵੰਗਾਰਿਆ ਗਿਆ ਪਰ ਹੈਰਾਨੀ ਦੀ ਗੱਲ ਹੈ ਕਿ ਇਸ ਮੌਕੇ ਅਜਿਹਾ ਬਾਹਰੋਂ ਨਹੀਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਦਰੋਂ ਹੋਇਆ। ਕਮੇਟੀ ਨੇ 1996 ਵਿੱਚ ਭਾਈ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਥਾਪਿਆ। ਦੋ ਕੁ ਸਾਲ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਹਿਸੂਸ ਕੀਤਾ ਕਿ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ ਉਸ ਦੀ ਸੁਰ ਨਾਲ ਸੁਰ ਮਿਲਾ ਕੇ ਨਹੀਂ ਚੱਲ ਰਿਹਾ ਤਾਂ ਉਸ ਨੂੰ ਸੇਵਾਮੁਕਤ ਕਰਨ ਬਾਰੇ ਘੁਸਰ-ਮੁਸਰ ਹੋਣ ਲੱਗੀ। ਇਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਮਿਤੀ ਵੀਹ ਫਰਵਰੀ 1999 ਨੂੰ ਫਤਿਹਗੜ੍ਹ ਸਾਹਿਬ ਵਿੱਚ ਹੋਈ ਮੀਟਿੰਗ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਨਿਯੁਕਤੀ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੋਣ ਦੀ ਥਾਂ ਸਰਬੱਤ ਖਾਲਸਾ ਕੋਲ ਹੋਣਾ ਮੰਨਿਆ। ਧਰਮ ਪ੍ਰਚਾਰ ਕਮੇਟੀ ਵੱਲੋਂ ਇਸ ਸਬੰਧ ਵਿੱਚ ਪ੍ਰਵਾਨ ਕੀਤੇ ਮਤੇ ਦੇ ਸ਼ਬਦ ਇਹ ਸਨ, "ਧਰਮ ਪ੍ਰਚਾਰ ਕਮੇਟੀ ਦੀ ਅੱਜ ਦੀ ਇੱਕਤਰਤਾ 20-2-99 ਨੂੰ ਫਤਿਹਗੜ੍ਹ ਸਾਹਿਬ ਵਿਖੇ ਹੋਈ। ਇਸ ਵਿੱਚ ਤਖਤ ਸਾਹਿਬਾਨ ਦੀ ਭੂਮਿਕਾ ਨੂੰ ਗੁਰਦੁਆਰਾ ਐਕਟ 1925 ਦੀ ਰੋਸ਼ਨੀ ਵਿੱਚ ਵਿਚਾਰਿਆ ਗਿਆ। ਵਿਸਥਾਰ ਵਿੱਚ ਹੋਈ ਵਿਚਾਰ ਚਰਚਾ ਤੋਂ ਧਰਮ ਪ੍ਰਚਾਰ ਕਮੇਟੀ ਇਸ ਸਿੱਟੇ ਉੱਤੇ ਪਹੁੰਚੀ ਕਿ ਗੁਰਦੁਆਰਾ ਐਕਟ 1925 ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਹੈ ਅਤੇ ਤਖਤ ਸਾਹਿਬ ਨੂੰ ਮਹਿਜ ਗੁਰਦੁਆਰੇ ਦੀ ਸੇਵਾ ਸੰਭਾਲ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਪੱਖ ਤੋਂ ਵੇਖਿਆਂ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦੀ ਸਰਵੋਤਮ ਸੰਸਥਾ ਹੈ। ਇਸੇ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਿੱਖਾਂ ਦੀ ਸੰਪੂਰਨ ਜ਼ਿੰਦਗੀ ਦਾ ਨਿਗਾਹਬਾਨ ਤੇ ਨਿਰਦੇਸ਼ਕ ਵੀ ਮੰਨਿਆ ਜਾਂਦਾ ਹੈ। ਤਖਤ ਸਾਹਿਬ ਦੀ ਸੁਤੰਤਰ ਹੋਂਦ ਨੂੰ ਗੁਰਦੁਆਰਾ ਐਕਟ ਦੀਆਂ ਸੀਮਾਵਾਂ ਵਿੱਚ ਕਾਇਮ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਗੁਰਦੁਆਰਾ ਐਕਟ ਵਿੱਚ ਸਰਬੱਤ ਖਾਲਸਾ, ਗੁਰਮਤਾ ਅਤੇ ਹੁਕਮਨਾਮੇ ਦਾ ਕੋਈ ਵੀ ਹਵਾਲਾ ਨਹੀਂ ਆਇਆ। ਤਖਤ ਸਾਹਿਬ ਨੂੰ ਸੁਤੰਤਰ ਰੱਖਣ ਦੀ ਗੁਰਦੁਆਰਾ ਐਕਟ ਵੀ ਆਗਿਆ ਦਿੰਦਾ ਹੈ। ਸੋ ਧਰਮ ਪ੍ਰਚਾਰ ਕਮੇਟੀ ਇਹ ਮਤਾ ਪਾਸ ਕਰਦੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਤਖਤ ਸਾਹਿਬ ਗੁਰਦੁਆਰਾ ਐਕਟ 1925 ਦੇ ਘੇਰੇ ਵਿੱਚ ਨਹੀਂ ਆਉਂਦੇ। ਤਖਤਾਂ ਦਾ ਘੇਰਾ ਇਸੇ ਕਰਕੇ 'ਜਹਾਂ ਜਹਾਂ ਖਾਲਸਾ ਜੀ ਸਾਹਿਬ' ਤੱਕ ਹੈ ਜਦੋਂਕਿ ਗੁਰਦੁਆਰਾ ਐਕਟ ਅਧੀਨ ਬਣਾਈ ਗਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਘੇਰਾ ਬਹੁਤ ਸੀਮਤ ਹੈ। ਗੁਰ ਖਾਲਸਾ ਪੰਥ ਨੂੰ ਤਖਤਾਂ ਦੀ ਸੁਤੰਤਰ ਸਥਾਪਨਾ, ਪ੍ਰਾਪਤ ਪਰੰਪਰਾਵਾਂ ਅਤੇ ਸਿੱਖ ਸਿਧਾਂਤ ਮੁਤਾਬਕ ਹੋ ਚੁੱਕੀ ਪ੍ਰਵਾਨ ਕਰਦਿਆਂ ਤਖਤਾਂ ਨੂੰ ਗੁਰਦੁਆਰਾ ਐਕਟ 1925 ਤੋਂ ਮੁਕਤ ਪ੍ਰਵਾਨ ਕਰ ਲੈਣਾ ਚਾਹੀਦਾ ਹੈ।

ਧਰਮ ਪ੍ਰਚਾਰ ਕਮੇਟੀ ਦੀ ਸੋਚੀ ਸਮਝੀ ਰਾਏ ਹੈ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਨਾ ਮੁਅੱਤਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਜਵਾਬਤਲਬੀ ਕੀਤੀ ਜਾ ਸਕਦੀ ਹੈ। ਇਹ ਅਧਿਕਾਰ ਕੇਵਲ ਤੇ ਕੇਵਲ ਸਰਬੱਤ ਖਾਲਸਾ ਨੂੰ ਹੀ ਹੈ।"

ਇਹ ਵੱਖਰੀ ਗੱਲ ਹੈ ਕਿ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਤੇ ਨੂੰ ਅਣਗੌਲਿਆਂ ਕਰਦਿਆਂ ਅਗਲੇ ਮਹੀਨੇ ਭਾਈ ਰਣਜੀਤ ਸਿੰਘ ਨੂੰ ਪਦ-ਮੁਕਤ ਕਰ ਦਿੱਤਾ।

ਜਥੇਦਾਰ ਸਾਹਿਬਾਨ ਦੀਆਂ ਸੇਵਾ ਸ਼ਰਤਾਂ ਤੈਅ ਕਰਨ ਬਾਰੇ ਖ਼ੁਦ ਜਥੇਦਾਰ ਸਾਹਿਬਾਨ ਵੱਲੋਂ ਵੀ ਮੰਗ ਕੀਤੀ ਜਾ ਚੁੱਕੀ ਹੈ। 29 ਮਾਰਚ 2000 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ 'ਵੇਦਾਂਤੀ' ਸਮੇਤ ਪੰਜ ਸਿੰਘ ਸਾਹਿਬਾਨ ਨੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਆਦੇਸ਼ ਦਿੱਤਾ, "ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲੇ ਮਾਹਿਰਾਂ ਦੀ ਕਮੇਟੀ ਦੀ ਸਥਾਪਨਾ ਕਰਕੇ ਤਖਤ ਸਾਹਿਬਾਨ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਸਾਹਿਬਾਨ ਦੀ ਸੇਵਾ ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜ਼ਿੰਮੇਵਾਰੀਆਂ, ਸੇਵਾ-ਮੁਕਤੀ ਆਦਿ ਦੇ ਨਿਯਮ ਨਿਰਧਾਰਿਤ ਕੀਤੇ ਜਾਣ।" ਅਗਲੇ ਦਿਨ 30 ਮਾਰਚ ਨੂੰ ਹੋਏ ਆਮ ਇਜਲਾਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਇਸ ਆਦੇਸ਼ ਉੱਤੇ ਫੁੱਲ ਚੜ੍ਹਾਉਂਦਿਆਂ ਇਹ ਮਤਾ ਪ੍ਰਵਾਨ ਕੀਤਾ, "ਅੱਜ ਦਾ ਇਹ ਜਨਰਲ ਇਜਲਾਸ ਸਰਬ ਸੰਮਤੀ ਨਾਲ ਫੈਸਲਾ ਕਰਦਾ ਹੈ ਕਿ ਗ੍ਰੰਥੀ ਸਿੰਘਾਂ, ਮੁੱਖ ਗ੍ਰੰਥੀ ਸਿੰਘਾਂ ਅਤੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਲਈ ਯੋਗਤਾਵਾਂ, ਉਹਨਾਂ ਦੇ ਕਾਰਜ-ਖੇਤਰ, ਕਾਰਜ-ਵਿਧੀ ਅਤੇ ਜ਼ਿੰਮੇਵਾਰੀਆਂ, ਸੇਵਾ ਮੁਕਤੀ ਦੇ ਨਿਯਮ ਨਿਰਧਾਰਤ ਕਰਨ ਲਈ ਸਬ ਕਮੇਟੀ ਦਾ ਗਠਨ ਕਰਨ ਦੇ ਅਧਿਕਾਰ ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੂੰ ਦਿੱਤੇ ਜਾਂਦੇ ਹਨ।" ਚੌਥਾਈ ਸਦੀ ਪਹਿਲਾਂ ਇਹ ਮਤਾ ਪ੍ਰਵਾਨ ਕੀਤੇ ਜਾਣ ਪਿੱਛੋਂ ਕਈ ਪ੍ਰਧਾਨ ਆਏ ਅਤੇ ਗਏ, ਪਰ ਇਸ ਮਤੇ ਦੀ ਲੋਅ ਵਿੱਚ ਜੇਕਰ ਕਿਸੇ ਪ੍ਰਧਾਨ ਸਾਹਿਬ ਨੇ ਸਬ ਕਮੇਟੀ ਬਣਾਈ ਹੋਵੇ ਅਤੇ ਇਸ ਸਬ ਕਮੇਟੀ ਨੇ ਕੋਈ ਕਾਰਵਾਈ ਕੀਤੀ ਹੋਵੇ, ਇਸ ਬਾਰੇ ਕਿਧਰੇ ਕੋਈ ਜਾਣਕਾਰੀ ਨਹੀਂ ਮਿਲਦੀ ਹੈ। ਸਰੋਤ ਦੱਸਦੇ ਹਨ ਕਿ ਕੁਝ ਵਿਦਵਾਨਾਂ ਨੇ ਵੀ ਇਸ ਵਿਸ਼ੇ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਤੀ ਸੁਝਾਅ ਭੇਜੇ ਸਨ ਜੋ ਕਿਸੇ ਦਫਤਰੀ ਫਾਈਲ ਵਿਚ ਦੱਬੇ ਪਏ ਹੋਣਗੇ। ਇਸ ਸੂਰਤ ਵਿੱਚ 20 ਅਪਰੈਲ 2025 ਤੱਕ ਪ੍ਰਾਪਤ ਹੋਏ ਸੁਝਾਵਾਂ ਦੀ ਹੋਣੀ ਬਾਰੇ ਤਾਂ ਸਮਾਂ ਹੀ ਦੱਸੇਗਾ।


੧ਓ ਵਾਹਿਗੁਰੂ ਜੀ ਕੀ ਫ਼ਤਹ ॥

ਗੁਰਦੁਆਰਾ ਗਜ਼ਟ

ਸ੍ਰੀ ਅੰਮ੍ਰਿਤਸਰ ਜੀ

ਜਨਵਰੀ ੧੯੩੧

ਭਾਗ ੬

ਪਰਚਾਰ ਤੇ ਗੁਰਮਤਿ !

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਐਲਾਨ ਨੰ: ੨੯

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਦੀ ਥਾਂ ਖ਼ਾਲੀ ਹੈ। ਸਮੂੰਹ ਅਕਾਲੀ ਜਥਿਆਂ, ਸਿੰਘ ਸਭਾਵਾਂ, ਦੀਵਾਨਾਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਪੰਥਕ ਸੁਸਾਇਟੀਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਕਿਸੇ ਯੋਗ ਸਜਣ ਦਾ ਨਾਮ ਤਜਵੀਜ਼ ਕਰ ਭੇਜਣ ਦੀ ਖੇਚਲ ਕਰਨ ਅਤੇ ਆਪਣੀ ਤਜਵੀਜ਼ ਵਿਚ ਅਜਿਹੇ ਸਜਣ ਦੀ ਧਾਰਮਿਕ ਤੇ ਸੰਸਾਰਿਕ ਵਿੱਦਯਾ, ਪੰਥਕ ਸੇਵਾ, ਆਮ ਅਚਾਰ ਤੇ ਧਾਰਮਿਕ ਖ਼ਿਆਲਾਤ, ਆਯੂ ਆਦਿਕ ਸੰਬੰਧੀ ਪੂਰਾ ਵੇਰਵਾ ਲਿਖ ਭੇਜਣ ਦੀ ਕ੍ਰਿਪਾ ਕਰਨ। ਨਾਮ ਤਜਵੀਜ਼ ਕਰਨ ਲਗਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਹਾਨਤਾ ਅਤੇ ਜਥੇਦਾਰੀ ਦੀਆਂ ਜ਼ਿਮੇਵਾਰੀਆਂ ਦਾ ਖ਼ਿਆਲ ਰਖ ਲੈਣਾ ਚਾਹੀਦਾ ਹੈ।

ਸਕੱਤ੍ਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਚੁਬੁਰਜੀ, ਲਾਹੌਰ

ਗੁਰੂ ਪੰਥ ਦੀ ਸੇਵਾ ਵਿਚ ਇਕ ਜ਼ਰੂਰੀ ਬੇਨਤੀ !

ਸਿਖ ਧਰਮ ਵਿਚ ਇਕ ਇਕ ਇਕੱਲੇ ਦਾ ਜੀਵਨ ਤਾਂ ਆਪਣਾ ਜੀਵਨ ਹੈ; ਪਰ ਬਹੁਤੇ ਇਕੱਲਿਆਂ ਦਾ ਕਿਸੇ ਸੂਰਤ ਵਿਚ ਵੀ ਰਲਵਾਂ ਜੀਵਨ ਕੌਮੀ ਜੀਵਨ ਹੈ ਅਤੇ ਇਸ ਕੌਮੀ ਜੀਵਨ ਦੀ ਭਲਾਈ ਬੁਰਾਈ ਦਾ ਅਸਰ ਹੀ ਉਸ ਕੌਮ ਦਾ ਸੰਸਾਰ ਉਤੇ ਪੈਂਦਾ ਹੈ। ਇਸ ਲਈ ਗੁਰੂ ਮਹਾਰਾਜ ਨੇ ਕੌਮੀ ਜੀਵਨ ਨੂੰ ਚੰਗਾ, ਪਵਿੱਤ੍ਰ ਤੇ ਸ਼ੁਧ ਰਖਣ ਲਈ ਹੀ ਗੁਰਦਵਾਰੇ ਬਣਾਏ ਸਨ, ਅਤੇ ਸਚ ਪੁਛੋ ਤਾਂ ਗੁਰਦਵਾਰੇ ਹੀ ਕੌਮੀ ਜੀਵਨ ਦਾ ਸੋਮਾਂ ਹਨ। ਸੋ ਖ਼ਾਲਸਾ ਜੀ, ਗੁਰਦਵਾਰੇ ਬਣਾਣ ਵਿਚ ਸਹਾਇਤਾ ਕਰਨੀ ਹਰ ਇਕ ਸਿਖ ਦਾ ਪਰਮ ਧਰਮ ਹੈ। ਅਲੀ ਗੜ੍ਹ ਇਕ ਜ਼ਿਲੇ ਦਾ ਕੇਂਦਰ ਅਸਥਾਨ ਹੈ। ਇਥੋਂ ਦੀ ਆਬਾਦੀ ੮੦ ਹਜ਼ਾਰ ਦੇ ਲਗ ਭਗ ਹੈ। ਇਥੇ ਦੋ ਸੌ ਦੇ ਲਗ ਭਗ ਸਿਖ ਭੀ ਹਨ, ਜਿਹੜੇ ਕਿ ਨਵੇਂ ਸਜੇ ਹਨ ਅਤੇ ਜਿਨ੍ਹਾਂ ਦੀ ਮਾਲੀ ਹਾਲਤ ਕਮਜ਼ੋਰ ਹੈ। ਓਹ ਆਪ ਦੇ ਅੱਗੇ ਝੋਲੀ ਅੱਡਕੇ ਖੜੇ ਹਨ ਤੇ ਮੂੰਹ ਤੋਂ ਇਹ ਸ਼ਬਦ ਪੜ੍ਹ ਰਹੇ ਹਨ:-

ਆਇਓ ਸਰਨ ਤੁਹਾਰੀ। ਪੁਨਾ:-ਰਾਖਿਓ ਲਾਜ ਨਾਮ ਅਪਨੇ ਕੀ।

ਇਸ ਲਈ ਹੇ ਗੁਰੂ ਪੰਥ ਜੀਓ! ਜਿਸ ਧਰਮ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਤਾਰੇ ਜਿਗਰ ਦੇ ਟੁਕੜਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਕੁਰਬਾਨ ਕੀਤਾ ਸੀ, ਉਸ ਧਰਮ ਦੇ ਪਰਚਾਰ ਦਾ ਭਾਰ ਸਤਿਗੁਰੂ ਜੀ ਆਪ ਦੇ ਸਿਰਾਂ ਤੇ ਰਖ ਗਏ ਹਨ। ਕੀ ਆਪ ਆਪਣਾ ਕਰਜ਼ ਉਤਾਰਕੇ ਸੁਰਖ਼ਰੂ ਨਹੀਂ ਹੋਵੋਗੇ? ਅਤੇ ਪਿਆਰੇ ਦੀਆਂ ਖ਼ੁਸ਼ੀਆਂ ਪ੍ਰਾਪਤ ਨਹੀਂ ਕਰੋਗੇ? ਨਹੀਂ! ਨਹੀਂ!! ਇਹ ਕਦੇ ਨਹੀਂ ਹੋ ਸਕਦਾ; ਕਿਉਂਕਿ ਸਾਡਾ ਮਾਨ, ਸਾਡੀ ਸ਼ਾਨ, ਸਾਡਾ ਸਭ ਕੁਝ ਧਰਮ ਪਚਾਰ ਤੇ ਨਿਰਭਰ ਹੈ ਅਤੇ ਧਰਮ ਪ੍ਰਚਾਰ ਲਈ ਗੁਰਦਵਾਰਿਆਂ ਦੀ ਆਵਸ਼ਕਤਾ ਹੈ।

# ਅੱਤਵਾਦ ਦੀ ਰੋਕਥਾਮ ਲਈ ਵਚਨਬੱਧਤਾ



ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਦੇ ਮਾਧਿਅਮ ਨਾਲ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਹਨ। ਸਭ ਤੋਂ ਪਹਿਲਾਂ ਤਾਂ ਇਸ ਅਦੁੱਤੀ ਫ਼ੌਜੀ ਕਾਰਵਾਈ ਨਾਲ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੱਤਾ ਹੈ ਕਿ ਪਹਿਲਗਾਮ ਜਾਂ ਅਜਿਹੇ ਕਿਸੇ ਹੋਰ ਅੱਤਵਾਦੀ ਹਮਲੇ ਦੇ ਜ਼ਿੰਮੇਵਾਰ ਜਹਾਦੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੇਣ ਦੀ ਭਾਰਤ ਕੋਲ ਇੱਛਾ-ਸ਼ਕਤੀ ਅਤੇ ਢੁਕਵੀਆਂ ਸਮਰੱਥਾਵਾਂ ਹਨ।

ਜਿਸ ਉੱਨਤ ਤਕਨਾਲੋਜੀ, ਸਟੀਕ ਹਥਿਆਰਾਂ ਅਤੇ ਪੂਰੀ ਮੁਹਾਰਤ ਨਾਲ ਭਾਰਤ ਨੇ ਪਾਕਿਸਤਾਨ ਦੇ ਅੰਦਰ ਜਵਾਬੀ ਹਮਲਾ ਕੀਤਾ, ਉਸ ਤੋਂ ਕੋਈ ਸ਼ੱਕ ਨਹੀਂ ਰਹਿ ਗਿਆ ਕਿ ਅੱਤਵਾਦ ਜੇਕਰ ਆਪਣੇ ਖੰਭ ਖਿਲਾਰੇਗਾ ਤਾਂ ਭਾਰਤ ਵੱਲੋਂ ਉਨ੍ਹਾਂ ਨੂੰ ਕੁਤਰਨ ਵਿਚ ਕੋਈ ਕੁਤਾਹੀ ਨਹੀਂ ਵਰਤੀ ਜਾਵੇਗੀ। ਉਹ ਇਹ ਗੱਲ ਜਿੰਨੀ ਜਲਦੀ ਸਮਝ ਲਵੇ ਤਾਂ ਚੰਗਾ ਹੈ ਕਿ ਉਸ ਦੇ ਆਕਾ ਉਸ ਨੂੰ ਜ਼ਿਆਦਾ ਦੇਰ ਤੱਕ ਬਚਾਅ ਨਹੀਂ ਸਕਣਗੇ।

ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਭਾਰਤ ਨੇ ਪਾਕਿਸਤਾਨ ਅੱਗੇ ਇਹ ਸਪਸ਼ਟ ਕਰ ਦਿੱਤਾ ਕਿ ਉਹ ਕਿਸੇ ਵੀ ਹਿਮਾਕਤ ਤੋਂ ਪਹਿਲਾਂ ਸੋਚ ਲਵੇ ਕਿ ਇਸ ਦੀ ਉਸ ਨੂੰ ਕਿੰਨੀ ਕੀਮਤ ਤਾਰਨੀ ਪਵੇਗੀ ਅਤੇ ਉਹ ਕਦ ਤੱਕ ਆਪਣੀ ਦੁਰਗਤੀ ਕਰਵਾਉਂਦਾ ਰਹੇਗਾ। ਇਸ ਤੋਂ ਪਹਿਲਾਂ 2016 ਵਿਚ ਉੜੀ ਅਤੇ 2019 ਵਿਚ ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਜਵਾਬੀ ਹਮਲੇ ਨਾਲ ਇਹੀ ਦਰਸਾਇਆ ਸੀ ਕਿ ਹੁਣ ਉਹ ਸਾਫਟ ਸਟੇਟ ਨਹੀਂ ਰਿਹਾ ਕਿ ਹਮਲਿਆਂ ਤੋਂ ਬਾਅਦ ਵੀ ਹੱਥ 'ਤੇ ਹੱਥ ਧਰ ਕੇ ਬੈਠਾ ਰਹੇ। ਹੁਣ ਇਕੱਠੇ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਨਾਲ ਪਾਕਿਸਤਾਨ ਨੂੰ ਇਹ ਸਖ਼ਤ ਸੁਨੇਹਾ ਦਿੱਤਾ ਗਿਆ ਹੈ ਕਿ ਅੱਤਵਾਦ ਨਾਲ ਜੂਝਣ ਦੇ ਰਾਹ ਵਿਚ ਭਾਰਤ ਕੋਈ ਵੀ ਜੋਖ਼ਮ ਲੈਣ ਨੂੰ ਤਿਆਰ ਹੈ। ਇਕ ਤਰ੍ਹਾਂ ਨਾਲ ਭਾਰਤ ਨੇ ਪਾਕਿਸਤਾਨ ਨੂੰ ਲਲਕਾਰਿਆ ਹੈ ਕਿ ਆਪਣੀ ਡਗਮਗਾਉਂਦੀ ਅਰਥ-ਵਿਵਸਥਾ ਅਤੇ ਅੰਦਰੂਨੀ ਸੁਰੱਖਿਆ ਚੁਣੌਤੀਆਂ ਨੂੰ ਦੇਖਦੇ ਹੋਏ ਉਹ ਆਪਣੀ ਹੱਦ ਵਿਚ ਰਹੇ ਤਾਂ ਬਿਹਤਰ ਹੋਵੇਗਾ, ਨਹੀਂ ਤਾਂ ਉਸ ਨੂੰ ਸਬਕ ਸਿਖਾਉਣ ਵਿਚ ਕੋਈ ਕੋਰ-ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਪਾਕਿਸਤਾਨੀ ਫ਼ੌਜੀ ਅਦਾਰਿਆਂ ਦੇ ਬੇਤੁਕੇ ਤਰਕਾਂ ਵਾਲੀ ਅਤੇ ਜਹਾਦੀ ਵਿਚਾਰਧਾਰਾ ਨੂੰ ਦੇਖਦੇ ਹੋਏ ਕੀ ਉਹ ਸਬਕ ਸਿੱਖੇਗਾ ਅਤੇ ਦਹਾਕਿਆਂ ਤੋਂ ਕਸ਼ਮੀਰ ਅਤੇ ਇਸਲਾਮ ਦੇ ਨਾਂ 'ਤੇ ਚਲਾਈ ਜਾ ਰਹੀ ਆਪਣੀ ਲੁਕਵੀਂ ਜੰਗ ਤੋਂ ਗੁਰੇਜ਼ ਕਰੇਗਾ? ਇਸ ਦਾ ਉੱਤਰ ਤਾਂ ਭਵਿੱਖ ਦੇ ਗਰਭ ਵਿਚ ਹੈ ਪਰ ਪਾਕਿਸਤਾਨ ਦੇ ਮੂਲ ਚਰਿੱਤਰ ਨੂੰ ਦੇਖਦੇ ਹੋਏ ਇਹ ਸੰਭਵ ਨਹੀਂ ਲੱਗਦਾ।

ਇਸ ਮੁਹਾਜ਼ 'ਤੇ ਉਦੋਂ ਤੱਕ ਕੋਈ ਸੰਭਾਵਨਾ ਨਹੀਂ ਜਾਗਣ ਵਾਲੀ ਜਦ ਤੱਕ ਪਾਕਿਸਤਾਨ ਦੇ ਅੰਦਰ

**-ਸ੍ਰੀਰਾਮ ਚੌਲੀਆ**

ਫ਼ੌਜੀ ਅਦਾਰੇ ਦਾ ਦੇਸ਼ 'ਤੇ ਕੰਟਰੋਲ ਸਮਾਪਤ ਨਾ ਹੋ ਜਾਵੇ। ਸੰਭਵ ਤੌਰ 'ਤੇ ਭਾਰਤ ਦੇ ਨਾਲ ਪੂਰਨ ਜੰਗ ਅਤੇ ਸ਼ਰਮਨਾਕ ਹਾਰ ਨਾਲ ਹੀ ਅਜਿਹਾ ਬੁਨਿਆਦੀ ਬਦਲਾਅ ਹੋਵੇਗਾ। ਹਾਲ-ਫ਼ ?ਲਹਾਲ ਤਾਂ ਭਾਰਤ ਦੀ ਕਾਰਵਾਈ ਕਾਰਨ ਰਾਵਲਪਿੰਡੀ ਵਿਚ ਬੈਠੇ ਜਨਰਲਾਂ ਦਾ ਮਿਜ਼ਾਜ ਵਿਗੜੇਗਾ। ਉਨ੍ਹਾਂ ਦੀ ਸਥਿਤੀ ਕਮਜ਼ੋਰ ਹੋਵੇਗੀ ਪਰ ਉਹ ਇਹ ਭਲੀਭਾਂਤ ਜਾਣ ਗਏ ਹੋਣਗੇ ਕਿ ਜੇ ਪੁਰਾਣੇ ਢੱਰੇ 'ਤੇ ਚੱਲੇ ਤਾਂ ਅੱਗੇ ਹਾਲਾਤ ਹੋਰ ਵੀ ਖ਼ਰਾਬ ਹੋ ਸਕਦੇ ਹਨ। ਜਹਾਦੀਆਂ ਨੂੰ ਬਹਾਦਰ ਤੇ ਹਿੰਦੂਆਂ ਨੂੰ ਕਮਜ਼ੋਰ ਦੱਸਣ ਵਾਲੇ ਉਨ੍ਹਾਂ ਦੇ ਪ੍ਰਚਾਰ ਦੀ ਹਵਾ ਮੋਦੀ ਯੁੱਗ ਵਿਚ ਪੂਰੀ ਤਰ੍ਹਾਂ ਨਿਕਲ ਗਈ ਹੈ। 'ਆਪ੍ਰੇਸ਼ਨ ਸਿੰਦੂਰ' ਦਾ ਦੂਜਾ ਵੱਡਾ ਸੰਦੇਸ਼ ਕੌਮਾਂਤਰੀ ਭਾਈਚਾਰੇ ਲਈ ਹੈ ਜੋ ਪਾਕਿਸਤਾਨ 'ਤੇ ਦਬਾਅ ਪਾਉਣ ਦੇ ਨਾਲ ਹੀ ਉਸ ਦੇ ਵਿਵਹਾਰ ਵਿਚ ਕੁਝ ਬਦਲਾਅ ਲਿਆ ਸਕਦਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਤੋਂ ਹੀ ਭਾਰਤ ਨੇ ਕੂਟਨੀਤਕ ਬਦਲਾਂ ਦੇ ਮਾਧਿਅਮ ਨਾਲ ਵੱਡੀਆਂ ਮਹਾ-ਸ਼ਕਤੀਆਂ ਦੇ ਅੱਗੇ ਪਾਕਿਸਤਾਨ ਨੂੰ ਅੱਤਵਾਦ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਅਤੇ ਉਸ ਦੇ ਕਾਲੇ ਕਾਰਨਾਮਿਆਂ ਲਈ ਨਿਆਂ ਦੀ ਮੰਗ ਕੀਤੀ। ਇਸ ਕਵਾਇਦ ਵਿਚ ਪ੍ਰਤੀਕਰਮ ਕੁਝ ਹੱਦ ਤੱਕ ਮਿਸ਼ਰਤ ਸਨ ਜਿਸ ਵਿਚ ਅਮਰੀਕਾ, ਯੂਰਪ ਅਤੇ ਇੱਥੋਂ ਤੱਕ ਕਿ ਪਾਕਿਸਤਾਨ ਦੇ ਸਭ ਤੋਂ ਚੰਗੇ ਮਿੱਤਰ ਚੀਨ ਨੇ ਪਹਿਲਗਾਮ ਕਤਲੇਆਮ ਦੀ ਨਿੰਦਾ ਕੀਤੀ। ਹਾਲਾਂਕਿ ਕੁਝ ਨੇ ਇਹ ਬੇਨਤੀ ਵੀ ਕੀਤੀ ਕਿ ਭਾਰਤ ਤੇ ਪਾਕਿਸਤਾਨ ਆਪਣੇ ਮਤਭੇਦਾਂ ਨੂੰ ਗੱਲਬਾਤ ਰਾਹੀਂ ਸੁਲਝਾਉਣ ਪਰ ਉਹ ਇਸ ਗੱਲੋਂ ਅਣਜਾਣ ਹਨ ਕਿ ਪਾਕਿਸਤਾਨ ਜਹਾਦੀ ਅਨਸਰਾਂ ਦੀ ਪੁਸ਼ਤ-ਪਨਾਹੀ ਕਰਦਾ ਹੋਇਆ ਭਾਰਤ ਵਿਰੁੱਧ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਰਹਿੰਦਾ ਹੈ।

ਜ਼ਿਆਦਾਤਰ ਦੇਸ਼ ਇਸ ਸਮੱਸਿਆ ਨੂੰ ਕਸ਼ਮੀਰ ਦੀ ਮਾਲਕੀ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਹੇ ਦੁਵੱਲੇ ਖੇਤਰੀ ਵਿਵਾਦ ਦੇ ਰੂਪ ਵਿਚ ਦੇਖਦੇ ਹਨ। ਉਹ ਇਹ ਜਾਣਦੇ ਹਨ ਕਿ ਦੋਵੇਂ ਦੇਸ਼ ਪਰਮਾਣੂ ਹਥਿਆਰਾਂ ਨਾਲ ਲੈਸ ਹਨ। ਇਸੇ ਲਈ ਕਿਸੇ ਵੀ ਤਣਾਅ ਦੇ ਸਮੇਂ ਉਨ੍ਹਾਂ ਦਾ ਆਮ ਪ੍ਰਤੀਕਰਮ ਇਹੀ ਹੁੰਦਾ ਹੈ ਕਿ ਆਪਸੀ ਸੰਜਮ ਰੱਖ ਕੇ ਗੱਲਬਾਤ ਨਾਲ ਹੀ ਵਿਵਾਦ ਸੁਲਝਾਉਣ।

ਭਾਰਤ ਵਿਚ ਅਕਸਰ ਅਜਿਹੇ ਸੁਰ ਬੇਸੁਰੇ ਲੱਗਦੇ ਹਨ ਕਿ ਅੱਤਵਾਦ ਤੋਂ ਪੀੜਤ ਹੋਣ ਤੋਂ ਬਾਅਦ ਵੀ ਉਹੀ ਸੰਜਮ ਦਿਖਾਏ। ਮੋਦੀ ਸਰਕਾਰ ਤੋਂ ਪਹਿਲਾਂ ਦੀਆਂ ਸਰਕਾਰਾਂ ਵਿਚ ਤਾਂ ਇਹੀ ਵਤੀਰਾ ਅਪਣਾਇਆ ਵੀ ਜਾਂਦਾ ਰਿਹਾ ਸੀ ਜਿਸ ਕਾਰਨ ਪਾਕਿਸਤਾਨ ਦੇ ਹੌਸਲੇ ਹੋਰ ਵਧਦੇ ਗਏ। ਬੀਤੇ 11 ਸਾਲਾਂ ਵਿਚ ਭਾਰਤ ਨੇ ਚਰਚਾ ਕੀਤੀ ਵਿਸ਼ਾ-ਵਸਤੂ ਨੂੰ ਖੇਤਰੀ ਸੰਘਰਸ਼ ਤੋਂ ਹਟਾ ਕੇ ਉਸ ਨੂੰ ਅੱਤਵਾਦ ਵਿਰੁੱਧ ਜੰਗ ਵਿਚ ਬਦਲਣ ਦਾ ਯਤਨ ਕੀਤਾ ਹੈ ਜੋ ਬਹੁਤ ਹੱਦ ਤੱਕ ਸਫਲ ਵੀ ਹੋਇਆ ਹੈ । ਭਾਰਤ ਦੇ ਕਰੀਬੀ ਦੋਸਤ ਦੇਸ਼ਾਂ ਵਿਚ ਸਾਡੇ ਦ੍ਰਿਸ਼ਟੀਕੋਣ ਪ੍ਰਤੀ ਹਮਦਰਦੀ ਵਧੀ ਹੈ ਅਤੇ ਕਈ ਫ਼ੌਜੀ ਜੋਟੀਦਾਰਾਂ ਤੋਂ ਅੱਤਵਾਦ ਵਿਰੁੱਧ ਲੜਨ ਵਾਸਤੇ ਫ਼ੌਜੀ ਤੇ ਖ਼ੁਫ਼ੀਆ ਸਹਾਇਤਾ ਵੀ ਮਿਲੀ ਹੈ।

ਇਸ ਦੇ ਬਾਵਜੂਦ ਤੱਥ ਇਹ ਵੀ ਹੈ ਕਿ ਸਾਰੀਆਂ ਵੱਡੀਆਂ ਸ਼ਕਤੀਆਂ ਚਾਹੁੰਦੀਆਂ ਹਨ ਕਿ ਭਾਰਤ-ਪਾਕਿਸਤਾਨ ਤਣਾਅ ਕਿਸੇ ਜੰਗ ਵਿਚ ਨਾ ਬਦਲੇ। ਯਾਨੀ ਕਿ ਭਾਰਤ ਜਵਾਬੀ ਮੁੱਕਾ ਮਾਰੇ ਵੀ ਤਾਂ ਅਜਿਹਾ ਮਾਰੇ ਕਿ ਉਹ ਕਾਬੂ ਰਹੇ ਅਤੇ ਬਿਲਕੁਲ ਨਪਿਆ-ਤੁਲਿਆ ਵੀ ਹੋਵੇ।

ਇਸ ਦੇ ਮੱਦੇਨਜ਼ਰ ਰਾਸ਼ਟਰੀ ਸੁਰੱਖਿਆ ਸੰਕਟ ਦੌਰਾਨ ਭਾਰਤ ਨੇ ਪਾਕਿਸਤਾਨ ਵਿਰੁੱਧ ਤਣਾਅ ਦਾ ਦਾਇਰਾ ਵਧਣ 'ਤੇ ਵੀ ਆਪਣੇ ਜਵਾਬੀ ਕਦਮਾਂ ਨੂੰ ਕਾਬੂ ਅਤੇ ਟੀਚਾ ਆਧਾਰਤ ਰੱਖਿਆ ਤਾਂ ਕਿ ਪਾਕਿਸਤਾਨ ਨੂੰ ਕੋਈ ਬੇਹੂਦਾ ਬਹਾਨੇਬਾਜ਼ੀ ਦਾ ਮੌਕਾ ਨਾ ਮਿਲ ਸਕੇ ਅਤੇ ਉਹ ਇਸ ਮੁੱਦੇ 'ਤੇ ਕੌਮਾਂਤਰੀ ਭਾਈਚਾਰੇ ਨੂੰ ਗੁਮਰਾਹ ਨਾ ਕਰ ਸਕੇ। ਪਾਕਿਸਤਾਨੀ ਫ਼ੌਜੀ ਅਤੇ ਨਾਗਰਿਕਾਂ ਦੇ ਆਉਣ-ਜਾਣ ਵਾਲੀਆਂ ਥਾਵਾਂ ਨੂੰ ਸਿੱਧਾ ਨਿਸ਼ਾਨਾ ਨਾ ਬਣਾ ਕੇ ਭਾਰਤ ਨੇ ਦਿਖਾਇਆ ਕਿ ਉਸ ਕੋਲ ਜਹਾਦ ਦੀ ਗ਼ੈਰ-ਰਵਾਇਤੀ ਚੁਣੌਤੀ ਨਾਲ ਸਿੱਝਣ ਵਾਸਤੇ ਪੂਰਨ ਜੰਗ ਹੀ ਨਹੀਂ, ਉਸ ਤੋਂ ਘੱਟ ਘਾਤਕ, ਪਰ ਓਨੇ ਹੀ ਅਸਰਦਾਰ ਬਦਲ ਵੀ ਹਨ। 'ਆਪ੍ਰੇਸ਼ਨ ਸਿੰਦੂਰ' ਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਵੀ ਪਹਿਲਗਾਮ ਕਤਲੇਆਮ ਦੇ ਅਪਰਾਧੀਆਂ ਨੂੰ ਜਵਾਬਦੇਹ ਠਹਿਰਾਉਣ ਅਤੇ ਉਨ੍ਹਾਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਖੜ੍ਹਾ ਕਰਨ ਨੂੰ ਲੈ ਕੇ ਵੀ ਆਪਣਾ ਪੱਖ ਪੂਰੀ ਦ੍ਰਿੜ੍ਹਤਾ ਨਾਲ ਰੱਖਿਆ ਸੀ।

ਗ਼ੈਰ-ਰਵਾਇਤੀ ਰਣਨੀਤੀ ਤੇ ਦੁਸ਼ਮਣ ਨੂੰ ਹੈਰਾਨ-ਪਰੇਸ਼ਾਨ ਕਰਨ ਵਾਲੇ ਤੌਰ-ਤਰੀਕਿਆਂ ਜ਼ਰੀਏ ਭਾਰਤ ਨਾ ਸਿਰਫ਼ ਆਪਣੀ ਰੱਖਿਆ ਕਰ ਰਿਹਾ ਹੈ ਬਲਕਿ ਅੱਤਵਾਦ ਵਿਰੁੱਧ ਆਲਮੀ ਸੰਘਰਸ਼ ਵਿਚ ਨਵੇਂ ਮਾਪਦੰਡ ਵੀ ਸਥਾਪਤ ਕਰ ਰਿਹਾ ਹੈ। ਜਹਾਦੀ ਸ਼ੈਤਾਨਾਂ ਤੋਂ ਪੀੜਤ ਸਾਰੇ ਦੇਸ਼ ਭਾਰਤ ਦੇ 'ਆਪ੍ਰੇਸ਼ਨ ਸਿੰਦੂਰ' ਅਤੇ ਉਸ ਤੋਂ ਬਾਅਦ ਦੇ ਹਾਲਾਤ ਨੂੰ ਬਰੀਕੀ ਨਾਲ ਦੇਖਣਗੇ ਤਾਂ ਭਾਰਤ ਦਾ ਪ੍ਰਤੀਕਰਮ ਉਨ੍ਹਾਂ ਨੂੰ ਸਹੀ ਲੱਗੇਗਾ। ਭਾਰਤ ਪਾਕਿਸਤਾਨ ਨੂੰ ਉਸ ਦੀ ਹੱਦ ਵਿਚ ਰੱਖਦੇ ਹੋਏ ਆਲਮੀ ਭਾਈਚਾਰੇ ਲਈ ਅਸਰਦਾਰ ਹੱਲ ਪੇਸ਼ ਕਰ ਰਿਹਾ ਹੈ। ਭਾਰਤ ਵਰਗੀ ਵੱਡੀ ਅਤੇ ਉੱਭਰਦੀ ਹੋਈ ਸ਼ਕਤੀ ਦੇ ਤੌਰ-ਤਰੀਕੇ ਕੇਵਲ ਆਤਮ-ਰੱਖਿਆ ਤੱਕ ਸੀਮਤ ਨਹੀਂ ਰਹਿਣਗੇ। ਉਨ੍ਹਾਂ ਦੀ ਧਮਕ ਪੱਛਮੀ ਏਸ਼ੀਆ, ਦੱਖਣੀ ਏਸ਼ੀਆ, ਦੱਖਣ-ਪੂਰਬੀ ਏਸ਼ੀਆ, ਅਫ਼ਰੀਕਾ, ਯੂਰਪ ਅਤੇ ਅਮਰੀਕਾ ਤੱਕ ਪਵੇਗੀ।

ਜਿਵੇਂ ਦੁਨੀਆ ਭਰ ਦੇ ਜਹਾਦੀ ਸੰਗਠਨ ਇਕ-ਦੂਜੇ ਤੋਂ ਪ੍ਰੇਰਨਾ ਅਤੇ ਮਦਦ ਲੈਂਦੇ ਹਨ, ਤਿਵੇਂ ਹੀ ਜਹਾਦ ਵਿਰੁੱਧ ਖੜ੍ਹੀਆਂ ਤਾਕਤਾਂ ਵੀ ਇਕ-ਦੂਜੇ ਤੋਂ ਸਿੱਖਣ ਅਤੇ ਸਹਿਯੋਗ ਕਰਨ ਵਿਚ ਭਰੋਸਾ ਰੱਖਦੀਆਂ ਹਨ। ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਹਮਲੇ ਤੋਂ ਬਾਅਦ ਆਪਣੀ ਜਵਾਬੀ ਕਾਰਵਾਈ ਸਦਕਾ ਭਾਰਤ ਨੇ ਇਹੀ ਸੰਦੇਸ਼ ਦਿੱਤਾ ਹੈ ਕਿ ਅਸੀਂ ਸਿਰਫ਼ ਆਪਣੇ ਲਈ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਲਈ ਲੜ - ਮਰ ਰਹੇ ਹਾਂ।




# ਚੀਨ ਨੂੰ ਦਬਾਉਣਾ ਹੁਣ ਅਮਰੀਕਾ ਲਈ ਸੌਖਾ ਨਹੀਂ

ਦੁਨੀਆ ਨੂੰ ਅਮਰੀਕਾ ਦੀਆਂ ਸ਼ਰਤਾਂ ਮੁਤਾਬਿਕ ਬਦਲਣ ਦੇ ਇਰਾਦੇ ਨਾਲ ਜਦ ਟਰੰਪ ਸਰਕਾਰ ਨੇ ਸੰਸਾਰ ਦੇ ਲਗਭਗ ਸਭ ਦੇਸ਼ਾਂ ਖ਼ਿਲਾਫ਼ ਟੈਰਿਫ ਜੰਗ ਛੇੜ ਦਿੱਤੀ ਤਾਂ ਬਹੁਤੇ ਦੇਸ਼ ਦਬਾਅ 'ਚ ਆ ਕੇ ਅਮਰੀਕਾ ਨੂੰ ਨਰਮੀ ਵਰਤਣ ਦੀ ਅਪੀਲ ਕਰਦੇ ਨਜ਼ਰ ਆਏ, ਪਰ ਚੀਨ ਨੇ ਇਸ ਮਸਲੇ 'ਤੇ ਸਖ਼ਤ ਸਟੈਂਡ ਲਿਆ। ਅਮਰੀਕਾ ਨੇ ਚੀਨ ਵਲੋਂ ਅਮਰੀਕਾ ਨੂੰ ਵੇਚੇ ਜਾਂਦੇ ਮਾਲ 'ਤੇ 125 ਫ਼ੀਸਦੀ ਟੈਕਸ ਲਗਾਇਆ ਤਾਂ ਚੀਨ ਨੇ ਵੀ ਅਮਰੀਕੀ ਮਾਲ 'ਤੇ 125 ਫ਼ੀਸਦੀ ਟੈਕਸ ਲਗਾ ਕੇ ਜਵਾਬੀ ਕਾਰਵਾਈ ਕਰਦਿਆਂ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਉਸ ਨੂੰ ਧਮਕਾਉਣ ਦੀ ਕੋਸ਼ਿਸ਼ ਨਾ ਕਰੇ, ਉਹ ਜੰਗ ਹੋਵੇ ਜਾਂ ਵਪਾਰ, ਪੈਰ ਪਿੱਛੇ ਨਹੀ ਹਟਾਏਗਾ। ਜਦੋਂ ਚੀਨ ਦੇ ਰੁਖ ਤੋਂ ਭੜਕੇ ਟਰੰਪ ਨੇ ਟੈਰਿਫ ਵਧਾ ਕੇ 145 ਤੇ ਫਿਰ 245 ਫ਼ੀਸਦੀ ਕਰ ਦਿੱਤਾ ਤਾਂ ਚੀਨ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਅਮਰੀਕਾ 'ਤੇ ਹੋਰ ਉੱਚੇ ਟੈਰਿਫ ਲਗਾ ਕੇ ਮਜ਼ਾਕ ਦਾ ਪਾਤਰ ਨਹੀਂ ਬਣੇਗਾ, ਕਿਉਂਕਿ ਟੈਕਸ ਦਰਾਂ ਪਹਿਲਾਂ ਹੀ ਇੰਨੀਆਂ ਹੋ ਚੁੱਕੀਆਂ ਹਨ ਕਿ ਆਪਸੀ ਵਪਾਰ ਸੰਭਵ ਹੀ ਨਹੀਂ ਰਿਹਾ ਤੇ ਹੋਰ ਟੈਰਿਫ ਵਧਾਉਣੇ ਸਿਰਫ਼ ਬੇਕਾਰ ਦਾ ਵਿਖਾਵਾ ਤੇ ਦਬਾਅ ਹੈ, ਚੀਨ ਅਜਿਹੇ ਕਿਸੇ ਦਬਾਅ ਨੂੰ ਨਹੀਂ ਮੰਨੇਗਾ।

ਇਹ ਸਮਝਣ ਵਾਲੀ ਗੱਲ ਹੈ ਕਿ ਆਖਰ ਚੀਨ ਦੇ ਸਖ਼ਤ ਸਟੈਂਡ ਤੇ ਆਤਮਵਿਸ਼ਵਾਸ ਪਿੱਛੇ ਕੀ ਸੋਚ ਤੇ ਕਾਰਨ ਹਨ। ਦਰਅਸਲ, ਅਮਰੀਕਾ ਦੁਨੀਆ 'ਚ ਖਪਤ ਦੀ ਸਭ ਤੋਂ ਵੱਡੀ ਮੰਡੀ ਹੈ ਤੇ ਇਸ ਗੱਲ ਨੂੰ ਉਹ ਆਪਣਾ ਵਪਾਰਕ ਤੇ ਰਾਜਨੀਤਕ ਲਾਹਾ ਲੈਣ ਲਈ ਵੀ ਵਰਤਦਾ ਹੈ। ਅਮਰੀਕਾ ਵਪਾਰ ਪੱਖੋਂ ਚੀਨ ਨੂੰ ਆਪਣਾ ਪ੍ਰਤੀਯੋਗੀ ਮੰਨਦਿਆਂ ਉਸ ਤੋਂ ਖਤਰਾ ਮਹਿਸੂਸ ਕਰਦਾ ਹੈ। ਭਾਵੇਂ ਅਮਰੀਕਾ ਨੇ ਵਪਾਰ ਜੰਗ ਸੰਸਾਰ ਦੇ ਸਾਰੇ ਦੇਸ਼ਾਂ ਨਾਲ ਛੇੜ ਰੱਖੀ ਹੈ, ਪਰ ਉਸ ਦਾ ਅਸਲ ਨਿਸ਼ਾਨਾ ਚੀਨ ਹੀ ਹੈ। ਉਸ ਨੇ ਸਭ ਤੋਂ ਵੱਧ ਟੈਰਿਫ ਵੀ ਚੀਨ 'ਤੇ ਹੀ ਲਗਾਏ ਹਨ, ਕਿਉਂਕਿ ਨਿਰਯਾਤ ਹੀ ਚੀਨੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਟਰੰਪ ਆਪਣੇ ਪਿਛਲੇ ਕਾਰਜਕਾਲ ਦੌਰਾਨ ਚੀਨ ਨਾਲ ਵਪਾਰ ਜੰਗ ਦੀ ਰਿਹਰਸਲ ਕਰ ਚੁੱਕਾ ਹੈ, ਚੀਨ ਨੇ ਉਸ ਤੋਂ ਸਬਕ ਸਿਖਦੇ ਹੋਏ ਭਵਿੱਖ 'ਚ ਇਸ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

2018 'ਚ ਚੀਨ ਆਪਣੇ ਕੁੱਲ ਨਿਰਯਾਤ ਦਾ 19.8 ਫ਼ੀਸਦੀ ਨਿਰਯਾਤ ਅਮਰੀਕਾ ਨੂੰ ਕਰਦਾ ਸੀ, ਜੋ ਉਸ ਨੇ 2023 ਤੱਕ ਘਟਾ ਕੇ 12.8 ਫ਼ੀਸਦੀ ਤੱਕ ਲੈ ਆਂਦਾ ਸੀ। ਦੂਜਾ, ਅਮਰੀਕਾ ਨੂੰ ਹੋਣ ਵਾਲਾ ਇਹ ਨਿਰਯਾਤ ਚੀਨ ਦੇ ਕੁੱਲ ਘਰੇਲੂ ਉਤਪਾਦਨ (ਜੀ.ਡੀ. ਪੀ.) ਦਾ ਸਿਰਫ਼ 2 ਫ਼ੀਸਦੀ ਹੀ ਹੈ, ਜਿਸ ਨਾਲ ਚੀਨੀ ਅਰਥਵਿਵਸਥਾ 'ਤੇ ਬਹੁਤਾ ਅਸਰ ਨਹੀਂ ਪਵੇਗਾ। 2000 ਤੋਂ 2022 ਤੱਕ ਦੇ ਅੰਕੜਿਆਂ ਅਨੁਸਾਰ ਅਮਰੀਕਾ ਨੇ ਚੀਨ 'ਤੇ ਆਪਣੀ ਨਿਰਭਰਤਾ 4 ਗੁਣਾ ਤੱਕ ਵਧਾ ਲਈ ਹੈ, ਜਦਕਿ ਚੀਨ ਨੇ ਅਮਰੀਕਾ 'ਤੇ ਆਪਣੀ ਨਿਰਭਰਤਾ ਘਟਾ ਕੇ 50 ਫ਼ੀਸਦੀ ਤੱਕ ਕਰ ਲਈ ਸੀ, ਭਾਵ ਚੀਨ ਪਹਿਲਾਂ ਹੀ ਸੁਚੇਤ ਸੀ ਕਿ ਭਵਿੱਖ 'ਚ ਅਮਰੀਕਾ ਨਾਲ ਵਪਾਰਕ ਜੰਗ ਹੋ ਸਕਦੀ ਹੈ। ਅਮਰੀਕਾ 532 ਵਸਤੂਆਂ ਸਿਰਫ਼ ਚੀਨ ਤੋਂ ਹੀ ਮੰਗਵਾਉਂਦਾ/ਆਯਾਤ ਕਰਦਾ ਹੈ, ਹੁਣ ਜਦੋਂ ਇਨ੍ਹਾਂ 'ਚੋਂ ਕੁਝ ਵਸਤੂਆਂ 'ਤੇ 245 ਫ਼ੀਸਦੀ ਟੈਕਸ ਲੱਗੇਗਾ ਤਾਂ ਇਹ ਸਾਮਾਨ ਅਮਰੀਕਾ 'ਚ ਬਹੁਤ ਜ਼ਿਆਦਾ ਮਹਿੰਗਾ ਹੋ ਜਾਵੇਗਾ। ਚੀਨ ਨੇ ਆਪਣਾ 'ਗੇਮ ਪਲਾਨ' ਪਹਿਲਾਂ ਹੀ ਤਿਆਰ ਕਰ ਲਿਆ ਹੈ। ਆਬਾਦੀ ਪੱਖੋਂ ਦੁਨੀਆ 'ਚ ਦੂਜੇ ਨੰਬਰ 'ਤੇ ਹੋਣ ਵਾਲਾ ਚੀਨ ਨਿਰਯਾਤ 'ਚ ਕੋਈ ਦਿੱਕਤ ਆਉਣ 'ਤੇ ਘਰੇਲੂ ਖਪਤ 'ਤੇ ਜ਼ੋਰ ਦੇਵੇਗਾ। ਚੀਨ ਮਿਡਲ ਕਲਾਸ 'ਚ ਜਾਨ ਫੂਕਣ ਦੀ ਨੀਤੀ 'ਤੇ ਚੱਲਦਿਆਂ ਫੈਕਟਰੀਆਂ ਨੂੰ ਨਿਰਯਾਤ 'ਤੇ ਸਬਸਿਡੀ ਦੇਵੇਗਾ, ਅਮਰੀਕੀ ਬਾਜ਼ਾਰ ਦੇ ਬਦਲ ਵਜੋਂ 'ਬੈਲਟ ਐਂਡ ਰੋਡ' ਪਹਿਲ ਰਾਹੀਂ ਨਵੀਆਂ ਮੰਡੀਆਂ ਲੱਭ ਕੇ ਉਥੇ ਮਾਲ ਵੇਚੇਗਾ ਪਰ ਆਪਣੀਆਂ ਫੈਕਟਰੀਆਂ ਨੂੰ ਜਿੰਦੇ ਨਹੀਂ ਲੱਗਣ ਦੇਵੇਗਾ।

ਦੂਜਾ, ਚੀਨ ਜਾਣਦਾ ਹੈ ਕਿ ਅਮਰੀਕਾ ਤੇ ਚੀਨ ਦੀ ਟੈਰਿਫ ਜੰਗ ਦਾ ਅਸਰ ਦੋਹਾਂ ਦੇਸ਼ਾਂ ਦੇ ਲੋਕਾਂ 'ਤੇ ਪਵੇਗਾ, ਮਹਿੰਗਾਈ ਤੇ ਬੇਕਾਰੀ ਵਧਣ 'ਤੇ ਅਮਰੀਕੀ ਲੋਕਾਂ ਨੂੰ ਚੀਨ ਦੇ ਮੁਕਾਬਲੇ ਸਮਝਾਉਣਾ ਤੇ ਸੰਭਾਲਣਾ ਮੁਸ਼ਕਿਲ ਹੈ। ਅਮਰੀਕਾ ਇਕ ਲੋਕਤੰਤਰਿਕ ਦੇਸ਼ ਹੋਣ ਕਰਕੇ ਇਥੋਂ ਦੇ ਲੋਕ ਵਧੇਰੇ ਸੰਵੇਦਨਸ਼ੀਲ, ਪੜ੍ਹੇ-ਲਿਖੇ, ਸੁਚੇਤ ਤੇ ਆਜ਼ਾਦ ਖਿਆਲਾਂ ਦੇ ਹਨ, ਜਦੋਂ ਉਨ੍ਹਾਂ ਨੂੰ ਸਮਝ ਆ ਗਈ ਕਿ ਟੈਰਿਫ ਜੰਗ ਦੇ ਚੱਲਦੇ ਉਨ੍ਹਾਂ ਨੂੰ ਜ਼ਿਆਦਾ ਮਾਰ ਝੱਲਣੀ ਪੈ ਰਹੀ ਹੈ ਤਾਂ ਉਹ ਟਰੰਪ ਪ੍ਰਸ਼ਾਸਨ ਖ਼ਿਲਾਫ਼ ਸੜਕਾਂ 'ਤੇ ਉਤਰ ਆਉਣਗੇ, ਇਸ ਨਾਲ ਟਰੰਪ ਦਾ ਮਜ਼ਾਕ ਉਡੇਗਾ ਤੇ ਉਸ 'ਤੇ ਦਬਾਅ ਵੀ ਵਧੇਗਾ। ਉਧਰ ਚੀਨ 'ਚ ਕਮਿਊਨਿਸਟ ਪਾਰਟੀ ਦੀ ਤਾਨਾਸ਼ਾਹੀ ਦੇ ਚੱਲਦੇ ਲੋਕਾਂ ਦੇ ਕਿਸੇ ਵਿਰੋਧ ਦਾ ਡਰ ਨਹੀਂ ਹੈ।

ਚੀਨ ਨੇ ਪਹਿਲਾਂ ਹੀ ਅਮਰੀਕਾ 'ਤੇ ਆਪਣੀ ਨਿਰਭਰਤਾ ਨੂੰ ਘਟਾ ਲਿਆ ਹੈ ਤਾਂ ਜੋ ਉਸ ਨੂੰ ਬਲੈਕਮੇਲ ਨਾ ਹੋਣਾ ਪਵੇ ਪਰ ਅਮਰੀਕਾ ਬਹੁਤ ਹੱਦ ਤੱਕ ਚੀਨ 'ਤੇ ਨਿਰਭਰ ਹੋ ਚੁੱਕਾ ਹੈ। ਚੀਨ ਭਵਿੱਖ 'ਚ ਸੈਮੀਕੰਡਕਟਰ, ਹਾਈਟੈੱਕ ਚਿਪਸ, ਹਾਈਟੈੱਕ ਮਸ਼ੀਨਾਂ ਬਣਾਉਣ ਦੇ ਖੇਤਰ ਵਿਚ ਦੁਨੀਆ ਨੂੰ ਕੰਟਰੋਲ ਕਰ ਸਕਦਾ ਹੈ, ਕਿਉਂਕਿ ਇਨ੍ਹਾਂ ਦੇ ਨਿਰਮਾਣ ਲਈ ਲੋੜੀਂਦੇ- ਰੇਅਰ ਅਰਥ ਮੈਟੀਰੀਅਲਜ਼ ਦੀ ਦੁਨੀਆ ਭਰ 'ਚ ਹੁੰਦੀ ਕੁੱਲ ਸਪਲਾਈ 'ਚੋਂ 72 ਫ਼ੀਸਦੀ 'ਤੇ

**ਖੁਸ਼ਵਿੰਦਰ ਸਿੰਘ ਸੂਰੀਯਾ**

ਚੀਨੀ ਕੰਪਨੀਆਂ ਦਾ ਕੰਟਰੋਲ ਹੈ। ਇਥੋਂ ਤੱਕ ਕਿ ਅਮਰੀਕਾ ਦੇ ਗੁਆਂਢ 'ਚ ਪੇਰੂ, ਚਿੱਲੀ, ਲੈਟਿਨ ਅਮਰੀਕੀ ਦੇਸ਼ਾਂ 'ਚ ਰੇਅਰ ਅਰਥ ਮੈਟਰੀਅਲਜ਼ ਦੀ ਖ਼ੁਦਾਈ ਤੇ ਸਪਲਾਈ ਦਾ ਕੰਮ ਵੀ ਚੀਨੀ ਕੰਪਨੀਆਂ ਕਰਦੀਆਂ ਹਨ। ਚੀਨ ਨੇ ਇਸੇ ਅਪ੍ਰੈਲ 'ਚ ਅਮਰੀਕਾ ਦੀਆਂ 27 ਕੰਪਨੀਆਂ 'ਤੇ ਪਾਬੰਦੀ ਲਗਾਉਂਦਿਆਂ ਉਨ੍ਹਾਂ ਨੂੰ ਰੇਅਰ ਅਰਥ ਮੈਟੀਰੀਲਜ਼ ਦੀ ਸਪਲਾਈ ਰੋਕ ਦਿੱਤੀ, ਇਹ ਕੰਪਨੀਆਂ ਅਮਰੀਕੀ ਡਿਫੈਂਸ ਨਾਲ ਸੰਬੰਧਿਤ ਸਨ, ਭਾਵ ਹੁਣ ਚੀਨ ਅਮਰੀਕੀ ਫ਼ੌਜ ਤੱਕ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਹੁਣ ਚੀਨ ਵੀ ਅਮਰੀਕਾ 'ਤੇ ਪਾਬੰਦੀ ਲਗਾ ਸਕਦਾ ਹੈ, ਇਹ ਰਸੂਖ ਸਿਰਫ਼ ਅਮਰੀਕਾ ਕੋਲ ਹੀ ਨਹੀਂ ਰਿਹਾ। ਸਿਰਫ਼ ਖੇਤੀ ਖੇਤਰ 'ਚ ਚੀਨ ਦੀ ਅਮਰੀਕਾ 'ਤੇ ਥੋੜ੍ਹੀ ਨਿਰਭਰਤਾ ਹੈ, ਜਿਸ ਨੂੰ ਚੀਨ ਤੇਜ਼ੀ ਨਾਲ ਘਟਾ ਰਿਹਾ ਹੈ।

ਚੀਨ ਨੇ 2022 'ਚ ਅਮਰੀਕਾ ਤੋਂ 43 ਅਰਬ ਡਾਲਰ ਦੇ ਖੇਤੀ ਉਤਪਾਦ ਖਰੀਦੇ ਸਨ, ਜੋ 2023 'ਚ ਘਟ ਕੇ 34 ਅਰਬ ਡਾਲਰ 'ਤੇ ਆ ਗਏ। ਦੂਜੇ, ਅਮਰੀਕਾ ਦੇ ਵੱਡੇ ਬ੍ਰਾਂਡ 'ਐਪਲ' ਤੇ ਐਲਨ ਮਸਕ ਦੀ 'ਟੈਸਲਾ' ਦੇ ਵੱਡੇ ਪਲਾਂਟ ਵੀ ਚੀਨ 'ਚ ਲੱਗੇ ਹੋਏ ਹਨ। ਟੈਸਲਾ ਦਾ ਸੰਘਾਈ 'ਚ ਲੱਗਾ ਪਲਾਂਟ ਤਾਂ ਕੈਲੇਫੋਰਨੀਆ ਦੇ ਪਲਾਂਟ ਤੋਂ ਵੀ ਵੱਡਾ ਹੈ। ਟਰੰਪ ਦੇ ਸੱਤਾ 'ਚ ਆਉਣ ਬਾਅਦ ਫਰਵਰੀ 2025 'ਚ ਐਲਨ ਮਸਕ ਨੇ 20 ਕਰੋੜ ਡਾਲਰ ਦਾ ਨਵਾਂ ਪਲਾਂਟ ਚੀਨ 'ਚ ਲਗਾਇਆ ਹੈ। ਟਰੰਪ ਦੇ ਕਰੀਬੀ ਮਸਕ ਵਲੋਂ ਜਾਣਦੇ ਹੋਏ ਵੀ ਚੀਨ 'ਚ ਇੰਨਾ ਵੱਡਾ ਨਿਵੇਸ਼ ਕਰਨ ਤੋਂ ਚੀਨ ਇਹੀ ਅੰਦਾਜ਼ਾ ਲਗਾਉਂਦਾ ਹੈ ਕਿ ਅਮਰੀਕਾ ਦੇ ਟੈਰਿਫ ਵਧਾਉਣ ਵਾਲੇ ਦਾਅ-ਪੇਚ ਲੰਮੇ ਸਮੇਂ ਲਈ ਨਹੀਂ, ਸਗੋਂ ਥੋੜ੍ਹੇ ਸਮੇਂ ਲਈ ਹੀ ਹਨ, ਤਾਂ ਜੋ ਇਸ ਕਰੜੇ ਰੁਖ ਨਾਲ ਚੀਨ 'ਤੇ ਦਬਾਅ ਬਣਾ ਕੇ ਆਪਣੀਆਂ ਕੁਝ ਸ਼ਰਤਾਂ ਨੂੰ ਮੰਨਵਾਇਆ ਜਾ ਸਕੇ। ਚੀਨ ਟਰੰਪ ਸਰਕਾਰ ਨੂੰ ਨਰਮ ਕਰਨ ਲਈ ਐਲਨ ਮਸਕ ਦਾ ਪਰਦੇ ਪਿਛਲੀ ਰਾਜਨੀਤੀ ਰਾਹੀਂ ਇਸਤੇਮਾਲ ਜ਼ਰੂਰ ਕਰੇਗਾ, ਕਿਉਂਕਿ ਮਸਕ ਨੂੰ ਜਿਥੇ ਸੰਘਾਈ ਪਲਾਂਟ ਲਈ ਚੀਨ ਨੇ ਸਸਤੇ ਕਰਜ਼ੇ ਦਿੱਤੇ ਹੋਏ ਹਨ, ਉਥੇ ਕਾਰਪੋਰੇਟ ਟੈਕਸ ਵੀ 25 ਦੀ ਥਾਂ 15 ਫ਼ੀਸਦੀ ਹੀ ਲਿਆ।

ਟਰੰਪ ਦੀ ਟੈਰਿਫ ਨੀਤੀ ਨੇ ਅਮਰੀਕਾ ਦੇ ਸਾਥੀ ਦੇਸ਼ਾਂ ਨੂੰ ਵੀ ਬਹੁਤ ਨਿਰਾਸ਼ ਕੀਤਾ ਹੈ। ਅਮਰੀਕਾ ਆਪਣੇ ਕਰੀਬੀ ਜਾਪਾਨ ਤੇ ਦੱਖਣੀ ਕੋਰੀਆ ਜਿਹੇ ਦੇਸ਼ਾਂ ਆਸਰੇ ਚੀਨ ਨੂੰ ਏਸ਼ੀਆ 'ਚ ਘੇਰਨਾ ਚਾਹੁੰਦਾ ਸੀ, ਹੁਣ ਇਹ ਦੇਸ਼ ਟਰੰਪ ਦੇ ਟੈਰਿਫ ਤੋਂ ਦੁਖੀ ਹੋ ਕੇ ਚੀਨ ਨਾਲ 'ਈਸਟਨ ਟਰੈਨਗਲ' ਵਰਗੇ ਗਰੁੱਪ ਬਣਾਉਣ ਦੀ ਸੋਚ ਰਹੇ ਹਨ। ਸਾਊਥ ਚਾਇਨਾ ਸਾਗਰ ਵੱਲ ਵੀਅਤਨਾਮ, ਫਿਲਪੀਨਜ਼, ਮਲੇਸ਼ੀਆ, ਕੰਬੋਡੀਆ ਜਿਹੇ ਦੇਸ਼ਾਂ ਸਮੇਤ ਯੂਰਪੀ ਦੇਸ਼ ਵੀ ਟੈਰਿਫ ਵਾਧੇ ਤੋਂ ਨਿਰਾਸ਼ ਹੋ ਕੇ ਚੀਨ ਨਾਲ ਨੇੜਤਾ ਵਧਾ ਰਹੇ ਹਨ, ਇਹ ਸਾਰੇ ਦੇਸ਼ ਜੋ ਚੀਨ ਦਾ ਹੁਣ ਤੱਕ ਅਮਰੀਕਾ ਦੇ ਪ੍ਰਭਾਵ ਹੇਠ ਵਿਰੋਧ ਕਰਦੇ ਰਹੇ ਹਨ। ਟਰੰਪ ਦੀ ਟੈਰਿਫ ਜੰਗ ਨੇ ਸੰਸਾਰ ਪੱਧਰ 'ਤੇ ਆਰਥਿਕ ਅਸਥਿਰਤਾ ਵਾਲਾ ਮਾਹੌਲ ਬਣਾ ਦਿੱਤਾ ਹੈ।


ਦਰਅਸਲ ਇਹ ਸਿਰਫ਼ ਟੈਰਿਫ ਜੰਗ ਨਹੀਂ, ਸਗੋਂ ਅਮਰੀਕਾ ਤੇ ਚੀਨੀ ਹਉਮੈਂ ਦੀ ਵੀ ਜੰਗ ਹੈ। ਚੀਨ ਦੁਨੀਆ ਦੀ ਅਗਲੀ ਸੁਪਰਪਾਵਰ ਬਣਨ ਲਈ ਕਾਹਲਾ ਹੈ ਤੇ ਅਮਰੀਕਾ ਹਰ ਹਾਲ 'ਚ ਆਪਣਾ ਤਾਜ ਖ਼ੁਸਣ ਤੋਂ ਬਚਾਉਣਾ ਚਾਹੁੰਦਾ ਹੈ, ਇਸ ਲਈ ਸੰਘਰਸ਼ ਹੋਣਾ ਲਾਜ਼ਮੀ ਹੈ। ਪਰ ਇਕ ਗੱਲ ਸਪੱਸ਼ਟ ਹੈ ਕਿ ਚੀਨ ਨੂੰ ਦਬਾਉਣਾ ਹੁਣ ਅਮਰੀਕਾ ਲਈ ਸੌਖਾ ਨਹੀਂ ਹੈ। ਦੇਖਦੇ ਹਾਂ ਕਿ ਕੌਣ ਆਪਣੀਆਂ ਸ਼ਰਤਾਂ ਦੂਜੇ 'ਤੇ ਥੋਪਣ 'ਚ ਕਾਮਯਾਬ ਹੁੰਦਾ ਹੈ ਤੇ ਸੰਸਾਰ ਨੂੰ ਇਸ ਸੰਘਰਸ਼ ਦਾ ਕੀ ਮੁੱਲ ਚੁਕਾਉਣਾ ਪੈਂਦਾ ਹੈ?

# ਭਾਰਤ ਪ੍ਰਤੀ ਨਫ਼ਰਤ ਨਾਲ ਲਬਰੇਜ਼ ਪਾਕਿ

ਲਗਪਗ ਦੋ ਹਜ਼ਾਰ ਸਾਲ ਪਹਿਲਾਂ ਚੀਨੀ ਰਣਨੀਤੀਕਾਰ ਸੁਨ ਜ਼ੂ ਨੇ ਬਹੁਤ ਮਾਅਰਕੇ ਵਾਲੀ ਗੱਲ ਆਖੀ ਸੀ। ਸੁਨ ਜ਼ੂ ਮੁਤਾਬਕ, 'ਜੇਕਰ ਤੁਸੀਂ ਆਪਣੇ ਦੁਸ਼ਮਣ ਅਤੇ ਆਪਣੀਆਂ ਸਮਰੱਥਾਵਾਂ ਤੋਂ ਜਾਣੂ ਹੋ ਤਾਂ ਤੁਹਾਨੂੰ ਤਮਾਮ ਜੰਗਾਂ ਦੇ ਨਤੀਜਿਆਂ ਦੀ ਫ਼ਿਕਰ ਕਰਨ ਦੀ ਜ਼ਰੂਰਤ ਨਹੀਂ। ਜੇ ਤੁਹਾਨੂੰ ਆਪਣੀਆਂ ਸਮਰੱਥਾਵਾਂ ਪਤਾ ਹਨ ਪਰ ਦੁਸ਼ਮਣ ਦੀਆਂ ਨਹੀਂ ਤਾਂ ਹਰ ਜਿੱਤ ਦੀ ਸਥਿਤੀ ਵਿਚ ਵੀ ਤੁਸੀਂ ਹਾਰ ਮਹਿਸੂਸ ਕਰੋਗੇ। ਜੇਕਰ ਤੁਸੀਂ ਨਾ ਆਪਣੇ ਦੁਸ਼ਮਣ ਤੋਂ ਜਾਣੂ ਹੋ ਅਤੇ ਨਾ ਖ਼ੁਦ ਤੋਂ ਤਾਂ ਹਰ ਜੰਗ ਵਿਚ ਤੁਹਾਡੀ ਹਾਰ ਤੈਅ ਹੈ।' ਇਕ ਅਜਿਹੇ ਸਮੇਂ ਵਿਚ ਜਦ ਪਾਕਿਸਤਾਨ ਦੇ ਨਾਲ ਤਨਾਤਨੀ ਜਾਰੀ ਹੈ ਤਾਂ ਸੁਨ ਜ਼ੂ ਦਾ ਇਹ ਹਕੀਕੀ ਗਿਆਨ ਸਾਡੇ ਲਈ ਵੀ ਬਹੁਤ ਜ਼ਿਆਦਾ ਫ਼ਾਇਦੇਮੰਦ ਸਿੱਧ ਹੋ ਸਕਦਾ ਹੈ।

ਪਹਿਲਗਾਮ ਵਿਚ ਹੋਏ ਖ਼ੌਫ਼ਨਾਕ ਅੱਤਵਾਦੀ ਹਮਲੇ ਦੇ ਜਵਾਬ ਵਿਚ ਭਾਰਤ ਦੇ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਤੋਂ ਜਦ ਪਾਕਿਸਤਾਨ ਨਾਲ ਤਲਖ਼ੀ ਹੋਰ ਵਧਣ ਵਾਲੀ ਹੈ ਉਦੋਂ ਸਾਡੇ ਲਈ ਆਪਣੇ ਦੁਸ਼ਮਣ ਅਤੇ ਉਸ ਨਾਲ ਜੁੜੇ ਸਾਰੇ ਪਹਿਲੂਆਂ ਤੋਂ ਜਾਣੂ ਹੋਣਾ ਕਿਤੇ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ। ਚੇਤੇ ਰਹੇ ਕਿ ਪਾਕਿਸਤਾਨ ਵਿਚ ਭਾਰਤ ਨੂੰ ਪੱਕਾ ਦੁਸ਼ਮਣ ਮੰਨਿਆ ਜਾਂਦਾ ਹੈ ਅਤੇ ਇਹ ਮੰਦਾ ਵਿਚਾਰ ਪਾਕਿਸਤਾਨੀ ਜਨਤਾ ਦੀ ਮਾਨਸਿਕਤਾ ਵਿਚ ਘੁਲਿਆ ਹੋਇਆ ਹੈ। ਸਾਨੂੰ ਇਸ ਦੂਸ਼ਿਤ ਮਾਨਸਿਕਤਾ ਦੇ ਕਾਰਨਾਂ ਨੂੰ ਸਮਝਣਾ ਹੋਵੇਗਾ। ਭਾਰਤ ਪ੍ਰਤੀ ਪਾਕਿਸਤਾਨ ਦੀ ਇਹ ਜ਼ਹਿਰੀਲੀ ਮਾਨਸਿਕਤਾ ਦੋ ਰਾਸ਼ਟਰ ਸਿਧਾਂਤ ਤੋਂ ਪ੍ਰੇਰਿਤ ਹੈ। ਇਸੇ ਜ਼ਹਿਰੀਲੇ ਨਜ਼ਰੀਏ ਨੂੰ ਬੀਤੇ ਦਿਨੀਂ ਪਾਕਿਸਤਾਨੀ ਫ਼ੌਜ ਦੇ ਮੁਖੀ ਨੇ ਇਕ ਸੰਬੋਧਨ ਵਿਚ ਜ਼ਾਹਰ ਵੀ ਕੀਤਾ ਜਦ ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਦੋ ਅਲੱਗ-ਅਲੱਗ ਕੌਮਾਂ ਦੇ ਰੂਪ ਵਿਚ ਰੇਖਾਂਕਿਤ ਕੀਤਾ।

ਇਸੇ ਤਕਰੀਰ ਤੋਂ ਕੁਝ ਦਿਨਾਂ ਬਾਅਦ ਹੀ ਪਹਿਲਗਾਮ ਵਿਚ ਬੇਗੁਨਾਹ ਸੈਲਾਨੀਆਂ 'ਤੇ ਘਿਨੌਣਾ ਅੱਤਵਾਦੀ ਹਮਲਾ ਕਰ ਦਿੱਤਾ ਗਿਆ ਜਿਸ ਵਿਚ 26 ਤੋਂ ਵੱਧ ਸੈਲਾਨੀਆਂ ਦੀ ਜਾਨ ਚਲੀ ਗਈ। ਇਸ ਘਟਨਾ ਨੇ ਦੋਵਾਂ ਮੁਲਕਾਂ ਵਿਚਾਲੇ ਤਣਾਅ ਸਿਖਰ 'ਤੇ ਪਹੁੰਚਾ ਦਿੱਤਾ ਸੀ ਜਿਸ ਕਾਰਨ ਹੁਣ ਇਹ ਦੋਵੇਂ ਮੁਲਕ ਜੰਗ ਦੀ ਕਗਾਰ 'ਤੇ ਪੁੱਜ ਗਏ ਹਨ। ਇਸ ਸਾਰੇ ਕੁਝ ਲਈ ਪਾਕਿਸਤਾਨ ਤੇ ਉਸ ਦੀ ਜਨੂੰਨੀ ਫ਼ੌਜ ਹੀ ਜ਼ਿੰਮੇਵਾਰ ਹੈ।



ਪਾਕਿਸਤਾਨ ਵਿਚ ਸੱਤਾ ਦੀ ਅਸਲ ਚਾਬੀ ਫ਼ੌਜ ਕੋਲ ਹੈ ਅਤੇ ਉਹ ਇਹੀ ਚਾਹੁੰਦੀ ਹੈ ਕਿ ਬਚਪਨ ਤੋਂ ਹੀ ਦੇਸ਼-ਵਾਸੀਆਂ ਵਿਚ ਇਸ ਨਫ਼ਰਤੀ ਚਿੰਤਨ ਅਤੇ ਭਾਰਤ ਨਾਲ ਨਫ਼ਰਤ ਦੇ ਬੀਅ ਬੀਜੇ ਜਾਣ। ਇਸ ਤੋਂ ਵੀ ਬਦਤਰ ਇਹ ਹੈ ਕਿ ਲੋਕਾਂ ਨੂੰ ਇਹ ਘੁੱਟੀ ਪਿਲਾਈ ਜਾਂਦੀ ਹੈ ਕਿ ਹਿੰਦੂਆਂ-ਮੁਸਲਮਾਨਾਂ ਵਿਚਾਲੇ ਕਦੇ ਸੁਲ੍ਹਾ ਨਹੀਂ ਹੋ ਸਕਦੀ।

ਪਾਕਿਸਤਾਨ ਵਿਚ ਇਹੀ ਮਾਨਤਾ ਹੈ ਕਿ ਮਜ਼ਹਬ ਹੀ ਰਾਸ਼ਟਰਵਾਦ ਦਾ ਆਧਾਰ ਹੈ। ਹਾਲਾਂਕਿ ਇਹ ਗੱਲ ਅਲੱਗ ਹੈ ਕਿ ਖ਼ੁਦ ਨੂੰ ਇਸਲਾਮਿਕ ਰਾਸ਼ਟਰ ਮੰਨਣ ਵਾਲੇ ਪਾਕਿਸਤਾਨ ਵਿਚ ਕਦੇ ਇਹ ਸਹਿਮਤੀ ਨਹੀਂ ਬਣ ਸਕੀ ਕਿ ਉਸ ਨੂੰ ਇਸਲਾਮ ਦੀ ਕਿਸ ਧਾਰਾ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਲਈ ਸ਼ੁਰੂ ਤੋਂ ਹੀ ਉਹ ਫ਼ ?ਰਕਪ੍ਰਸਤੀ ਦਾ ਸ਼ਿਕਾਰ ਰਿਹਾ ਹੈ।

ਪਾਕਿਸਤਾਨ ਦੇ ਉਲਟ ਭਾਰਤ ਵਿਚ ਇਹੀ ਮਾਨਤਾ ਹੈ ਕਿ ਉਸ ਦੇ ਸਾਰੇ ਨਾਗਰਿਕਾਂ ਕੋਲ ਬਰਾਬਰ ਦੇ ਅਧਿਕਾਰ ਹਨ ਅਤੇ ਧਰਮ-ਮਜ਼ਹਬ ਨਿੱਜੀ ਮਾਮਲਾ ਹੈ। ਇਹ ਭਾਵ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਹੋਈ ਮੀਡੀਆ ਬ੍ਰੀਫਿੰਗ ਵਿਚ ਵੀ ਨਜ਼ਰ ਆਇਆ ਜਦ ਇਕ ਮੁਸਲਿਮ ਮਹਿਲਾ ਫ਼ੌਜੀ ਅਫ਼ਸਰ ਤੇ ਇਕ ਹਿੰਦੂ ਮਹਿਲਾ ਫ਼ੌਜੀ ਅਫ਼ਸਰ ਉਸ ਮੰਚ 'ਤੇ ਇਕੱਠੀਆਂ ਨਜ਼ਰ ਆਈਆਂ ਜਿਸ ਜ਼ਰੀਏ ਪਾਕਿਸਤਾਨ 'ਤੇ ਹੋਏ ਹਮਲੇ ਦੀ ਜਾਣਕਾਰੀ ਜਨਤਕ ਕੀਤੀ ਗਈ। ਰਾਸ਼ਟਰੀ ਤੇ ਸਮਾਜਿਕ ਇਕਜੁੱਟਤਾ ਭਾਰਤ ਦੀ ਵੱਡੀ ਤਾਕਤ ਰਹੀ ਹੈ। ਭਾਰਤੀਆਂ ਨੂੰ ਸਮਾਜਿਕ ਇਕਜੁੱਟਤਾ ਦਾ ਰਣਨੀਤਕ ਮਹੱਤਵ ਵੀ ਸਮਝਣਾ ਚਾਹੀਦਾ ਹੈ। ਸੋਚ ਦੇ ਪੱਧਰ 'ਤੇ ਵੀ ਭਾਰਤ ਤੇ ਪਾਕਿਸਤਾਨ ਬਹੁਤ ਅਲੱਗ ਹਨ। ਪਾਕਿਸਤਾਨ ਵਿਚ ਕੁਲੀਨ ਵਰਗ ਦੇ ਲੋਕ ਇਹ ਸੋਚਦੇ ਹਨ ਕਿ ਭਾਰਤੀ ਉਪ-ਮਹਾਦੀਪ ਦੇ ਅਸਲ ਸ਼ਾਸਕ ਉਹੀ ਹਨ।

ਉਹ ਅਤੀਤ ਦੀਆਂ ਉਨ੍ਹਾਂ ਯਾਦਾਂ ਵਿਚ ਡੁੱਬੇ ਰਹਿੰਦੇ ਹਨ ਕਿ ਅੰਗਰੇਜ਼ਾਂ ਦੇ ਆਗਮਨ ਤੋਂ ਪਹਿਲਾਂ ਮੁਸਲਿਮ ਰਾਜਵੰਸ਼ਾਂ ਨੇ ਹੀ ਸੈਂਕੜੇ ਸਾਲਾਂ ਤੱਕ ਭਾਰਤ 'ਤੇ ਹਕੂਮਤ ਕੀਤੀ ਸੀ।

**-ਵਿਵੇਕ ਕਾਟਜੂ**

ਇਸ ਲਈ ਇਕ ਸੈਕੂਲਰ, ਖ਼ੁਸ਼ਹਾਲ ਅਤੇ ਮਜ਼ਬੂਤ ਭਾਰਤ ਦਾ ਵਿਚਾਰ ਉਨ੍ਹਾਂ ਨੂੰ ਪਚਦਾ ਨਹੀਂ, ਜਿਸ ਨੂੰ ਵਿਸ਼ਵ ਦੀ ਇਕ ਵੱਡੀ ਤਾਕਤ ਦੇ ਰੂਪ ਵਿਚ ਮਾਨਤਾ ਮਿਲ ਰਹੀ ਹੈ।

ਪਾਕਿਸਤਾਨੀ ਹਰ ਸੰਭਵ ਤਰੀਕੇ ਨਾਲ ਭਾਰਤ ਨੂੰ ਖ਼ਾਰਜ ਕਰਨ ਵਿਚ ਲੱਗੇ ਰਹਿੰਦੇ ਹਨ। ਇਸ ਦੇ ਲਈ ਅੱਤਵਾਦ ਦੇ ਇਸਤੇਮਾਲ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਭਾਰਤ ਵਿਰੁੱਧ ਵੱਡੇ ਪੱਧਰ 'ਤੇ ਕੂੜ-ਪ੍ਰਚਾਰ ਕੀਤਾ ਜਾਂਦਾ ਹੈ। ਖ਼ਾਸ ਤੌਰ 'ਤੇ ਇਸਲਾਮਿਕ ਦੇਸ਼ਾਂ ਵਿਚ ਭਾਰਤ ਪ੍ਰਤੀ ਜ਼ਹਿਰ ਭਰਿਆ ਜਾਂਦਾ ਹੈ ਤਾਂ ਕਿ ਪਾਕਿਸਤਾਨ ਆਪਣੇ ਨਾਪਾਕ ਮਨਸੂਬੇ ਕਿਸੇ ਤਰ੍ਹਾਂ ਸਿਰੇ ਚੜ੍ਹਾਅ ਸਕੇ। ਭਾਰਤ ਨੂੰ ਪਸਤ ਕਰਨ ਦੇ ਯਤਨਾਂ ਵਿਚ ਜੇਕਰ ਆਪਣਾ ਅਰਥਚਾਰਾ ਵੀ ਤਬਾਹ ਹੋ ਜਾਵੇ ਤਾਂ ਵੀ ਉੱਥੇ ਲੋਕਾਂ ਨੂੰ ਇਸ ਨੂੰ ਲੈ ਕੇ ਇਹ ਕਹਿ ਕੇ ਵਰਗਲਾਇਆ ਜਾਂਦਾ ਹੈ ਕਿ ਇਹ ਤਾਂ ਉਹ ਕੀਮਤ ਹੈ ਜੋ ਸਾਨੂੰ ਤਾਰਨੀ ਹੀ ਪਵੇਗੀ। ਪਾਕਿਸਤਾਨ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਵੀ ਪੈ ਰਿਹਾ ਹੈ। ਪਾਕਿਸਤਾਨੀ ਫ਼ੌਜ ਅਤੇ ਕੁਲੀਨ ਵਰਗ ਨੂੰ ਆਮ ਜਨਤਾ ਦੇ ਹਿੱਤਾਂ ਦੀ ਕੋਈ ਪਰਵਾਹ ਨਹੀਂ ਹੈ।

ਉਨ੍ਹਾਂ ਦੇ ਸਵਾਰਥ ਅਤੇ ਫ਼ਰਜ਼ੀ ਸ੍ਰੇਸ਼ਠ ਹੋਣ ਦੇ ਭਰਮ ਦੀ ਕੀਮਤ ਆਮ ਪਾਕਿਸਤਾਨੀਆਂ ਨੂੰ ਤਾਰਨੀ ਪੈ ਰਹੀ ਹੈ। ਇਹੀ ਕਾਰਨ ਹੈ ਕਿ ਪਾਕਿਸਤਾਨ ਵਿਚ 'ਗ਼ੈਰਤ' ਬਹੁਤ ਆਮ ਸ਼ਬਦ ਹੈ। ਇਸ ਨਾਲ ਫ਼ਰਜ਼ੀ ਆਤਮ-ਸਨਮਾਨ ਦਾ ਅਹਿਸਾਸ ਕਰਵਾਇਆ ਜਾਂਦਾ ਹੈ।

ਪਾਕਿਸਤਾਨੀ ਜਨਤਾ ਦੀ ਮਾਨਸਿਕਤਾ ਦਾ ਇਕ ਹੋਰ ਪਹਿਲੂ ਇਹ ਹੈ ਕਿ ਚਾਹੇ ਜੋ ਹਾਲਾਤ ਹੋਣ ਪਰ ਬਦਲਾ ਲੈਣਾ ਹੀ ਹੋਵੇਗਾ। ਖ਼ਾਸ ਤੌਰ 'ਤੇ ਫ਼ੌਜ ਵਿਚ ਇਹ ਮੁਗਾਲਤਾ ਬਹੁਤ ਡੂੰਘਾਈ ਨਾਲ ਪੈਂਠ ਬਣਾਈ ਬੈਠਾ ਹੈ। ਉਹ ਹਮੇਸ਼ਾ ਬਦਲੇ ਦੀ ਅੱਗ ਵਿਚ ਝੁਲਸਦੀ ਰਹਿੰਦੀ ਹੈ। ਉਹ ਅੱਜ ਤੱਕ 1971 ਵਿਚ ਹੋਈ ਪਾਕਿਸਤਾਨ ਦੀ ਵੰਡ ਲਈ ਭਾਰਤ ਪ੍ਰਤੀ ਵੈਰ ਭਾਵਨਾ ਪਾਲ ਕੇ ਰੱਖੀ ਬੈਠੀ ਹੈ। ਜਦਕਿ ਸੱਚਾਈ ਇਹੀ ਹੈ ਕਿ ਸੈਨਾ ਦਾ ਵਤੀਰਾ ਅਤੇ ਜ਼ੁਲਫਿਕਾਰ ਅਲੀ ਭੁੱਟੋ ਵਰਗੇ ਨੇਤਾ ਹੀ ਪਾਕਿਸਤਾਨ ਦੇ ਬਟਵਾਰੇ ਅਤੇ ਬੰਗਲਾਦੇਸ਼ ਦੀ ਸਿਰਜਣਾ ਲਈ ਜ਼ਿੰਮੇਵਾਰ ਰਹੇ। ਬਦਲੇ ਦੀਆਂ ਭਾਵਨਾਵਾਂ ਨੂੰ ਜ਼ਾਹਰ ਕਰਦੇ ਹੋਏ ਹੀ ਪਾਕਿਸਤਾਨੀ ਫ਼ੌਜ ਦੇ ਬੁਲਾਰੇ ਨੇ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਵਿਚ ਮਾਰੇ ਗਏ ਲੋਕਾਂ ਦੀ ਮੌਤ ਦਾ ਬਦਲਾ ਲਿਆ ਜਾਵੇਗਾ। ਇਸ ਧਮਕੀ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਭਾਰਤੀ ਨੀਤੀ ਘਾੜਿਆਂ ਨੂੰ ਹੋਰ ਜ਼ਿਆਦਾ ਚੌਕਸ ਰਹਿਣਾ ਹੋਵੇਗਾ।

ਪਾਕਿਸਤਾਨ ਇਹ ਦਾਅਵਾ ਕਰਨ ਵਿਚ ਵੀ ਲੱਗਾ ਹੋਇਆ ਹੈ ਕਿ ਭਾਰਤ ਵਿਰੁੱਧ ਉਸ ਦੀ ਹਵਾਈ ਫ਼ੌਜ ਨੂੰ ਵੱਡੀ ਕਾਮਯਾਬੀ ਮਿਲੀ ਹੈ। ਉਹ ਦੁਨੀਆ ਦੇ ਸਾਹਮਣੇ ਖ਼ੁਦ ਨੂੰ ਅੱਤਵਾਦ ਤੋਂ ਪੀੜਤ ਦੇਸ਼ ਦੇ ਰੂਪ ਵਿਚ ਵੀ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਾਕਿਸਤਾਨ ਦਾ ਦੌਰਾ ਕਰ ਕੇ ਪਰਤਣ ਵਾਲੇ ਕੁਝ ਭਾਰਤੀ ਅਕਸਰ ਪਾਕਿਸਤਾਨੀਆਂ ਦੀ ਮਹਿਮਾਨ-ਨਿਵਾਜ਼ੀ ਅਤੇ ਸਤਿਕਾਰ ਦੀ ਤਾਰੀਫ਼ ਕਰਦੇ ਹਨ। ਕੁਝ ਪਾਕਿਸਤਾਨੀਆਂ ਨਾਲ ਭਾਰਤੀਆਂ ਦੀ ਗੂੜ੍ਹੀ ਦੋਸਤੀ ਵੀ ਹੋ ਸਕਦੀ ਹੈ।

ਫਿਰ ਵੀ, ਉਨ੍ਹਾਂ ਨੂੰ ਇਹ ਧਿਆਨ ਰਹੇ ਕਿ ਕੁਝ ਪਾਕਿਸਤਾਨੀ ਭਾਰਤ ਬਾਰੇ ਚੰਗੀਆਂ ਭਾਵਨਾਵਾਂ ਰੱਖਦੇ ਹੋਣ ਪਰ ਇਸ ਨਾਲ ਭਾਰਤ ਪ੍ਰਤੀ ਉਨ੍ਹਾਂ ਦੇ ਦੇਸ਼ ਦੀ ਫ਼ੌਜ ਦੇ ਵਤੀਰੇ 'ਤੇ ਕੋਈ ਅਸਰ ਨਹੀਂ ਪੈਣ ਵਾਲਾ। ਇਹ ਵੀ ਇਕ ਤੱਥ ਹੈ ਕਿ ਪਾਕਿਸਤਾਨ ਖ਼ਾਸ ਤੌਰ 'ਤੇ ਉਸ ਦੀ ਫ਼ੌਜ ਭਾਰਤ ਨੂੰ ਧਰਮ-ਨਿਰਪੱਖ ਮੁਲਕ ਨਹੀਂ ਮੰਨਦੀ ਬਲਕਿ ਹਿੰਦੂ ਰਾਸ਼ਟਰ ਦੇ ਰੂਪ ਵਿਚ ਦੇਖਦੀ ਹੈ ਅਤੇ ਹਿੰਦੂਆਂ ਪ੍ਰਤੀ ਉਨ੍ਹਾਂ ਦੀਆਂ ਦੁਰਭਾਵਨਾਵਾਂ ਹਮੇਸ਼ਾ ਤੋਂ ਜ਼ਾਹਰ ਰਹੀਆਂ ਹਨ।

ਇਸ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਅੱਜ ਪਾਕਿਸਤਾਨ ਵਿਚ ਨਾਮਾਤਰ ਹੀ ਹਿੰਦੂ ਬਚੇ ਹਨ। ਇਸ ਲਈ ਹਿੰਦੂਆਂ ਦੀਆਂ ਪਰੰਪਰਾਵਾਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਬਚਿਆ ਹੈ। ਇਸ ਸਦਕਾ ਨਫ਼ਰਤੀ ਭਾਵਨਾਵਾਂ ਨੂੰ ਹੋਰ ਖਾਦ-ਪਾਣੀ ਮਿਲਦਾ ਹੈ। ਇਸ ਲਈ ਅਕਸਰ ਪਾਕਿਸਤਾਨੀ ਕੂੜ-ਪ੍ਰਚਾਰ ਵਿਚ ਹਿੰਦੂ-ਵਿਰੋਧੀ ਭਾਵਨਾਵਾਂ ਤਿੱਖੀਆਂ ਹੁੰਦੀਆਂ ਹਨ ਅਤੇ ਹਿੰਦੂਆਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਇਹ ਪਾਕਿਸਤਾਨੀ ਜਨਤਾ ਦੀ ਮਾਨਸਿਕਤਾ ਦੇ ਕੁਝ ਖ਼ਾਸ ਪਹਿਲੂ ਹਨ ਜਿਨ੍ਹਾਂ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ।

# ਭਾਵੇਂ 1947 ਦੀ ਜੰਗ ਹੋਵੇ ਜਾਂ ਕਾਰਗਿਲ ਦੀ ਜੰਗ... ਹਰ ਵਾਰ ਭਾਰਤ ਤੋਂ ਹਾਰਿਆ ਹੈ ਪਾਕਿਸਤਾਨ

ਭਾਰਤ-ਪਾਕਿਸਤਾਨ ਜੰਗ ਭਾਰਤ ਅਤੇ ਪਾਕਿਸਤਾਨ ਦੇ ਸਬੰਧ ਹਮੇਸ਼ਾ ਤਣਾਅਪੂਰਨ ਰਹੇ ਹਨ। ਇਸ ਤਣਾਅ ਦਾ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਜੰਗ ਅਤੇ ਪਾਕਿਸਤਾਨ ਦੀਆਂ ਅੱਤਵਾਦੀ ਨੀਤੀਆਂ ਹਨ। ਆਓ ਜਾਣਦੇ ਹਾਂ ਕਿ ਭਾਰਤ ਨੇ ਪਾਕਿਸਤਾਨ ਵਿਰੁੱਧ ਕਦੋਂ ਕਾਰਵਾਈ ਕੀਤੀ, 1947 ਤੋਂ ਲੈ ਕੇ ਕਾਰਗਿਲ ਯੁੱਧ ਅਤੇ ਬਾਲਾਕੋਟ ਹਮਲੇ ਤੱਕ ਦਾ ਸੰਖੇਪ ਵੇਰਵਾ ਹੇਠਾਂ ਦਿੱਤਾ ਜਾ ਰਿਹਾ-

ਆਜ਼ਾਦੀ ਤੋਂ ਬਾਅਦ ਹੀ ਭਾਰਤ ਅਤੇ ਪਾਕਿਸਤਾਨ ਦੇ ਸਬੰਧ ਤਣਾਅਪੂਰਨ ਰਹੇ ਹਨ। ਦੋਵਾਂ ਦੇਸ਼ਾਂ ਵਿਚਕਾਰ ਵਾਰ-ਵਾਰ ਜੰਗਾਂ ਹੋਈਆਂ ਹਨ। ਪਾਕਿਸਤਾਨ ਦੀ ਅੱਤਵਾਦੀ ਨੀਤੀ ਅਕਸਰ ਤਣਾਅ ਵਧਾਉਂਦੀ ਹੈ। ਪਾਕਿਸਤਾਨ ਨੇ ਕਈ ਵਾਰ ਭਾਰਤ 'ਤੇ ਹਮਲਾ ਕੀਤਾ, ਜਿਸਦਾ ਭਾਰਤੀ ਫੌਜ ਨੇ ਢੁਕਵਾਂ ਜਵਾਬ ਦਿੱਤਾ। ਇਸ ਸੰਬੰਧ ਵਿੱਚ, ਆਓ ਜਾਣਦੇ ਹਾਂ ਕਿ ਭਾਰਤ ਨੇ ਪਾਕਿਸਤਾਨ ਵਿਰੁੱਧ ਕਾਰਵਾਈ ਕਦੋਂ ਕੀਤੀ। ਜੰਮੂ-ਕਸ਼ਮੀਰ ਦੇ ਭਾਰਤੀ ਸੰਘ ਵਿੱਚ ਰਲੇਵੇਂ ਤੋਂ ਬਾਅਦ, ਪਾਕਿਸਤਾਨ ਸਮਰਪਿਤ ਕਬਾਇਲੀਆਂ ਨੇ ਅਕਤੂਬਰ (ਭਾਰਤ-ਪਾਕਿਸਤਾਨ ਯੁੱਧ 1997) ਵਿਚ ਇੱਥੇ ਹਮਲਾ ਕੀਤਾ। ਜਵਾਬ ਵਿਚ, ਭਾਰਤ ਨੇ ਇਸ ਖੇਤਰ ਦੀ ਰੱਖਿਆ ਲਈ ਆਪਣੀਆਂ ਫੌਜਾਂ ਭੇਜੀਆਂ। ਇਹ ਸੰਘਰਸ਼ ਜਨਵਰੀ, 1949 ਤੱਕ ਜਾਰੀ ਰਿਹਾ।

**1965, ਓਪਰੇਸ਼ਨ ਜਿਬਰਾਲਟਰ 'ਚ :** ਹਥਿਆਰਬੰਦ ਟਕਰਾਅ 5 ਅਗਸਤ 1965 ਨੂੰ ਸ਼ੁਰੂ ਹੋਇਆ ਜਦੋਂ ਹਜ਼ਾਰਾਂ ਪਾਕਿਸਤਾਨੀ ਫੌਜਾਂ, ਸਥਾਨਕ ਵਿਦਰੋਹੀਆਂ ਦੇ ਭੇਸ ਵਿਚ, ਆਪ੍ਰੇਸ਼ਨ ਜਿਬਰਾਲਟਰ ਦੇ ਤਹਿਤ ਕੰਟਰੋਲ ਰੇਖਾ ਪਾਰ ਕਰਕੇ ਭਾਰਤੀ ਖੇਤਰ ਵਿਚ ਘੁਸਪੈਠ ਕਰ ਗਈਆਂ।

1971 ਦੀ ਜੰਗ : 1971 ਦੀ ਭਾਰਤ-ਪਾਕਿ ਜੰਗ ਪਾਕਿਸਤਾਨੀ ਫੌਜ ਦੁਆਰਾ ਪੂਰਬੀ ਪਾਕਿਸਤਾਨ, ਹੁਣ ਬੰਗਲਾਦੇਸ਼, ਦੇ ਦਮਨ ਅਤੇ ਆਜ਼ਾਦੀ ਦੀ ਮੰਗ ਕਾਰਨ ਸ਼ੁਰੂ ਹੋਈ ਸੀ। ਪਾਕਿਸਤਾਨ ਨੇ 16 ਦਸੰਬਰ ਨੂੰ ਆਤਮ ਸਮਰਪਣ ਕਰ ਦਿੱਤਾ।

**1999, ਕਾਰਗਿਲ ਯੁੱਧ :** 1999 ਦੀ ਕਾਰਗਿਲ ਜੰਗ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਾਕਿਸਤਾਨੀ ਫੌਜਾਂ ਅਤੇ ਅੱਤਵਾਦੀਆਂ ਦੇ ਜੰਮੂ ਅਤੇ ਕਸ਼ਮੀਰ ਦੇ ਕਾਰਗਿਲ ਸੈਕਟਰ ਵਿੱਚ ਚੋਟੀਆਂ 'ਤੇ ਕਬਜ਼ਾ ਕਰਨ ਨਾਲ ਸ਼ੁਰੂ ਹੋਈ ਸੀ। ਮਈ ਤੋਂ ਜੁਲਾਈ ਤੱਕ ਲੜੀ ਗਈ ਇਸ ਜੰਗ ਵਿਚ, ਭਾਰਤੀ ਹਵਾਈ ਸੈਨਾ ਨੇ ਆਪ੍ਰੇਸ਼ਨ ਵਿਜੇ ਸ਼ੁਰੂ ਕੀਤਾ ਅਤੇ ਇਸ ਇਲਾਕੇ 'ਤੇ ਮੁੜ ਕਬਜ਼ਾ ਕਰ ਲਿਆ।

**2019 ਬਾਲਾਕੋਟ ਸਟਰਾਈਕ :** 26 ਜਨਵਰੀ, 2019 ਨੂੰ, ਭਾਰਤੀ ਹਵਾਈ ਸੈਨਾ ਨੇ ਪੁਲਵਾਮਾ ਅੱਤਵਾਦੀ ਹਮਲੇ ਦੇ ਜਵਾਬ ਵਿਚ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਸਿਖਲਾਈ ਕੈਂਪ 'ਤੇ ਹਵਾਈ ਹਮਲਾ ਕੀਤਾ।


**2025, ਆਪ੍ਰੇਸ਼ਨ ਸਿੰਦੂਰ :** 22 ਅਪ੍ਰੈਲ, 2025 ਨੂੰ, ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਅੱਤਵਾਦੀਆਂ ਨੇ 26 ਸੈਲਾਨੀਆਂ ਦੀ ਹੱਤਿਆ ਕਰ ਦਿੱਤੀ ਸੀ। ਇਸ ਦਾ ਬਦਲਾ ਲੈਣ ਲਈ, ਭਾਰਤੀ ਫੌਜ ਨੇ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਅਤੇ ਪਾਕਿਸਤਾਨ ਅਤੇ ਪੀਓਕੇ ਵਿਚ ਜੈਸ਼ ਅਤੇ ਲਸ਼ਕਰ ਦੇ ਹੈੱਡਕੁਆਰਟਰ ਤਬਾਹ ਕਰ ਦਿੱਤੇ। ਇਸ ਵਿਚ ਕਈ ਅੱਤਵਾਦੀ ਮਾਰੇ ਗਏ।

**ਭਾਰਤ ਨੇ ਹਮੇਸ਼ਾ ਮੂੰਹ ਤੋੜ ਜਵਾਬ ਦਿੱਤਾ :** ਪਾਕਿਸਤਾਨ ਵਲੋਂ ਭਾਰਤ ਖਿਲਾਫ਼ ਵਿੱਢੀ ਜੰਗ ਦਾ ਭਾਰਤ ਨੇ ਹਮੇਸ਼ਾ ਮੂੰਹ ਤੋੜ ਜਵਾਬ ਦਿੱਤਾ ਹੈ। ਇਸ ਵਿਚ ਪਾਕਿਸਤਾਨ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ। ਭਾਰਤ ਨੇ ਹਮੇਸ਼ਾ ਗੁਆਂਢੀ ਮੁਲਕ ਨੂੰ ਭਾਰਤੀ ਇਲਾਕੇ ਵਿਚ ਅੱਤਵਾਦੀ ਸਰਗਰਮੀਆਂ ਨੂੰ ਰੋਕਣ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਪਾਕਿਸਤਾਨ ਆਪਣੀ ਧਰਤੀ ਉਤੇ ਭਾਰਤ ਖਿਲਾਫ਼ ਅੱਤਵਾਦ ਨੂੰ ਪਾਲਿਆ ਹੈ।

ਪਾਕਿਸਤਾਨ ਨੇ ਕਦੇ ਵੀ ਆਪਣੇ ਗੁਨਾਹਾਂ ਨੂੰ ਨਹੀਂ ਕਬੂਲਿਆ।

ਭਾਰਤ ਵਲੋਂ ਹੁਣ ਵੀ ਆਪਰੇਸ਼ਨ ਸਿੰਦੂਰ ਰਾਹੀਂ ਮਕਬੂਜ਼ਾ ਕਸ਼ਮੀਰ ਵਿਚ ਸਥਿਤ ਅੱਤਵਾਦੀ ਕੈਂਪਾਂ ਨੂੰ ਹੀ ਨਿਸ਼ਾਨਾ ਬਣਾਇਆ ਹੈ। ਫ਼ੌਜੀ ਜਾਂ ਰਿਹਾਇਸ਼ੀ ਇਲਾਕਿਆਂ ਵਿਚ ਕੋਈ ਵੀ ਗੋਲੀਬਾਰੀ ਨਹੀਂ ਕੀਤੀ।

# ਨਸ਼ਿਆਂ ਖਿਲਾਫ਼ ਯੁੱਧ ਨਹੀਂ ਅਮਨ ਦੀ ਲੋੜ



ਜਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ 1945 ਵਿਚ ਦੋ ਬੰਬ ਧਮਾਕਿਆਂ ਦੌਰਾਨ ਤਬਾਹ ਹੋ ਗਏ। ਇਹ ਵਿਸ਼ਵ ਯੁੱਧ ਦਾ ਨਤੀਜਾ ਸੀ। ਦੁਨੀਆ ਦੇ ਲੋਕਾਂ ਨੇ ਉਸ ਤੋਂ ਸਬਕ ਲੈਣ ਦੀ ਕੋਸ਼ਿਸ਼ ਕੀਤੀ ਅਤੇ ਦੁਨੀਆ ਤੋਂ ਯੁੱਧ ਖ਼ਤਮ ਕਰਨ ਸਬੰਧੀ ਵਿਉਂਤਬੰਦੀ ਬਾਰੇ ਸੋਚਣ ਲੱਗੇ। ਨਤੀਜੇ ਵਜੋਂ ਯੂਐੱਨਓ ਦਾ ਗਠਨ ਹੋਇਆ। ਇਸ ਨੂੰ ਹੋਂਦ ਵਿਚ ਆਏ ਤਕਰੀਬਨ 80 ਸਾਲ ਹੋ ਗਏ; ਹੁਣ ਇਸ ਦੀ ਆਪਣੀ ਹੋਂਦ 'ਤੇ ਹੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ਜਿਸ ਨੇ ਸਾਰੀ ਦੁਨੀਆ ਨੂੰ ਆਪਸ ਵਿਚ ਮਿਲ ਕੇ ਰਹਿਣ ਦੀ ਸਿੱਖਿਆ ਦੇਣੀ ਸੀ ਤੇ ਦੁਨੀਆ ਭਰ ਵਿਚ ਭਾਈਚਾਰਾ ਬਣਾ ਕੇ ਰੱਖਣ ਦੀ ਤਾਕੀਦ ਕਰਨੀ ਸੀ। ਸਿੱਟੇ ਵਜੋਂ ਹੁਣ ਤੀਜੇ ਵਿਸ਼ਵ ਯੁੱਧ ਦੀਆਂ ਗੱਲਾਂ ਹੋ ਰਹੀਆਂ ਹਨ।

ਨਸ਼ਿਆਂ ਦਾ ਇਤਿਹਾਸ ਹਜ਼ਾਰਾਂ ਸਾਲਾ ਪੁਰਾਣਾ ਹੈ। ਨਸ਼ੇ ਮਨੁੱਖੀ ਚਾਲ-ਚਲਨ ਵਿਚ ਇਤਫ਼ਾਕ ਵਾਂਗ ਸਾਹਮਣੇ ਆਏ ਤੇ ਮਨੁੱਖ ਨੂੰ ਲੱਗਿਆ, ਇਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ, ਉਹੀ ਮਨੁੱਖ ਜਿਸ ਦੇ ਮਨ ਦੇ ਇੱਕ ਕੋਨੇ ਵਿਚ ਸ਼ਾਂਤੀ ਸੀ ਤੇ ਦੂਜੇ ਵਿਚ ਮਨੁੱਖਤਾ ਦੀ ਤਬਾਹੀ; ਫਿਰ ਸਿਲਸਿਲਾ ਇਸ ਤਰ੍ਹਾਂ ਵਾਪਰਿਆ ਕਿ ਮਨ ਨੂੰ ਸ਼ਾਂਤ ਕਰਨ ਵਾਲੇ ਪਦਾਰਥ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਪਾਉਣ ਲੱਗੇ। ਠੀਕ ਹੈ, ਅਸੀਂ ਹੀਰੋਸ਼ੀਮਾ ਤੇ ਨਾਗਾਸਾਕੀ ਵਾਲਾ ਸਮਾਂ ਨਹੀਂ ਦੇਖਿਆ, ਹਰ ਸਾਲ ਉਸ ਦਿਨ ਉਸ ਤਬਾਹੀ ਨੂੰ ਯਾਦ ਕਰ ਲੈਂਦੇ ਹਾਂ ਪਰ ਨਸ਼ਿਆਂ ਨਾਲ ਤਬਾਹੀ ਹਰ ਰੋਜ਼ ਵਾਪਰ ਰਹੀ ਹੈ ਅਤੇ ਕਿੰਨੇ ਹੀ ਘਰ ਇਸ ਦੀ ਗਵਾਹੀ ਭਰਦੇ ਹਨ।

ਇਹ ਨਹੀਂ ਕਿ ਇਸ ਦਿਸ਼ਾ ਵਿਚ ਕੋਈ ਕਦਮ ਨਹੀਂ ਪੁੱਟੇ ਗਏ, ਇਹ ਭਾਵੇਂ ਤਬਾਹੀ ਦੇ ਬੰਬ ਹੋਣ ਜਾਂ ਨਸ਼ਿਆਂ ਦੀ ਗੱਲ ਹੋਵੇ। ਵਿਗਿਆਨ ਨੇ ਕੋਈ ਵੀ ਖੋਜ ਕੀਤੀ ਤਾਂ ਮੁੱਢਲਾ ਮਕਸਦ ਮਨੁੱਖਤਾ ਦੀ ਭਲਾਈ ਸੀ ਪਰ ਸਰਮਾਏਦਾਰੀ ਦੇ ਹੱਥ ਪੈ ਕੇ ਉਹ ਖੋਜ ਤਬਾਹਕੁੰਨ ਹੋ ਗਈ। ਆਪਣੇ ਮੁਲਕ, ਖਾਸ ਕਰ ਪੰਜਾਬ ਵਿਚ ਨਸ਼ਿਆਂ ਨਾਲ ਹੋ ਰਹੀ ਤਬਾਹੀ ਨੂੰ ਲੈ ਕੇ ਦੇਸ਼ ਅਤੇ ਸਮਾਜ ਨੇ ਇਸ ਬਾਰੇ ਆਪਣਾ ਫ਼ਿਕਰ ਵਧ-ਚੜ੍ਹ ਕੇ ਜ਼ਾਹਿਰ ਕੀਤਾ। ਇਹ ਕਹਾਣੀ ਵੀ ਕੋਈ ਬਹੁਤ ਪੁਰਾਣੀ ਨਹੀਂ ਹੈ। ਜਿਥੇ ਨਸ਼ਿਆਂ ਦੀ ਆਮਦ ਹਜ਼ਾਰਾਂ ਸਾਲ ਪੁਰਾਣੀ ਹੈ, ਉੱਥੇ ਨਵਾਂ ਵਰਤਾਰਾ ਕਈ ਸਾਲਾਂ ਦਾ ਹੈ, ਜਦੋਂ ਸਮੈਕ ਅਤੇ ਹੈਰੋਇਨ ਨੇ ਆਪਣੀ ਹਾਜ਼ਰੀ ਲਵਾਈ। ਸਮੈਕ ਅਤੇ ਹੈਰੋਇਨ ਕਿਸੇ ਨੇ ਲੱਭੇ? ਸਮਾਜ ਨੇ ਇਨ੍ਹਾਂ ਨੂੰ ਕਿਉਂ ਕਬੂਲਿਆ? ਇਹ ਵਿਗਿਆਨ ਇਨ੍ਹਾਂ ਨੂੰ ਤਿਆਰ ਕਰ ਸਕਦਾ ਹੈ ਤਾਂ ਵਿਗਿਆਨ ਕੋਲ ਇਸ ਦਾ ਤੋੜ ਵੀ ਹੋਵੇਗਾ!

ਅੱਜ ਨਸ਼ਿਆਂ ਦੀ ਸਮੱਸਿਆ ਦਿਓ ਰੂਪ ਵਿਚ ਸਾਡੇ ਸਾਹਮਣੇ ਹੈ, ਇਹ ਵੱਡੀ ਗੁੰਝਲਦਾਰ ਸਮੱਸਿਆ ਬਣ ਗਈ ਹੈ। ਇਹ ਸਮੱਸਿਆ ਸਿਰਫ਼ ਨਸ਼ੇ ਅਤੇ ਨਸ਼ਈ ਤਕ ਸੀਮਤ ਨਹੀਂ, ਇਹ ਪਰਿਵਾਰ, ਸਮਾਜ ਅਤੇ ਦੇਸ਼ ਨੂੰ ਆਪਣੇ ਕਲਾਵੇ ਵਿਚ ਲੈ ਰਹੀ ਹੈ। ਇਸ ਸਮੱਸਿਆ ਦੇ ਤਾਰ ਹੁਣ ਕੌਮਾਂਤਰੀ ਪੱਧਰ ਤੱਕ ਪਹੁੰਚੇ ਹੋਏ ਹਨ। ਇਸ ਤੋਂ ਵੀ ਵੱਧ, ਸਮੈਕ ਅਤੇ ਹੈਰੋਇਨ ਵਰਗੇ ਗੈਰ-ਕਾਨੂੰਨੀ ਨਸ਼ਿਆਂ ਨਾਲ ਬਹੁਤ ਵੱਡੀ ਮਾਤਰਾ ਵਿਚ ਪੈਸੇ ਜੁੜੇ ਹੋਏ ਹਨ; ਨਤੀਜੇ ਵਜੋਂ ਦੇਸ਼ ਦੀ ਰਾਜਨੀਤੀ ਜਿਸ ਨੇ ਲੋਕ ਪੱਖੀ ਭੂਮਿਕਾ ਨਿਭਾਉਣੀ ਹੁੰਦੀ ਹੈ, ਖੁਦ ਇਸ ਧਨ ਦੇ ਚੁੰਗਲ ਵਿਚ ਫਸੀ ਨਜ਼ਰ ਆਉਂਦੀ ਹੈ। ਕਹਿਣ ਦਾ ਮਤਲਬ, ਸਰਕਾਰ ਤੋਂ ਅਸੀਂ ਸਮੱਸਿਆ ਦਾ ਹੱਲ ਚਾਹੁੰਦੇ ਹਾਂ, ਉਹ ਖੁਦ ਹੀ ਇਸ ਵਿਚ ਫਸੀ ਪਈ ਹੈ।

'ਚਿੱਟੇ ਖਿਲਾਫ ਕਾਲਾ ਦਿਨ', 'ਬੱਡੀ ਪ੍ਰੋਗਰਾਮ', 'ਉੱਦਮ ਪ੍ਰੋਗਰਾਮ' ਅਤੇ ਹੋਰ ਅਜਿਹੇ ਕਿੰਨੇ ਹੀ ਪ੍ਰੋਗਰਾਮ ਸਰਕਾਰਾਂ ਨੇ ਸਮੇਂ-ਸਮੇਂ ਸ਼ੁਰੂ ਕੀਤੇ ਪਰ ਇਨ੍ਹਾਂ ਪ੍ਰੋਗਰਾਮਾਂ ਦੇ ਬਾਵਜੂਦ ਸਮੱਸਿਆ ਜਿਉਂ ਦੀ ਤਿਉਂ ਹੈ ਸਗੋਂ ਹਰ ਨਵੇਂ ਪ੍ਰੋਗਰਾਮ ਤੋਂ ਬਾਅਦ ਸਮੱਸਿਆ ਵਿਚ ਵਾਧਾ ਹੀ ਦੇਖਣ ਨੂੰ ਮਿਲਦਾ ਹੈ। ਨਸ਼ਿਆਂ ਖਿਲਾਫ਼ ਪ੍ਰੋਗਰਾਮ ਤਹਿਤ ਨਸ਼ਿਆਂ ਬਾਰੇ ਸਮਝ ਤੋਂ ਆਪੇ ਅੰਦਾਜ਼ਾ ਲੱਗ ਸਕਦਾ ਹੈ ਕਿ ਸਾਡੀ ਸਮਝ ਕਿੰਨੀ ਪੇਤਲੀ ਹੈ। ਨਸ਼ਿਆਂ ਬਾਰੇ ਸਭ ਤੋਂ ਪ੍ਰਚੱਲਤ ਸਮਝ ਇਹ ਪ੍ਰਚਾਰਦੀ ਹੈ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਇਹਦੇ ਦੋ ਪਹਿਲੂਆਂ- ਮੰਗ ਤੇ ਸਪਲਾਈ 'ਤੇ ਕੰਮ ਕਰਨਾ ਚਾਹੀਦਾ ਹੈ; ਮਤਲਬ, ਨਸ਼ਿਆਂ ਦੀ ਮੰਗ ਘਟਾਉਣੀ ਚਾਹੀਦੀ ਹੈ, ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ। ਸੁਣਨ ਨੂੰ ਇਕ ਵਾਰੀ ਗੱਲ ਜਚਦੀ ਹੈ ਪਰ ਇਸ ਵਿਚ ਵੱਡਾ ਨੁਕਸ ਇਹ ਹੈ ਕਿ ਇਕ ਤਾਂ ਇਹ ਨਸ਼ਈ 'ਤੇ ਨਿਸ਼ਾਨਾ ਸੇਧਦੀ ਹੈ, ਦੂਜਾ ਨਸ਼ੇ ਵੇਚਣ ਵਾਲਿਆਂ 'ਤੇ। ਠੀਕ ਹੈ, ਇਹ ਦੋਵੇਂ ਧਿਰਾਂ ਹੀ ਇਸ ਵਿਚ ਕਾਰਜਸ਼ੀਲ ਹਨ ਤੇ ਦੋਹਾਂ ਦਾ ਗੂੜ੍ਹਾ ਸਬੰਧ ਹੈ ਪਰ ਦਿੱਕਤ ਕੀ ਹੈ? ਨਸ਼ੇ ਕਰਨ ਵਾਲੇ ਸ਼ਖ਼ਸ ਅਤੇ ਉਸ ਦੀ ਮਾਨਸਿਕਤਾ ਨੂੰ ਸਮਝੇ ਬਗੈਰ ਨਸ਼ੇ ਦੀ ਮੰਗ ਨੂੰ ਨਹੀਂ ਸਮਝਿਆ ਜਾ ਸਕਦਾ; ਨਾਲੇ ਨਸ਼ਾ

**ਸ਼ਿਆਮ ਸੁੰਦਰ ਦੀਪਤੀ**

ਵੇਚਣ ਵਾਲਾ ਹਰ ਦਮ ਨਸ਼ਾ ਵੇਚਣ ਲਈ ਤਿਆਰ ਰਹਿੰਦਾ ਹੈ, ਉਹ ਨਸ਼ੇ ਵੇਚਣ ਦੇ ਨਵੇਂ ਤੋਂ ਨਵੇਂ ਰਾਹ ਲੱਭਦਾ ਰਹਿੰਦਾ ਹੈ।

ਸਮੱਸਿਆ ਦਾ ਇਕ ਹੋਰ ਪੱਖ ਹੈ ਜੋ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ। ਇਹ ਸਮੱਸਿਆ ਸਮਾਜਿਕ ਹੈ ਅਤੇ ਇਸ ਦੀ ਜੜ੍ਹ ਪਰਿਵਾਰ ਵਿਚੋਂ ਲੱਭੀ ਜਾ ਸਕਦੀ ਹੈ। ਨਸ਼ਾ ਸ਼ੁਰੂ ਕਰਨ ਤੋਂ ਲੈ ਕੇ ਨਸ਼ਾ ਛੱਡਣ ਤੱਕ ਪਰਿਵਾਰ ਦੀ ਬਹੁਤ ਵੱਡੀ ਭੂਮਿਕਾ ਹੈ। ਹੁਣ ਨਸ਼ੇ ਨੂੰ ਆਮ ਸਰੀਰਕ ਬਿਮਾਰੀ ਵਾਂਗ ਲਿਆ ਜਾ ਰਿਹਾ। ਨਸ਼ਿਆਂ ਨੂੰ ਸਮਝਣ ਲਈ ਇਕ ਪੱਖ ਹੈ ਜਿਸ ਬਾਰੇ ਸਾਰੇ ਮਾਹਿਰ ਆਪਣਾ ਪੱਖ ਪੇਸ਼ ਨਹੀਂ ਕਰ ਰਹੇ ਕਿ ਇਹ ਸਮੱਸਿਆ ਤਿੰਨ ਧਿਰੀ ਹੈ। ਨਸ਼ੇ, ਨਸ਼ੇ ਕਰਨ ਦਾ ਮਾਹੌਲ ਅਤੇ ਨਸ਼ੇ ਕਰਨ ਵਾਲਾ ਬੰਦਾ। ਨਸ਼ੇ ਅਤੇ ਮਾਹੌਲ ਤੇ ਉਸ ਮਾਹੌਲ ਨੂੰ ਝੱਲਦਾ ਹੋਇਆ ਨਸ਼ਈ। ਇਨ੍ਹਾਂ ਤਿੰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅਸੀਂ ਨਸ਼ੇ ਦੀ ਜਦੋਂ ਵੀ ਗੱਲ ਕਰਦੇ ਹਾਂ ਤਾਂ ਸਭ ਦਾ ਨਿਸ਼ਾਨਾ ਨਸ਼ਈ ਹੁੰਦਾ ਹੈ। ਪਰਿਵਾਰ ਵਿਚ ਨਸ਼ਈ ਨੂੰ ਘਰ ਦੀ ਬਰਬਾਦੀ ਦਾ ਜ਼ਿੰਮੇਵਾਰ ਕਿਹਾ ਜਾਂਦਾ ਹੈ। ਦੇਸ਼ ਦੀ ਮੰਦੀ ਹਾਲਤ ਦਾ ਜ਼ਿੰਮੇਵਾਰ ਨਸ਼ਈ ਨੂੰ ਕਿਹਾ ਜਾਂਦਾ ਹੈ। ਨਸ਼ਿਆਂ ਬਾਰੇ ਇਸ ਸਮਝ ਵਿਚ ਜੋ ਸਭ ਤੋਂ ਵੱਡੀ ਭੁੱਲ ਹੋਈ ਜਾਂ ਹੋ ਰਹੀ ਹੈ, ਉਹ ਹੈ ਕਿ ਅਸੀਂ ਨਸ਼ਾ ਕਰਨ ਵਾਲੇ ਦੀ ਮਾਨਸਿਕਤਾ ਨੂੰ ਨਹੀਂ ਸਮਝਿਆ। ਉਹ ਨਸ਼ਾ ਕਰਦੇ ਕਿਉਂ ਹਨ? ਨਸ਼ੇ ਉਸ ਲਈ ਖਿੱਚ ਦਾ ਕੇਂਦਰ ਕਿਉਂ ਹਨ?

ਨਸ਼ਾ ਕਰਨ ਵਾਲੇ ਦੀ ਉਮਰ ਜੋ ਸਭ ਤੋਂ ਵੱਧ ਦੁਨੀਆ ਭਰ ਵਿਚ ਸਾਹਮਣੇ ਆਈ ਹੈ, ਉਹ 19 ਤੋਂ 35 ਸਾਲ ਹੈ। ਇਹ ਉਮਰ ਕਿਸੇ ਵੀ ਦੇਸ਼ ਲਈ ਸਭ ਤੋਂ ਕਮਾਊ ਉਮਰ ਹੈ। ਉਨ੍ਹਾਂ ਅੰਦਰ ਕੰਮ ਕਰਨ ਦੀ ਕਾਬਲੀਅਤ ਵੀ ਹੁੰਦੀ ਹੈ ਅਤੇ ਸਮਰੱਥਾ ਵੀ। ਇਹੀ ਉਮਰ ਹੈ ਜੋ ਕ੍ਰਾਂਤੀਕਾਰੀ ਕੰਮਾਂ ਵਿਚ ਹਿੱਸਾ ਵੀ ਲੈਂਦੀ ਹੈ ਅਤੇ ਹੁੱਲੜਬਾਜ਼ਾਂ ਦੀ ਭੀੜ ਦਾ ਹਿੱਸਾ ਵੀ ਬਣਦੀ ਹੈ। ਇਹੀ ਉਮਰ ਹੈ ਜੋ ਹੋਸ਼ ਤੇ ਜੋਸ਼ ਦੇ ਗੇੜ ਵਿਚ ਪ੍ਰਚਾਰੀ, ਉਭਾਰੀ ਵੀ ਜਾਂਦੀ ਹੈ। ਜ਼ਿਆਦਾਤਰ ਇਸ ਉਮਰ ਨੂੰ ਹੋਸ਼ ਵੀ ਰਹਿੰਦੀ ਹੈ ਕਿਉਂਕਿ ਵਿਗਿਆਨ ਦੇ ਅਜੂਬੇ ਜਾਂ ਹੋਰ ਕਿਸੇ ਖੇਤਰ ਵਿਚ ਅੱਵਲ ਦਰਜੇ ਦੀਆਂ ਪ੍ਰਾਪਤੀਆਂ ਵੀ ਇਸ ਉਮਰ ਨੇ ਹੀ ਕੀਤੀਆਂ ਹਨ। ਇਹ ਤਾਂ ਨੌਜਵਾਨਾਂ ਨੂੰ ਨਜਿੱਠਣ ਅਤੇ ਉਨ੍ਹਾਂ ਨੂੰ ਵਰਤਣ ਵਾਲੇ ਵੱਧ ਦੱਸ ਸਕਦੇ ਹਨ।

ਜਿਥੋਂ ਤਕ ਸਮਾਜ ਵਿਚ ਰਹਿਣ ਦਾ ਸਵਾਲ ਹੈ, ਇਹ ਵੀ ਖੋਜ ਦਾ ਨਤੀਜਾ ਹੈ ਕਿ ਸਾਰੇ ਲੋਕ ਮਿਲ ਕੇ ਇਕ ਦੂਜੇ ਦੀ ਮਦਦ ਕਰ ਕੇ, ਪਿਆਰ ਨਾਲ ਰਹਿਣਾ ਚਾਹੁੰਦੇ ਹਨ। ਮਨੁੱਖੀ ਲੋੜਾਂ ਬਾਰੇ ਵੀ ਯੂਐੱਨਓ ਦੀਆਂ ਕਈ ਕਮੇਟੀਆਂ ਨੇ ਖੋਜ ਕੀਤੀ ਹੈ, ਖਾਸ ਕਰ ਕੇ ਪਰਿਵਾਰਕ ਪਾਲਣ-ਪੋਸ਼ਣ ਬਾਰੇ। ਇਕ ਪਾਸੇ ਮਾਪਿਆਂ ਦਾ ਕਿਰਦਾਰ ਆਪਸ ਵਿਚ ਮਿਲ ਕੇ ਰਹਿਣ ਦਾ ਹੋਵੇ; ਦੂਜੇ ਪਾਸੇ ਨੌਜਵਾਨਾਂ ਦੀ ਮਾਨਸਿਕਤਾ ਵਿਚ ਪਏ ਪਿਆਰ, ਪੁੱਛ, ਪ੍ਰਵਾਨਗੀ ਤੇ ਪਛਾਣ ਨੂੰ ਸਮਝਣ ਵਾਲੇ ਮਾਪੇ ਹੋਣ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਪਰਿਵਾਰ ਦੇ ਪੱਧਰ 'ਤੇ ਹੀ ਹੱਲ ਕੀਤਾ ਜਾ ਸਕਦਾ ਹੈ।

ਨਸ਼ਿਆਂ ਦੇ ਇਸ ਮਾਹੌਲ ਵਿੱਚ, ਜੋ ਦੇਸ਼ ਵਿਚ ਸਿਆਸਤਦਾਨਾਂ ਦੀ ਲੋੜ ਬਣ ਗਿਆ ਹੈ, ਦੁਨੀਆ ਭਰ ਵਿੱਚ ਵੋਟਾਂ ਦੀ ਰਾਜਨੀਤੀ, ਨਸ਼ਿਆਂ ਅਤੇ ਨਸ਼ਿਆਂ ਤੋਂ ਕਮਾਏ ਕਾਲੇ ਧਨ ਦੇ ਹੱਥ ਆ ਗਈ ਹੈ। ਇਉਂ ਅਸੀਂ ਸਮਝ ਸਕਦੇ ਹਾਂ ਕਿ ਦੁਨੀਆ ਦੀ ਰਾਜਨੀਤੀ ਕਿਸ ਦਿਸ਼ਾ ਵੱਲ ਤੁਰ ਪਈ ਹੈ। ਸਰਕਾਰਾਂ ਖੁਦ ਨਸ਼ੇ ਵੰਡ, ਵੇਚ ਰਹੀਆਂ ਹਨ ਅਤੇ ਲੋਕ ਇੰਨੇ ਨਾਸਮਝ ਹਨ ਕਿ ਸਰਕਾਰਾਂ ਕੋਲ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਮੰਗ ਲੈ ਕੇ ਜਾਂਦੇ ਹਨ। ਸਰਕਾਰਾਂ ਵੀ ਇਸ ਮੰਗ ਨੂੰ ਖੁਸ਼ੀ-ਖੁਸ਼ੀ ਕਬੂਲ ਕਰ ਲੈਂਦੀਆਂ ਹਨ ਤੇ ਇਲਾਕੇ ਵਿਚ ਨਸ਼ਾ ਛੁਡਾਊ ਕੇਂਦਰ ਦਾ ਉਦਘਾਟਨ ਕਰ ਕੇ ਲੋਕਾਂ ਨੂੰ ਤੋਹਫ਼ਾ ਦੇ ਕੇ ਨਵਾਜਦੀਆਂ ਹਨ। ਗੱਲ ਸ਼ੁਰੂ ਕੀਤੀ ਸੀ ਤਬਾਹੀ ਦੀ, ਉਸ ਬੰਬ ਦੀ ਅਤੇ ਯੂਐੱਨਓ ਦੀ ਸਥਾਪਨਾ ਦੀ ਤੇ ਟੀਚਾ ਸੀ ਦੁਨੀਆ ਮਿਲਜੁਲ ਕੇ ਪਰਿਵਾਰ ਬਣ ਕੇ ਰਹੇ ਪਰ ਅਜਿਹਾ ਹੋਇਆ ਨਹੀਂ ਤੇ ਸਹੀ ਮਾਇਨਿਆਂ ਵਿਚ ਕਹੀਏ, ਅਮਲ ਦੀ ਭਾਲ ਵਿਚ ਸਾਰੀ ਦੁਨੀਆ ਨੂੰ ਹੀ ਜੰਗ ਦੇ ਮੈਦਾਨ ਵਿਚ ਧੱਕਿਆ ਜਾ ਰਿਹਾ ਹੈ।

ਜਿਸ ਤਰ੍ਹਾਂ ਦਾ ਮਾਹੌਲ ਅੱਜ ਦੁਨੀਆ ਵਿਚ ਬਣ ਗਿਆ ਹੈ ਜਾਂ ਬਣਾਇਆ ਜਾ ਰਿਹਾ ਹੈ, ਉਹ ਸਰਮਾਏਦਾਰੀ ਕਰ ਕੇ ਹੈ, ਜਿਸ ਦੇ ਹਵਾਲੇ ਦੁਨੀਆ ਨੂੰ ਕੀਤਾ ਹੋਇਆ ਹੈ, ਫਿਰ ਅਸੀਂ ਅਮਨ ਦੀ ਆਸ ਨਹੀਂ ਕਰ ਸਕਦੇ। ਦੁਨੀਆ ਦੇ ਸਭ ਤੋਂ ਵੱਧ ਮੁਨਾਫਾ ਕਮਾਉਣ ਵਾਲਿਆਂ ਦੇ ਦੋ ਹੀ ਧੰਦੇ ਹਨ- ਇਕ ਹਥਿਆਰਾਂ ਦਾ ਅਤੇ ਦੂਜਾ ਦਵਾਈਆਂ ਦਾ, ਤੇ ਨਸ਼ੇ ਵੀ ਹਥਿਆਰ ਵਜੋਂ ਇਸਤੇਮਾਲ ਹੋ ਰਹੇ ਹਨ। ਬਾਰਡਰ ਅਸੀਂ ਬਣਾਏ ਜ਼ਰੂਰ ਹਨ ਪਰ ਨਾਲ ਹੀ ਡਰੋਨ ਵਰਗੀਆਂ ਮਸ਼ੀਨਾਂ ਵੀ ਅਸੀਂ ਹੀ ਬਣਾਈਆਂ ਹਨ। ਕਹਿਣ ਨੂੰ ਭਾਵੇਂ ਸਭ ਦੇ ਪਿੱਛੇ ਵਿਗਿਆਨ ਹੈ ਪਰ ਵਿਗਿਆਨ ਵੀ ਸਰਮਾਏਦਾਰਾਂ ਦੇ ਹੱਥ ਹੈ ਅਤੇ ਸਰਮਾਏਦਾਰੀ ਦਾ ਇਕੋ ਹੀ ਨਿਸ਼ਾਨਾ ਹੈ- ਮੁਨਾਫ਼ਾ। ਇਸ ਦਾ ਇਕੋ ਹੀ ਸੁਭਾਅ ਹੈ- ਲਾਲਚ, ਤੇ ਲਾਲਚ ਲਈ ਦੁਨੀਆ ਦੇ ਹਰ ਕੋਨੇ ਤੱਕ ਆਪਣੇ ਸੰਦ ਜਾਂ ਹਥਿਆਰ ਪਹੁੰਚਾਉਣਾ, ਭਾਵੇਂ ਉਹ ਕਿਸੇ ਨੂੰ ਕਿੰਨਾ ਮਰਜ਼ੀ ਨੁਕਸਾਨ ਪਹੁੰਚਾਉਣ, ਭਾਵੇਂ ਇਹ ਦੁਨੀਆ ਹੀ ਤਬਾਹ ਹੋ ਜਾਵੇ।





# ਸੈਲਾਨੀਆਂ ਲਈ ਸੈਰ ਸਪਾਟੇ ਦੀ ਪਹਿਲੀ ਪਸੰਦ ਬਣਿਆ 'ਪੁਲਾੜ'



ਲੰਮੇ ਸਮੇਂ ਤੋਂ ਸੈਲਾਨੀ ਸੈਰ ਸਪਾਟੇ ਲਈ ਦੁਨੀਆ ਦੇ ਵੱਖ-ਵੱਖ ਸ਼ਹਿਰਾਂ ਜਿਵੇਂ ਪੈਰਿਸ, ਲੰਡਨ, ਸਿਡਨੀ, ਹਾਂਗਕਾਂਗ, ਸਿੰਗਾਪੁਰ, ਦੁਬਈ ਅਤੇ ਬੈਂਕਾਕ ਆਦਿ ਥਾਵਾਂ 'ਤੇ ਜਾਂਦੇ ਰਹੇ ਹਨ। ਇਸੇ ਤਰ੍ਹਾਂ ਦੇਸ਼ ਦੇ ਅੰਦਰ ਵੀ ਲੋਕਾਂ ਲਈ ਸ੍ਰੀਨਗਰ, ਜੈਪੁਰ, ਗੋਆ ਅਤੇ ਬੈਂਗਲੌਰ ਆਦਿ ਸ਼ਹਿਰ ਖਿੱਚ ਦਾ ਕੇਂਦਰ ਬਣਦੇ ਰਹੇ ਹਨ। ਪਰ ਸਮਾਂ ਬਦਲਣ ਦੇ ਨਾਲ ਲੋਕਾਂ ਲਈ ਸੈਰ ਸਪਾਟੇ ਦੇ ਕੇਂਦਰ ਵੀ ਬਦਲਣੇ ਸ਼ੁਰੂ ਹੋ ਗਏ ਹਨ। ਅਜੋਕੇ ਸਮੇਂ ਵਿਚ ਲੋਕ ਆਪਣੀ ਵਿੱਤੀ ਸਮਰੱਥਾ ਅਨੁਸਾਰ ਪੁਲਾੜ ਨੂੰ ਵੀ ਆਪਣੇ ਸੈਰ ਸਪਾਟੇ ਲਈ ਪਸੰਦ ਕਰਨ ਲੱਗ ਪਏ ਹਨ। ਲੋਕਾਂ ਦੀ ਬਦਲੀ ਪਸੰਦ ਨੂੰ ਵੇਖ ਕੇ ਹੀ ਪੁਲਾੜ ਖੇਤਰ ਦੀਆਂ ਕੰਪਨੀਆਂ ਨੇ ਛੋਟੇ-ਛੋਟੇ ਪੁਲਾੜਯਾਨ ਤਿਆਰ ਕਰਨੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਕੰਪਨੀਆਂ ਦਾ ਮਕਸਦ ਲੋਕਾਂ ਨੂੰ ਸੈਰ ਸਪਾਟੇ ਲਈ ਪੁਲਾੜ ਤੱਕ ਲੈ ਕੇ ਜਾਣਾ ਬਣ ਗਿਆ ਹੈ। ਇਸੇ ਦੀ ਹੀ ਇਕ ਕੜੀ ਬਣੀ ਹੈ ਦੁਨੀਆ ਦੇ ਚੋਟੀ ਦੇ ਵਪਾਰੀ ਜੈੱਫ਼ ਬਿਜੋਸ ਦੀ 'ਬਲੂ ਓਰਿੱਜਨ' ਨਾਂਅ ਦੀ ਕੰਪਨੀ। ਇਸ ਕੰਪਨੀ ਵਲੋਂ ਪਿਛਲੇ ਦਿਨੀਂ ਪੁਲਾੜ ਯਾਤਰਾ ਦੇ ਖੇਤਰ ਵਿਚ ਇਕ ਨਵਾਂ ਇਤਿਹਾਸ ਰਚ ਦਿੱਤਾ ਗਿਆ ਸੀ। ਕੰਪਨੀ ਨੇ ਆਪਣੇ 'ਨਿਊ ਸ਼ੈਫਰਡ' ਨਾਂਅ ਦੀ ਰਾਕੇਟ ਪ੍ਰਣਾਲੀ ਦੁਆਰਾ ਪਹਿਲੀ ਵਾਰ ਛੇ ਮਹਿਲਾ ਸੈਲਾਨੀਆਂ ਨੂੰ ਪੱਛਮੀ ਟੈਕਸਾਸ ਤੋਂ ਪੁਲਾੜ ਦੀ ਯਾਤਰਾ 'ਤੇ ਭਜਿਆ ਸੀ। ਇਸ ਉਡਾਨ ਦੀ ਖ਼ਾਸੀਅਤ ਹੀ ਇਹ ਰਹੀ ਸੀ ਕਿ ਇਸ ਵਿਚ ਸਾਰੀਆਂ ਦੀਆਂ ਸਾਰੀਆਂ ਛੇ ਯਾਤਰੀ ਮਹਿਲਾਵਾਂ ਹੀ ਸਨ। ਇਸ ਪੁਲਾੜ ਯਾਤਰਾ ਨੂੰ ਸੈਰ ਸਪਾਟਾ ਖੇਤਰ ਲਈ ਇਕ ਮੀਲ ਪੱਥਰ ਅਤੇ ਮਹਿਲਾ ਵਰਗ ਦੇ ਵਿਕਾਸ ਦੀ ਕਹਾਣੀ ਲਿਖਣ ਵਿਚ ਇਕ ਵੱਡੀ ਪੁਲਾਂਘ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਰੂਸ ਦੀ ਵੈਲਨਟੀਨਾ ਟੈਰਸ਼ਕੋਵਾ ਨਾਂਅ ਦੀ ਮਹਿਲਾ ਵਿਗਿਆਨੀ ਨੂੰ ਪਹਿਲੀ ਮਹਿਲਾ ਪੁਲਾੜ ਯਾਤਰੀ ਬਣਨ ਦਾ ਮਾਣ ਹਾਸਿਲ ਹੋਇਆ ਸੀ। ਉਸ ਨੇ 16 ਜੂਨ, 1963 ਨੂੰ ਪਹਿਲੀ ਵਾਰ ਇੱਕਲਿਆਂ ਹੀ 'ਵਾਸਟਾਕ ?6' ਨਾਂਅ ਦੇ ਮਿਸ਼ਨ ਤਹਿਤ ਪੁਲਾੜ ਯਾਤਰਾ ਕਰਕੇ ਸਭ ਤੋਂ ਛੋਟੀ ਉਮਰ ਦੀ ਮਹਿਲਾ ਪੁਲਾੜ ਯਾਤਰੀ ਹੋਣ ਦਾ ਰਿਕਾਰਡ ਕਾਇਮ ਕੀਤਾ ਸੀ। ਉਸ ਦਾ ਕਿਸੇ ਇੱਕਲੀ ਮਹਿਲਾ ਦੇ ਤੌਰ 'ਤੇ ਪੁਲਾੜ ਯਾਤਰਾ ਕਰਨ ਦਾ ਰਿਕਾਰਡ ਹਾਲੇ ਵੀ ਕਾਇਮ ਹੈ। ਅੱਜ 62 ਸਾਲ ਬਾਅਦ ਵੀ ਸਭ ਤੋਂ ਘੱਟ ਉਮਰ ਦੀ ਮਹਿਲਾ ਪੁਲਾੜ ਯਾਤਰੀ ਹੋਣ ਦਾ

**ਅਸ਼ਵਨੀ ਚਤਰਥ**

ਸਿਹਰਾ ਵੀ ਉਸ ਦੇ ਸਿਰ ਉੱਤੇ ਹੀ ਬੱਝਾ ਹੋਇਆ ਹੈ। ਉਸ ਦਾ ਇਹ ਮਿਸ਼ਨ 71 ਘੰਟੇ ਅਤੇ 12 ਮਿੰਟਾਂ ਲਈ ਪੁਲਾੜ ਵਿਚ ਰਿਹਾ ਸੀ।

ਜ਼ਿਕਰਯੋਗ ਹੈ ਕਿ ਬਲੂ ਓਰਿੱਜਨ ਦੀ ਨਿਊ ਸ਼ੈਫਰਡ ਰਾਕੇਟ ਪ੍ਰਣਾਲੀ ਨੇ 14 ਅਪ੍ਰੈਲ, 2025 ਨੂੰ ਟੈਕਸਸ ਨੇੜੇ 'ਕਾਰਨ ਰਾਂਚ' ਨਾਂਅ ਦੇ ਲਾਂਚ ਸਾਈਟ ਤੋਂ ਉਡਾਨ ਭਰੀ ਸੀ। ਇਸ ਉਡਾਨ ਵਿਚ ਸੈਰ ਸਪਾਟੇ ਲਈ ਗਈਆਂ ਅਮਰੀਕਾਂ ਦੀਆਂ ਉੱਘੀਆਂ ਛੇ ਮਹਿਲਾ ਹਸਤੀਆਂ ਸਨ ਅਮਰੀਕਾ ਦੀ ਮਸ਼ਹੂਰ ਗਾਇਕਾ ਕੈਟੀ ਪੇਰੀ, ਅਮਰੀਕੀ ਟੈਲੀਵਿਜ਼ਨ ਦੀ ਮਸ਼ਹੂਰ ਹਸਤੀ ਗੇਲ ਕਿੰਗ, 2009 ਦੀ ਸ਼ਾਂਤੀ ਨੋਬਲ ਪੁਰਸਕਾਰ ਜਿੱਤਣ ਵਾਲੀ ਅਮਾਂਡਾ ਨੁਏਨ, ਆਈਸ਼ਾ ਬੋਵੇ, ਫ਼ਿਲਮ ਨਿਰਮਾਤਾ ਕੇਰੀਆਨ ਫਲਿਨ ਅਤੇ ਉੱਘੇ ਉਦਯੋਗਪਤੀ ਜੈੱਫ਼ ਬਿਜੋਸ ਦੀ ਮੰਗੇਤਰ ਲਾਰੇਨ ਸਾਂਚੇਜ਼। ਦੱਸਣਾ ਬਣਦਾ ਹੈ ਕਿ ਇਨ੍ਹਾਂ ਛੇ ਪੁਲਾੜ ਯਾਤਰੀਆਂ ਦੀ ਇਹ ਪਹਿਲੀ ਪੁਲਾੜ ਯਾਤਰਾ ਸੀ ਅਤੇ ਇਨ੍ਹਾਂ ਵਿਚੋਂ ਆਈਸ਼ਾ ਬੋਵੇ ਹੀ ਇਕ ਪੁਲਾੜ ਵਿਗਿਆਨ ਦੀ ਇੰਜੀਨੀਅਰ ਹੈ ਅਤੇ ਬਾਕੀ ਸਾਰੀਆਂ ਦਾ ਇਸ ਖੇਤਰ ਨਾਲ ਕੋਈ ਵੀ ਵਾਹ-ਵਾਸਤਾ ਨਹੀਂ ਹੈ। ਇਨ੍ਹਾਂ ਨੇ ਗੂੜ੍ਹੇ ਨੀਲੇ ਰੰਗ ਦੇ ਗ਼ੈਰ-ਜਲਣਸ਼ੀਲ ਕੱਪੜੇ ਦੇ ਬਣੇ ਹੋਏ ਸੂਟ ਪਾਏ ਹੋਏ ਸਨ। ਨਿਊ ਸ਼ੈਫਰਡ ਦਾ ਐੱਨ.ਐੱਸ.-31 ਨਾਂਅ ਦਾ ਇਹ ਮਿਸ਼ਨ ਕਰੀਬ 11 ਮਿੰਟਾਂ ਲਈ ਜ਼ਮੀਨ ਤੋਂ 100 ਕਿਲੋਮੀਟਰ ਦੀ ਉੱਚਾਈ 'ਤੇ ਰਿਹਾ ਸੀ। ਉਡਾਨ ਭਰਨ ਤੋਂ ਤਿੰਨ ਮਿੰਟ ਬਾਅਦ ਰਾਕੇਟ ਕੈਪਸਿਊਲ ਤੋਂ ਵੱਖਰਾ ਹੋ ਗਿਆ ਸੀ, ਜਿਸ ਤੋਂ ਬਾਅਦ ਸੈਲਾਨੀਆਂ ਨੂੰ ਭਾਰਹੀਣਤਾ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ। ਭਾਰਹੀਣਤਾ ਅਜਿਹੀ ਸਥਿਤੀ ਹੁੰਦੀ ਹੈ, ਜਿਸ ਵਿਚ ਕੋਈ ਵੀ ਜ਼ਮੀਨੀ ਤਾਕਤ ਸਾਡੇ ਸਰੀਰ ਨੂੰ ਆਪਣੇ ਵੱਲ ਨਹੀਂ ਖਿੱਚ ਰਹੀ ਹੁੰਦੀ ਅਤੇ ਵਿਅਕਤੀ ਹਵਾ ਵਿਚ ਕੱਟੀ ਹੋਈ ਪਤੰਗ ਦੀ ਤਰ੍ਹਾਂ ਉੱਡ ਰਿਹਾ ਹੁੰਦਾ ਹੈ। ਜ਼ਿਕਰਯੋਗ ਹੈ ਕਿ ਇਸ ਮਿਸ਼ਨ ਵਿਚ ਕੋਈ ਪਾਇਲਟ ਨਹੀਂ ਸੀ ਅਤੇ ਇਹ ਪੂਰੀ ਤਰ੍ਹਾਂ ਸਵੈ ਚੱਲਣ ਵਾਲਾ ਪੁਲਾੜਯਾਨ ਸੀ। ਇਸ ਮਿਸ਼ਨ ਦੀ ਖ਼ਾਸ ਗੱਲ ਇਹ ਰਹੀ ਕਿ ਇਸ ਪੂਰੇ ਮਿਸ਼ਨ ਦੌਰਾਨ ਰਾਕੇਟ ਦੀ ਯਾਤਰਾ ਨੂੰ ਵੱਖ-ਵੱਖ ਚੈਨਲਾਂ ਉੱਤੇ ਪ੍ਰਸਾਰਤ ਕੀਤਾ ਗਿਆ ਸੀ ਅਤੇ ਦੁਨੀਆ ਭਰ ਦੇ ਲੋਕਾਂ ਨੇ ਇਸ ਨੂੰ ਬੜੇ ਹੀ ਚਾਅ ਨਾਲ ਵੇਖਿਆ ਸੀ- ਇਸ ਨੂੰ ਉਡਾਨ ਭਰਦਿਆਂ ਹੋਇਆਂ ਅਤੇ ਉੱਤਰਦਿਆਂ ਹੋਇਆਂ ਲੋਕਾਂ ਦੀ ਵੱਡੀ ਭੀੜ ਨੇ ਆਪਣੀਆਂ ਅੱਖਾਂ ਨਾਲ ਪ੍ਰਤੱਖ ਤੌਰ 'ਤੇ ਵੇਖਿਆ ਸੀ। ਰਾਕੇਟ ਨੂੰ ਪੈਰਾਸ਼ੂਟਾਂ ਦੀ ਮਦਦ ਨਾਲ ਜ਼ਮੀਨ ਉੱਤੇ ਉਤਾਰਿਆ ਗਿਆ ਸੀ। ਮਹਿਲਾ ਸੈਲਾਨੀਆਂ ਵਲੋਂ ਪੁਲਾੜ ਯਾਤਰਾ ਦੌਰਾਨ ਭਾਰਹੀਣਤਾ ਨੂੰ ਮਹਿਸੂਸ ਕਰਨਾ ਆਪਣੇ ਆਪ ਵਿਚ ਇਕ ਵਿਲਖੱਣ ਤਜਰਬਾ ਸੀ। ਇਸ ਪੁਲਾੜਯਾਨ ਨੇ ਧਰਤੀ ਤੋਂ ਕਰੀਬ 100 ਕਿਲੋਮੀਟਰ ਉੱਚੇ 'ਕਰਮਨ ਲਾਈਨ' ਨਾਂਅ ਦੇ ਦਾਇਰੇ ਵਿਚ ਚੱਕਰ ਲਾਏ ਸਨ। ਇਸ ਉਚਾਈ 'ਤੇ ਪਹੁੰਚ ਕੇ ਯਾਤਰੀਆਂ ਨੂੰ ਆਪਣੀਆਂ ਸੀਟਾਂ ਦੀਆਂ ਬੈਲਟਾਂ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਕੁਝ ਮਿੰਟਾਂ ਲਈ ਕੈਪਸਿਊਲ ਦੀਆਂ ਖਿੜਕੀਆਂ ਵਿਚੋਂ ਬਾਹਰਲੇ ਖਲਾਅ ਦਾ ਅਨੰਦ ਲੈਣ ਲਈ ਸਮਾਂ ਦਿੱਤਾ ਗਿਆ ਸੀ। ਮਹਿਲਾ ਯਾਤਰੀਆਂ ਨੇ ਖਲਾਅ ਤੋਂ ਧਰਤੀ ਨੂੰ ਨੀਲੇ ਗੋਲੇ ਦੀ ਤਰ੍ਹਾਂ ਵੇਖਿਆ ਸੀ, ਕਿਉਂਕਿ ਉਨ੍ਹਾਂ ਦਾ ਧਰਤੀ ਦੇ ਕੰਟਰੋਲ ਕੇਂਦਰ ਨਾਲ ਸਿੱਧਾ ਰਾਬਤਾ ਬਣਿਆ ਹੋਇਆ ਸੀ, ਇਸ ਲਈ ਉਨ੍ਹਾਂ ਦੀਆਂ ਖਲਾਅ ਦੇ ਨਜ਼ਾਰੇ ਲੈਂਦਿਆਂ ਦੀਆਂ ਆਵਾਜ਼ਾਂ ਧਰਤੀ ਉੱਤੇ ਬਣੇ ਕੰਟਰੋਲ ਕੇਂਦਰ ਵਿਚ ਰਿਕਾਰਡ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਕੈਪਸਿਊਲ ਨੇ ਧਰਤੀ 'ਤੇ ਵਾਪਸ ਪਰਤਣ ਦੀ ਤਿਆਰੀ ਕੀਤੀ ਸੀ। ਵਾਪਸੀ ਦੌਰਾਨ ਸਾਰੀਆਂ ਮਹਿਲਾ ਸੈਲਾਨੀਆਂ ਦੀਆਂ ਖੁਸ਼ੀ ਨਾਲ ਚੀਕਾਂ ਮਾਰਨ ਦੀਆਂ ਆਵਾਜ਼ਾਂ ਵੀ ਸੁਣੀਆਂ ਗਈਆਂ ਸਨ। ਇਸ ਦੇ ਦੋ ਮਿੰਟਾਂ ਬਾਅਦ ਤਿੰਨ ਪੈਰਾਸ਼ੂਟਾਂ ਦੀ ਮਦਦ ਨਾਲ ਕੈਪਸਿਊਲ ਦੀ ਸਾਫਟ ਲੈਂਡਿਗ ਕਰਵਾਈ ਗਈ ਸੀ।

**ਪੁਲਾੜਯਾਨ ਨਿਊ ਸ਼ੈਫਰਡ:** ਪੁਲਾੜਯਾਨ ਰਾਕੇਟ ਅਤੇ ਕੈਪਸਿਊਲ ਦੋ ਹਿੱਸਿਆਂ ਦਾ ਬਣਿਆ ਹੋਇਆ ਹੈ। ਰਾਕੇਟ ਦਾ ਕੰਮ ਕੈਪਸਿਊਲ ਨੂੰ ਖ਼ਲਾਅ ਵਿਚ ਪਹੁੰਚਾਉਣਾ ਹੈ। ਨਿਊ ਸ਼ੈਫਰਡ ਪੁਲਾੜਯਾਨ ਇਕ ਵਾਰ-ਵਾਰ ਵਰਤਿਆ ਜਾਣ ਵਾਲਾ ਪੁਲਾੜਯਾਨ ਹੈ, ਜਿਸ ਨੂੰ ਜ਼ਮੀਨ ਉੱਤੇ ਖੜ੍ਹੇ ਦਾਅ ਸਿੱਧੇ ਹੀ ਲਾਂਚ ਕੀਤਾ ਜਾ ਸਕਦਾ ਹੈ ਅਤੇ ਸਿੱਧੇ ਹੀ ਉਤਾਰਿਆ ਵੀ ਜਾ ਸਕਦਾ ਹੈ। ਬਲੂ ਓਰਿੱਜਨ ਨੇ 2021 ਵਿਚ ਸੈਲਾਨੀਆਂ ਲਈ ਪੁਲਾੜ ਯਾਤਰਾ ਦੀ ਸੇਵਾ ਆਰੰਭ ਕੀਤੀ ਸੀ ਅਤੇ ਹੁਣ ਤੱਕ ਇਹ 58 ਯਾਤਰੀਆਂ ਨੂੰ ਪੁਲਾੜ ਦੀ ਸੈਰ ਕਰਾ ਚੁੱਕਾ ਹੈ। ਇਸ ਕੰਪਨੀ ਦਾ ਮਾਲਕ ਜੈੱਫ਼ ਬਿਜੋਸ ਵੀ ਇਸ ਪੁਲਾੜ ਯਾਨ ਵਿਚ ਜੁਲਾਈ, 2021 ਵਿਚ ਸਫਰ ਕਰ ਚੁੱਕਾ ਹੈ। ਨਿਊ ਸ਼ੈਫਰਡ ਪੁਲਾੜ ਯਾਨ ਵਿਚ ਸੈਰ ਸਪਾਟੇ ਲਈ ਗਈਆਂ ਨਾਮਵਰ ਹਸਤੀਆਂ ਦੀਆਂ ਵੀਡੀਓ ਵੀ ਵੱਖ-ਵੱਖ ਚੈਨਲਾਂ ਉੱਤੇ ਵਾਇਰਲ ਹੋਈਆਂ ਸਨ। ਵੀਡੀਓ ਵਿਚ ਉਕਤ ਮਹਿਲਾਵਾਂ ਪੁਲਾੜੀ ਸੈਰ ਦਾ ਅਨੰਦ ਲੈਂਦੀਆਂ ਵੇਖੀਆਂ ਗਈਆਂ ਸਨ। ਪੁਲਾੜਯਾਨ ਵਿਚ ਗੁਰਤਾ ਖਿੱਚ ਦੀ ਕਮੀ ਕਰਕੇ ਉਕਤ ਮਹਿਲਾਵਾਂ ਭਾਰਹੀਣਤਾ ਦਾ ਅਨੁਭਵ ਕਰ ਰਹੀਆਂ ਸਨ। ਉਨ੍ਹਾਂ ਦੇ ਸਿਰ ਦੇ ਵਾਲ ਹਵਾ ਵਿਚ ਲਹਿਰਾਉਂਦੇ ਹੋਏ ਵੇਖੇ ਗਏ ਸਨ।

# ਜਲ੍ਹਿਆਂਵਾਲਾ ਬਾ.ਗ ਦੀ ਅਕੱਥ ਕਹਾਣੀ-ਕੇਸਰੀ ਚੈਪਟਰ-2



ਕੇਸਰੀ ਚੈਪਟਰ-ਦੋ ਜਲ੍ਹਿਆਂਵਾਲੇ ਬਾ.ਗ ਨਾਲ ਸੰਬੰਧਿਤ ਫ਼ਿਲਮ ਹੈ, ਜਿਸ ਦਾ ਪੰਜਾਬੀਆਂ ਅਤੇ ਭਾਰਤੀਆਂ ਨੂੰ ਅਜੇ ਤੱਕ ਬਹੁਤ ਇਲਮ ਨਹੀਂ ਹੈ। ਜਲ੍ਹਿਆਂਵਾਲੇ ਬਾ.ਗ ਦੇ ਸਾਕੇ ਤੋਂ ਬਾਅਦ ਜਨਰਲ ਡਾਇਰ (ਸਾਈਮਨ ਪੈਸਲੇ ਡੇਅ) ਨੂੰ ਰੱਤੀ ਭਰ ਵੀ ਫਰਕ ਨਹੀਂ ਸੀ ਪਿਆ ਪਰ ਪੰਜਾਬੀਆਂ ਅਤੇ ਭਾਰਤੀਆਂ ਵਿਚ ਬਹੁਤ ਗੁੱਸਾ ਸੀ। ਉਸ ਗੁੱਸੇ ਨੂੰ ਸ਼ਾਂਤ ਕਰਨ ਲਈ ਵਾਇਸਰਾਏ ਨੇ ਇਕ ਕਾਰਜਕਾਰੀ ਪ੍ਰੀਸ਼ਦ ਬਣਾਈ, ਜਿਸ ਨੇ ਇਹ ਫ਼ੈਸਲਾ ਕਰਨਾ ਸੀ ਕਿ ਜਨਰਲ ਡਾਇਰ ਦੋਸ਼ੀ ਸੀ ਜਾਂ ਨਹੀਂ, ਪਰ ਇਸ ਵਿਚ ਕਿਸੇ ਇਕ ਭਾਰਤੀ ਮੈਂਬਰ ਨੂੰ ਲੈਣਾ ਜ਼ਰੂਰੀ ਸੀ। ਸੋ, ਇਸ ਲਈ ਸਰਕਾਰ ਦੇ ਚਹੇਤੇ ਮੈਂਬਰ ਦੱਖਣ ਦੇ ਜਸਟਿਸ ਸ਼ੰਕਰਨ ਨਾਇਰ (ਅਕਸ਼ੈ ਕੁਮਾਰ) ਨੂੰ ਚੁਣਿਆ ਜਾਂਦਾ ਹੈ, ਜਿਸ ਨੂੰ ਕਿ ਸਰਕਾਰ ਨੇ ਉਸ ਦਿਨ ਸਨਮਾਨ ਦਿੱਤਾ ਸੀ, ਜਿਸ ਦਿਨ ਜਲ੍ਹਿਆਂਵਾਲਾ ਬਾ.ਗ ਕਾਂਡ ਹੋਇਆ ਸੀ। ਉਂਝ ਜਸਟਿਸ ਸ਼ੰਕਰਨ ਨਾਇਰ ਦਾ ਜਲ੍ਹਿਆਂਵਾਲਾ ਬਾ.ਗ ਕਾਂਡ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਜਸਟਿਸ ਨੇ ਤਾਂ ਹੁਣੇ ਹੀ ਕਵੀ ਕ੍ਰਿਪਾਲ ਸਿੰਘ (ਜਯਪ੍ਰੀਤ ਸਿੰਘ) ਨੂੰ ਸਜ਼ਾ ਦੁਆਈ ਸੀ, ਜਿਸ ਦੇ ਸ਼ਾਗਿਰਦ ਖ਼ੁਦੀ ਬੋਸ ਨੇ ਬੰਬ ਚਲਾ ਦਿੱਤਾ ਸੀ। ਸ਼ੰਕਰਨ ਨਾਇਰ ਉਸ ਜਗ੍ਹਾ ਲੋਕਾਂ ਨੂੰ ਮਿਲਦਾ ਹੈ, ਤਾਂ ਉਸਨੂੰ ਪਤਾ ਲੱਗਦਾ ਹੈ ਕਿ ਸਰਕਾਰ ਜ਼ਖ਼ਮੀਆਂ ਦੇ ਵਾਰਿਸਾਂ ਨੂੰ 25 ਰੁਪਏ ਦੇ ਰਹੀ ਹੈ। ਉਸ ਲਈ ਉਨ੍ਹਾਂ ਨੂੰ ਸਰਟੀਫਿਕੇਟ ਉੱਤੇ ਦਸਤਖ਼ਤ ਕਰਨੇ ਹਨ, ਜਿਸ ਉੱਤੇ ਲਿਖਿਆ ਹੋਇਆ ਹੈ ਕਿ ਹੁਣ ਵਾਰਿਸਾਂ ਨੂੰ ਸਰਕਾਰ ਤੋਂ ਕੋਈ ਸ਼ਿਕਾਇਤ ਨਹੀਂ ਹੈ। ਜਲ੍ਹਿਆਂਵਾਲੇ ਬਾ.ਗ ਦੀ ਕੋਈ ਵੀ ਖ਼ਬਰ ਬਾਹਰ ਨਹੀਂ ਨਿਕਲਣ ਦਿੱਤੀ ਜਾਂਦੀ ਸੀ। ਪ੍ਰੈੱਸ ਵਿਚ ਜਾ ਕੇ ਅਖ਼ਬਾਰਾਂ ਨੂੰ ਅੱਗ ਲਾ ਦਿੱਤੀ ਜਾਂਦੀ ਹੈ। ਕਿਸੇ ਨੂੰ ਵੀ ਬੋਲਣ ਨਹੀਂ ਦਿੱਤਾ ਜਾਂਦਾ ਸੀ। ਸ਼ੰਕਰਨ ਇੱਥੇ ਕ੍ਰਿਪਾਲ ਸਿੰਘ ਦੇ ਬੇਟੇ ਨੂੰ ਮਿਲਦਾ ਹੈ, ਜੋ ਆਪਣੀ ਭੈਣ ਅਤੇ ਮਾਂ ਦੀ ਮੌਤ ਦਾ ਇਨਸਾ.ਫ ਲੈਣ ਲਈ ਭਟਕ ਰਿਹਾ ਹੈ ਅਤੇ ਉਸ ਨੇ ਬੋਰਡ ਚੁੱਕਿਆ ਹੁੰਦਾ ਹੈ, ਜਿਸ ਉਤੇ ਖ਼ੂਨੀ ਵਿਸਾਖੀ ਲਿਖਿਆ ਹੁੰਦਾ ਹੈ। ਸ਼ੰਕਰਨ ਇਹ ਸਭ ਦੇਖਦਾ ਹੀ ਹੈ ਅਤੇ ਉਹ ਇਹ ਦੱਸਦਾ ਹੈ ਕਿ ਬਾ.ਗ ਵਿਚ ਮਰਨ ਵਾਲਿਆਂ ਦੀ ਗਿਣਤੀ ਅਤੇ ਸਰਕਾਰ ਦੇ ਅੰਕੜਿਆਂ ਵਿਚ ਬਹੁਤ ਫਰਕ ਹੈ ਪਰ ਡਾਇਰ ਦੇ ਤੇਵਰਾਂ ਵਿਚ ਕੋਈ ਫਰਕ ਨਹੀਂ ਆਉਂਦਾ। ਇੱਥੇ ਹੀ ਸ਼ੰਕਰਨ ਨੂੰ ਇਕ ਹੋਰ ਅਹਿਸਾਸ ਹੁੰਦਾ ਹੈ ਕਿ ਅੰਗਰੇਜ਼ਾਂ ਦੀ ਗ਼ੁਲਾਮੀ ਕਰਨ ਦੇ ਬਾਵਜੂਦ ਅਤੇ ਸਨਮਾਨੇ ਜਾਣ ਦੇ ਬਾਵਜੂਦ ਉਸ ਨੂੰ ਕਮਰੇ ਵਿਚ ਵੜਨ ਤੋਂ ਰੋਕ ਦਿੱਤਾ ਜਾਂਦਾ ਹੈ। ਉੱਥੇ ਪਲੇਟ ਲੱਗੀ ਹੋਈ ਹੈ ਕਿ 'ਡੌਗਜ਼ ਐਂਡ ਇੰਡੀਅਨਜ਼ ਆਰ ਨਾਟ ਅਲਾਊਡ' (ਕੁੱਤਿਆਂ ਅਤੇ ਭਾਰਤੀਆਂ ਦਾ ਅੰਦਰ ਆਉਣਾ ਮਨ੍ਹਾਂ ਹੈ)। ਕਮੇਟੀ ਜਨਰਲ ਡਾਇਰ ਨੂੰ ਦੋਸ਼ੀ ਨਹੀਂ ਮੰਨਦੀ ਪਰ ਕਮੇਟੀ ਮੈਂਬਰ ਹੋਣ ਕਾਰਨ ਸ਼ੰਕਰਨ ਉੱਥੇ ਦੋਸ਼ੀ ਲਿਖ ਦਿੰਦਾ ਹੈ। ਇਸ ਦੇ ਬਾਵਜੂਦ ਕਮੇਟੀ ਜਨਰਲ ਡਾਇਰ ਨੂੰ ਬੇਕਸੂਰ ਮੰਨਦੀ ਹੈ ਅਤੇ ਸ਼ੰਕਰਨ ਨੂੰ ਕਮੇਟੀ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਕ੍ਰਿਪਾਲ ਸਿੰਘ ਦਾ ਬੇਟਾ ਪ੍ਰਗਟ ਸਿੰਘ (ਕ੍ਰਿਸ਼ਵ ਰਾਵ) ਇਨਸਾ.ਫ ਨਾ ਮਿਲਣ ਕਰਨ ਮਰ ਜਾਂਦਾ ਹੈ (ਮਗਰੋਂ ਪਤਾ ਲੱਗਦਾ ਹੈ ਕਿ ਉਸ ਦੀ ਨਸ ਕੱਟੀ ਗਈ ਸੀ)।

ਸ਼ੰਕਰਨ ਬਹੁਤ ਦੁਖੀ ਹੋ ਕੇ ਵਾਪਸ ਜਾਣ ਲੱਗਦਾ ਹੈ, ਤਾਂ ਦਿਲਗੀਤ ਗਿੱਲ (ਅਨੰਨਿਆ ਪਾਂਡੇ) ਉਸ ਨੂੰ ਆ ਕੇ ਮਿਲਦੀ ਹੈ ਅਤੇ ਉਸ ਨੂੰ ਇਕ ਵਾਰ ਜਲ੍ਹਿਆਂਵਾਲੇ ਬਾ.ਗ ਜਾਣ ਦੀ ਸਲਾਹ ਦਿੰਦੀ ਹੈ। ਉਹ ਇਹ ਵੀ ਕਹਿੰਦੀ ਹੈ ਕਿ ਜਲ੍ਹਿਆਂਵਾਲੇ ਬਾ.ਗ ਵਿਚ ਸ਼ਹੀਦ ਹੋਣ ਵਾਲਿਆਂ ਉੱਤੇ ਗੋਲੀਆਂ ਜਨਰਲ ਡਾਇਰ ਨੇ ਚਲਾਈਆਂ ਸਨ ਪਰ ਕ੍ਰਿਪਾਲ ਸਿੰਘ ਦਾ ਬੇਟਾ ਤੇਰੇ ਕਾਰਨ ਮਰਿਆ ਹੈ, ਕਿਉਂਕਿ ਤੂੰ ਉਸ ਦੀ ਆਵਾਜ਼ ਸੁਣ ਕੇ ਉਸ ਨੂੰ ਇਨਸਾ.ਫ ਦੇਣ ਲਈ ਨਹੀਂ ਬੋਲਿਆ। ਅਪਰਾਧ ਬੋਧ ਵਿਚ ਸ਼ੰਕਰਨ ਨਾਇਰ ਜਲ੍ਹਿਆਂਵਾਲਾ ਬਾ.ਗ ਵਿਚ ਜਾਂਦਾ ਹੈ। ਬਾ.ਗ ਵਿਚ ਜਾਣ ਤੋਂ ਬਾਅਦ ਉਹ ਪਸੀਜਿਆ ਜਾਂਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਕਿਵੇਂ ਬੇਕਸੂਰ ਲੋਕਾਂ ਉਤੇ ਅੱਤਿਆਚਾਰ ਹੋਇਆ। ਸ਼ੰਕਰਨ ਦੇ ਕਹਿਣ ਉੱਤੇ ਦਿਲਗੀਤ ਗਿੱਲ ਜਨਰਲ ਡਾਇਰ ਉੱਤੇ ਕੇਸ ਫਾਈਲ ਕਰਦੀ ਹੈ। ਸ਼ੰਕਰਨ ਉਸ ਨਾਲ ਸਹਾਇਕ ਵਜੋਂ ਹੁੰਦਾ ਹੈ ਅਤੇ ਉਹ ਦੋਵੇਂ ਰਲ ਕੇ ਕੇਸ ਲੜਦੇ ਹਨ। ਜਨਰਲ ਡਾਇਰ ਵਲੋਂ ਲੜਨ ਲਈ ਮੈਕ ਕਿਨਲੇ (ਆਰ. ਮਾਧਵਨ) ਨੂੰ ਖੜ੍ਹਾ ਕੀਤਾ ਜਾਂਦਾ ਹੈ। ਲਾਰਡ ਚੇਮਸਫੋਰਡ (ਅਲੈਕਸ ਓਨੇਲ), ਮਾਈਕਲ ਉਡਵਾਇਰ (ਮਾਰਕ ਬੇਨਿੰਗਟਨ), ਹੈਰੋਲਡ ਲਾਸਕੀ (ਸੈਮੀ ਜੋਨਾਸ ਹੇਨੀ), ਜੱਜ ਮੈਕਆਰਡੀ (ਸਟੀਵਨ ਗਰਦਲੇ), ਮਾਰਥਾ ਸਟੀਵੰਸ (ਅਲੈਕਜ਼ੈਂਡਰਾ ਮੋਲੋਨੀ), ਜੱਜ ਲਿਊਕ ਕੇਨੀ ਸਾਰੇ ਆਪੋ-ਆਪਣਾ ਕਿਰਦਾਰ ਅਦਾ ਕਰਦੇ ਹਨ। ਕੇਸ ਜਿਊਰੀ ਸਾਹਮਣੇ ਲੜਿਆ ਜਾਂਦਾ ਹੈ। ਮਾਰਥਾ ਵਰਗੇ ਫਰਜ਼ੀ ਗਵਾਹ ਖੜ੍ਹੇ ਕੀਤੇ ਜਾਂਦੇ ਹਨ ਕਿ ਇਸ ਦੀ ਪੱਤ ਲੁੱਟੀ ਗਈ। ਸ਼ੰਕਰਨ ਦੀ ਬਹੁਤ ਬਦਨਾਮੀ ਕਰ ਦਿੱਤੀ ਜਾਂਦੀ ਹੈ। ਇਹ ਪ੍ਰਚਾਰਿਤ ਕੀਤਾ ਜਾਂਦਾ ਹੈ ਕਿ ਜਲ੍ਹਿਆਂਵਾਲਾ ਬਾ.ਗ ਵਿਚ ਇਕੱਠੇ ਹੋਏ ਲੋਕ ਹਿੰਸਕ ਸਨ, ਉਨ੍ਹਾਂ ਕੋਲ ਹਥਿਆਰ ਸਨ ਅਤੇ ਉਹ ਕਦੇ ਵੀ ਹਮਲਾ ਕਰ ਸਕਦੇ ਸਨ। ਕੇਸ ਅਜਿਹਾ ਬਣਾ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਵਿਚੋਂ ਇਕ ਨੇ ਤਾਂ ਇਕ ਅੰਗਰੇਜ਼ ਕੁੜੀ ਦੀ ਇੱਜ਼ਤ ਵੀ ਖ਼ਰਾਬ ਕਰ ਦਿੱਤੀ ਸੀ। ਗੁੱਸੇ ਵਿਚ ਭੜਕੀਆਂ ਹੋਈਆਂ ਅੰਗਰੇਜ਼ ਔਰਤਾਂ ਜਸਟਿਸ ਸ਼ੰਕਰਨ ਨਾਇਰ ਦਾ ਮੂੰਹ ਕਾਲਾ ਕਰ ਦਿੰਦੀਆਂ ਹਨ। ਭਾਵੇਂ ਕਿ ਇਹ ਦਲੀਲਾਂ ਨਾਲ ਸਿੱਧ ਕਰ ਦਿੰਦੇ ਹਨ ਕਿ ਇਹ ਸਭ ਮਨਘੜਤ ਗੱਲਾਂ ਹਨ ਪਰ ਇਨ੍ਹਾਂ ਦੀਆਂ ਦਲੀਲਾਂ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਪ੍ਰੈੱਸ ਨੂੰ ਵੀ ਅਦਾਲਤ ਵਿਚੋਂ ਬਾਹਰ ਕਰ ਦਿੱਤਾ ਜਾਂਦਾ ਹੈ ਕਿ ਇਸ ਨਾਲ ਸਰਕਾਰੀ ਭੇਦ ਬਾਹਰ ਜਾਂਦੇ ਹਨ। ਸ਼ੰਕਰਨ ਅਤੇ ਦਿਲਗੀਤ ਵੀ ਟੇਢੇ ਤਰੀਕੇ ਨਾਲ ਸਰਕਾਰੀ ਕਾਗਜ਼ ਕੱਢ ਲਿਆਉਂਦੇ ਹਨ ਅਤੇ ਇਹ ਸਾਬਤ ਕਰਦੇ ਹਨ ਕਿ ਉਸ ਦਿਨ ਕਰਫ਼ਿਊ ਦਾ ਆਰਡਰ ਦਿੱਤਾ ਹੀ ਨਹੀਂ ਸੀ ਗਿਆ। ਸਗੋਂ ਲੋਕਾਂ ਨੂੰ ਇਸ ਗੱਲ ਲਈ ਉਤਸ਼ਾਹਿਤ ਕੀਤਾ ਗਿਆ ਸੀ ਕਿ ਲੋਕ ਜਲ੍ਹਿਆਂਵਾਲਾ ਬਾ.ਗ ਪਹੁੰਚਣ।

ਸ਼ੰਕਰਨ ਅਦਾਲਤ ਵਿਚ ਜਨਰਲ ਡਾਇਰ ਬਾਰੇ ਦੱਸਦਾ ਹੈ ਕਿ ਇਹ ਦੂਨ ਸਕੂਲ ਵਿਚ ਪੜ੍ਹਿਆ ਹੈ। ਹਕਲਾਉਣ ਕਾਰਨ ਸਾਰੇ ਇਸ ਨੂੰ ਚਿੜ੍ਹਾਉਂਦੇ ਸੀ। ਇਸ ਦੇ ਮਨ

**ਰਾਬਿੰਦਰ ਸਿੰਘ ਰੱਬੀ ਮੋਰਿੰਡਾ**

ਵਿਚ ਭਾਰਤੀਆਂ ਪ੍ਰਤੀ ਨ.ਫਰਤ ਬਚਪਨ ਤੋਂ ਹੀ ਸੀ। ਇਸ ਲਈ ਆਪਣੇ ਸਾਥੀਆਂ ਦੇ ਕਹਿਣ ਦੇ ਬਾਵਜੂਦ ਇਸ ਨੇ ਬਾ.ਗ ਵਿਚ ਵਾਰਨਿੰਗ ਨਹੀਂ ਦਿੱਤੀ ਅਤੇ 1650 ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ ਵਿਚ ਸਿੱਖ, ਹਿੰਦੂ, ਮੁਸਲਮਾਨ ਅਤੇ ਈਸਾਈ ਵੀ ਸਨ। ਬਾਅਦ ਵਿਚ ਡਾਇਰ ਇਹ ਇੰਕਸ਼ਾਫ ਕਰਦਾ ਹੈ ਕਿ ਦੂਨ ਸਕੂਲ ਵਿਚ ਮੈਨੂੰ ਇਕ ਸਿੱਖ ਬੱਚਾ ਬਹੁਤ ਤੰਗ ਕਰਦਾ ਸੀ, ਜਿਸ ਦਾ ਮੈਂ ਬਦਲਾ ਪੂਰੀ ਕੌਮ ਤੋਂ ਲਿਆ। ਦਲੀਲਾਂ ਪਾਏਦਾਰ ਹੋਣ ਦੇ ਬਾਵਜੂਦ ਜਿਊਰੀ ਡਾਇਰ ਦੇ ਹੱਕ ਵਿਚ ਭੁਗਤ ਜਾਂਦੀ ਹੈ ਅਤੇ ਜਨਰਲ ਡਾਇਰ ਨੂੰ ਬੇਗੁਨਾਹ ਮੰਨ ਲਿਆ ਜਾਂਦਾ ਹੈ। ਸ਼ੰਕਰਨ ਨਿਰਾਸ਼ ਹੋ ਕੇ ਕਹਿੰਦਾ ਹੈ ਕਿ ਤੁਸੀਂ ਸਾਨੂੰ ਕਦੇ ਵੀ ਇਨਸਾ.ਫ ਨਹੀਂ ਦਿੱਤਾ। ਉਹ ਤਾਜ ਅਤੇ ਜੱਜ ਨੂੰ ਸ਼ਰੇਆਮ ਗਾਲ ਕੱਢਦਾ ਹੈ। ਜੱਜ ਕਹਿੰਦਾ ਹੈ ਕਿ ਤੇਰਾ ਲਾਇਸੰਸ ਰੱਦ ਕੀਤਾ ਜਾਵੇਗਾ। ਡਾਇਰ ਅਤੇ ਉਸ ਦੇ ਸਾਥੀ ਚਾਹੁੰਦੇ ਹਨ ਕਿ ਕੇਸ ਤਾਂ ਉਹ ਜਿੱਤ ਗਏ ਪਰ ਹੁਣ ਜਸਟਿਸ ਸ਼ੰਕਰਨ ਨਾਇਰ ਨੂੰ ਸਭ ਦੇ ਸਾਹਮਣੇ ਜ਼ਲੀਲ ਕੀਤਾ ਜਾਵੇ। ਉਸ ਦਿਨ ਸਾਰੀ ਪ੍ਰੈੱਸ ਬੁਲਾਈ ਜਾਂਦੀ ਹੈ। ਵੱਡੇ ਅ.ਫਸਰ ਸਾਹਿਬਾਨ ਵੀ ਮੌਜੂਦ ਹੁੰਦੇ ਹਨ, ਜਿੱਥੇ ਕਿ ਸ਼ੰਕਰਨ ਸਾਰੇ ਕੇਸ ਦੀ ਪੋਲ ਖੋਲ੍ਹ ਦਿੰਦਾ ਹੈ। ਸਾਡੇ ਮੀਡੀਏ ਵਿਚ ਪੂਰਾ ਕੇਸ ਪਹੁੰਚ ਜਾਂਦਾ ਹੈ। ਸਭ ਨੂੰ ਪਤਾ ਲੱਗ ਜਾਂਦਾ ਹੈ ਕਿ ਜਿਊਰੀ ਵਿਚੋਂ ਤਿੰਨ ਅੰਗਰੇਜ਼ਾਂ ਨੇ ਵੀ ਜਨਰਲ ਡਾਇਰ ਨੂੰ ਦੋਸ਼ੀ ਕਿਹਾ ਸੀ ਅਤੇ ਕੇਸ ਦੇ ਜੱਜ ਨੂੰ ਵੀ ਅਸਿੱਧੇ ਤਰੀਕੇ ਨਾਲ ਲਾਭ ਪਹੁੰਚਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸ ਮੌਕੇ ਜਸਟਿਸ ਸ਼ੰਕਰਨ ਨਾਇਰ ਅੰਗਰੇਜ਼ ਕੌਮ ਅਤੇ ਤਾਜ ਨੂੰ ਚਿਤਾਵਨੀ ਦਿੰਦਾ ਹੈ ਕਿ ਤੁਸੀਂ ਸਾਨੂੰ ਕਦੇ ਵੀ ਇਨਸਾ.ਫ ਨਹੀਂ ਦਿੱਤਾ। ਇਸ ਲਈ ਅਸੀਂ ਤੁਹਾਡੇ ਇਨਸਾ.ਫ ਉੱਤੇ ਥੁੱਕਦੇ ਹਾਂ। ਭਾਵੇਂ ਕਿ ਡਾਇਰ ਨੂੰ ਬਰੀ ਕਰ ਦਿੱਤਾ ਗਿਆ ਸੀ ਪਰ ਉਸ ਉੱਤੇ ਇਹ ਸ਼ਰਤ ਲਾ ਦਿੱਤੀ ਗਈ ਸੀ ਕਿ ਉਹ ਮੁੜ ਕੇ ਭਾਰਤ ਨਹੀਂ ਆਵੇਗਾ। ਸਾਰੇ ਪਾਸੇ ਬਦਨਾਮੀ ਹੋਣ ਕਾਰਨ ਅਧਰੰਗ ਦੀ ਹਾਲਤ ਵਿਚ ਡਾਇਰ 23 ਜੁਲਾਈ, 1927 ਨੂੰ ਇਕੱਲਤਾ ਵਿਚ ਹੀ ਇੰਗਲੈਂਡ ਮਰ ਗਿਆ ਸੀ। ਉਸ ਦਾ ਪਰਿਵਾਰ ਉਸ ਨੂੰ ਛੱਡ ਕੇ ਚਲਾ ਗਿਆ ਸੀ। ਮਾਈਕਲ ਓਡਵਾਇਰ ਦਾ ਰੁਤਬਾ ਵੀ ਘਟਾ ਦਿੱਤਾ ਗਿਆ ਸੀ। ਕੈਕਸਟਨ ਹਾਲ ਵਿਚ ਸ. ਊਧਮ ਸਿੰਘ ਨੇ ਗੋਲੀ ਮਾਰ ਦਿੱਤੀ ਸੀ। ਕ੍ਰਿਪਾਲ ਸਿੰਘ ਮਗਰੋਂ ਦੱਸਦਾ ਹੈ ਕਿ ਮੇਰੇ ਪੁੱਤ ਦੀ ਨਸ ਵੈਰੀਆਂ ਨੇ ਕਿੰਝ ਕੱਟੀ ਸੀ।

ਇਹ ਫ਼ਿਲਮ ਜਲ੍ਹਿਆਂਵਾਲਾ ਬਾ.ਗ ਕਾਂਡ ਦੀ 106 ਵੀਂ ਬਰਸੀ ਉੱਤੇ ਅਠਾਰਾਂ ਅਪ੍ਰੈਲ ਨੂੰ ਰਲੀਜ਼ ਕੀਤੀ ਗਈ। ਫ਼ਿਲਮ ਇਹ ਮੁੱਦਾ ਵੀ ਚੁੱਕਦੀ ਹੈ ਕਿ ਏਨੇ ਵੱਡੇ ਕਤਲੇਆਮ ਤੋਂ ਬਾਅਦ ਅੱਜ ਤੱਕ ਬਰਤਾਨੀਆ ਨੇ ਇਸ ਕਾਂਡ ਲਈ ਮੁਆ.ਫੀ ਨਹੀਂ ਮੰਗੀ। ਫ਼ਿਲਮ ਵਿਚ ਸ਼ਹੀਦਾਂ ਦੀ ਸੂਚੀ ਵੀ ਦਿੱਤੀ ਗਈ ਹੈ। ਫ਼ਿਲਮ ਦਾ ਨਿਰਦੇਸ਼ਨ ਕਰਣ ਸਿੰਘ ਤਿਆਗੀ ਦਾ ਹੈ। ਕਥਾਨਕ ਰਘੂ ਪਲਾਤ ਅਤੇ ਪੁਸ਼ਪਾ ਪਲਾਤ ਦੀ ਕਿਤਾਬ 'ਦਾ ਕੇਸ ਦੈਟ ਸ਼ੁੱਕ ਦਾ ਇੰਪਾਇਰ' ਉਤੇ ਅਧਾਰਿਤ ਹੈ। ਅੰਮ੍ਰਿਤਪਾਲ ਸਿੰਘ ਬਿੰਦਰਾ ਨੇ ਕਰਣ ਸਿੰਘ ਤਿਆਗੀ ਨਾਲ ਲਿਖਣ ਦਾ ਕਾਰਜ ਕੀਤਾ ਹੈ। ਗੀਤ 'ਓ ਸ਼ੇਰਾ ਤੀਰ ਤੇ ਤਾਜ' (ਮਨਮੋਹਨ ਵਾਰਿਸ, ਕਮਲ ਹੀਰ, ਸੰਗਤਾਰ) ਸੁਖਵਿੰਦਰ ਅੰਮ੍ਰਿਤ ਦਾ ਲਿਖਿਆ ਹੋਇਆ ਹੈ, ਜੋ ਕਿ ਬਹੁਤ ਹੀ ਵਧੀਆ ਹੈ। 'ਕਿੱਥੇ ਗਿਆ ਤੂੰ ਸਾਈਆਂ' ਸ਼ਾਸਵਤ ਸਚਦੇਵ ਅਤੇ ਸ਼ਾਨਿਆ ਕਸ਼ਿਅਪ ਨੇ ਗਾਇਆ ਹੈ। 'ਪਰਵਰਦਿਗਾਰਾ' ਗੀਤ ਅਜਾਏ ਚੱਕਰਵਰਤੀ, ਜੁਬਿਨ ਨੌਟਿਆਲ, ਸੋਨੀ ਦਾ ਹੈ। ਫ਼ਿਲਮ ਬਹੁਤ ਹੀ ਵਧੀਆ ਹੈ। ਅਦਾਕਾਰੀ, ਪਟਕਥਾ, ਸੰਵਾਦ, ਗੀਤ, ਸੰਗੀਤ ਸਭ ਕਮਾਲ ਦੇ ਹਨ। ਸਾਰੇ ਭਾਰਤੀਆਂ ਨੂੰ ਅਤੇ ਪੰਜਾਬੀਆਂ ਨੂੰ ਖਾਸ ਤੌਰ ਉੱਤੇ ਇਹ ਫ਼ਿਲਮ ਦੇਖਣੀ ਚਾਹੀਦੀ ਹੈ।

# ਪਾਕਿਸਤਾਨ ਸਿਰ ਹੀ ਹੈ ਹੁਣ ਵਧਦੇ ਟਕਰਾਅ ਨੂੰ ਰੋਕਣ ਦੀ ਜ਼ਿੰਮੇਵਾਰੀ

ਸਤਨਾਮ ਸਿੰਘ ਮਾਣਕ

ਪਹਿਲਗਾਮ ਵਿਚ 26 ਨਿਰਦੋਸ਼ ਸੈਲਾਨੀਆਂ ਤੇ ਦਹਿਸ਼ਤਗਰਦਾਂ ਵਲੋਂ ਕੀਤੇ ਗਏ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦਰਮਿਆਨ ਤਣਾਅ ਇਸ ਸਮੇਂ ਸਿਖ਼ਰ 'ਤੇ ਹੈ। ਸੰਯੁਕਤ ਰਾਸ਼ਟਰ ਸੰਘ ਅਤੇ ਦੁਨੀਆ ਦੇ ਵੱਡੇ ਦੇਸ਼ ਭਾਰਤ ਅਤੇ ਪਾਕਿਸਤਾਨ ਦੋਵਾਂ ਦੀਆਂ ਸਰਕਾਰਾਂ ਨਾਲ ਸੰਪਰਕ ਕਰਕੇ, ਉਨ੍ਹਾਂ ਨੂੰ ਤਣਾਅ ਘਟਾਉਣ ਲਈ ਪ੍ਰੇਰਿਤ ਕਰ ਰਹੇ ਹਨ। ਪਰ ਭਾਰਤ ਵਿਚ ਇਸ ਵਾਰ ਸਰਕਾਰ ਅਤੇ ਵਧੇਰੇ ਗਿਣਤੀ ਵਿਚ ਲੋਕਾਂ 'ਚ ਅਥਾਹ ਗੁੱਸਾ ਪਾਇਆ ਜਾ ਰਿਹਾ ਹੈ ਅਤੇ ਉਹ ਲੰਮੇ ਸਮੇਂ ਤੋਂ ਪਾਕਿਸਤਾਨ ਵਲੋਂ ਦੇਸ਼ ਦੇ ਵਿਰੁੱਧ ਦਹਿਸ਼ਤਗਰਦ ਤਨਜ਼ੀਮਾਂ ਰਾਹੀਂ ਵਿੱਢੀ ਗਈ ਅਸਿੱਧੀ ਜੰਗ ਦਾ ਕੋਈ ਢੁੱਕਵਾਂ ਜਵਾਬ ਦੇਣ ਦੇ ਰੌਂਅ ਵਿਚ ਹਨ। ਇਸੇ ਮਕਸਦ ਲਈ ਭਾਰਤ ਸਰਕਾਰ ਵਲੋਂ ਪਿਛਲੇ ਕਈ ਦਿਨਾਂ ਤੋਂ ਨਿਰੰਤਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਭਾਰਤ ਸਰਕਾਰ ਵਲੋਂ ਪਹਿਲਾਂ ਇਸ ਸੰਬੰਧੀ ਵਿਰੋਧੀ ਪਾਰਟੀਆਂ ਨੂੰ ਵਿਸ਼ਵਾਸ ਵਿਚ ਲੈਣ ਲਈ ਸਰਬ ਪਾਰਟੀ ਮੀਟਿੰਗ ਬੁਲਾਈ ਗਈ ਸੀ, ਜਿਸ ਵਿਚ ਵਿਰੋਧੀ ਪਾਰਟੀਆਂ ਨੇ ਪਹਿਲਗਾਮ ਦੀ ਬੈਸਰਨ ਘਾਟੀ, ਜਿਥੇ ਸੈਲਾਨੀਆਂ 'ਤੇ ਹਮਲਾ ਹੋਇਆ ਸੀ, ਉੱਥੇ ਸੁਰੱਖਿਆ ਦੇ ਪ੍ਰਬੰਧ ਨਾ ਹੋਣ ਦਾ ਮੁੱਦਾ ਤਾਂ ਜ਼ਰੂਰ ਉਠਾਇਆ ਪਰ ਸਰਕਾਰ ਨੂੰ ਪਾਕਿਸਤਾਨ ਵਿਰੁੱਧ ਹਰ ਤਰ੍ਹਾਂ ਦੀ ਕਾਰਵਾਈ ਲਈ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸੁਰੱਖਿਆ ਸਥਿਤੀ ਦਾ ਜਾਇਜ਼ਾ ਲੈਣ ਅਤੇ ਪਾਕਿਸਤਾਨ ਵਿਰੁੱਧ ਢੁੱਕਵੀਂ ਕਾਰਵਾਈ ਲਈ ਕੈਬਨਿਟ ਦੀ ਸੁਰੱਖਿਆ ਮਾਮਲਿਆਂ ਸੰਬੰਧੀ ਕਮੇਟੀ ਨਾਲ ਲੰਮੀ ਮੀਟਿੰਗ ਕੀਤੀ, ਬਾਅਦ ਵਿਚ ਸਰਕਾਰ ਵਲੋਂ ਫ਼ੌਜ ਦੇ ਮੁਖੀਆਂ ਅਤੇ ਸੁਰੱਖਿਆ ਸਲਾਹਕਾਰ ਅਜਿਤ ਡੋਭਾਲ ਨਾਲ ਮੀਟਿੰਗ ਕੀਤੀ ਗਈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਤਿੰਨਾਂ ਸੈਨਾਵਾਂ ਦੇ ਮੁਖੀਆਂ ਨਾਲ ਵੀ ਵੱਖ-ਵੱਖ ਤੌਰ 'ਤੇ ਮੀਟਿੰਗਾਂ ਕੀਤੀਆਂ। ਇਸ ਤੋਂ ਅੱਗੇ ਵਧਦਿਆਂ ਹੁਣ ਸਰਕਾਰ ਨੇ 7 ਮਈ ਤੋਂ ਦੇਸ਼ ਭਰ ਵਿਚ ਮੌਕਡ੍ਰਿਲਾਂ (ਸ਼ਹਿਰੀਆਂ ਨੂੰ ਸੰਭਾਵਿਤ ਹਵਾਈ ਹਮਲੇ ਤੋਂ ਬਚਣ ਲਈ ਤਿਆਰ ਕਰਨਾ) ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਹੈ। ਦੂਜੇ ਪਾਸੇ ਪਾਕਿਸਤਾਨ ਵਲੋਂ ਵੀ ਭਾਰਤੀ ਹਮਲੇ ਦੀਆਂ ਸੰਭਾਵਨਾਵਾਂ ਨੂੰ ਮੁੱਖ ਰੱਖ ਕੇ ਆਪਣੀ ਸੁਰੱਖਿਆ ਲਈ ਕਦਮ ਪੁੱਟੇ ਜਾ ਰਹੇ ਹਨ। ਇਸ ਦੇ ਨਾਲ ਹੀ ਉਸ ਵਲੋਂ ਇਹ ਦਮਗ਼ਜੇ ਵੀ ਮਾਰੇ ਜਾ ਰਹੇ ਹਨ ਕਿ ਜੇਕਰ ਰਿਵਾਇਤੀ ਜੰਗ ਵਿਚ ਪਾਕਿਸਤਾਨ ਦੀ ਸੁਰੱਖਿਆ ਲਈ ਕੋਈ ਵੱਡਾ ਖ਼ਤਰਾ ਖੜ੍ਹਾ ਹੋਇਆ ਤਾਂ, ਉਹ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਤੋਂ ਵੀ ਸੰਕੋਚ ਨਹੀਂ ਕਰੇਗਾ।

ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਦੇ ਵੱਖ-ਵੱਖ ਰਾਜਨੀਤਕ ਨੇਤਾਵਾਂ ਵਲੋਂ ਅਨੇਕਾਂ ਭੜਕਾਊ ਕਿਸਮ ਦੇ ਬਿਆਨ ਵੀ ਦਿੱਤੇ ਗਏ ਹਨ, ਜਿਨ੍ਹਾਂ ਨੇ ਦੁਵੱਲੇ ਤਣਾਅ ਵਿਚ ਹੋਰ ਵਾਧਾ ਕੀਤਾ ਹੈ।

ਪੈਦਾ ਹੋਈ ਇਸ ਸਥਿਤੀ ਨੂੰ ਮੁੱਖ ਰਖਦਿਆਂ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਨੇ ਇਕ ਵਿਸ਼ੇਸ਼ ਬਿਆਨ ਜਾਰੀ ਕਰਦਿਆਂ, ਦੋਵਾਂ ਦੇਸ਼ਾਂ ਨੂੰ ਵੱਧ ਤੋਂ ਵੱਧ ਧੀਰਜ ਤੋਂ ਕੰਮ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਮਸਲੇ ਦਾ ਕੋਈ ਫ਼ੌਜੀ ਹੱਲ ਸੰਭਵ ਨਹੀਂ ਹੋਵੇਗਾ, ਜੇਕਰ ਦੋਵਾਂ ਦੇਸ਼ਾਂ ਦਰਮਿਆਨ ਫ਼ੌਜੀ ਟਕਰਾਅ ਹੁੰਦਾ ਹੈ ਤਾਂ ਉਹ ਕੰਟਰੋਲ ਤੋਂ ਬਾਹਰ ਹੋ ਜਾਵੇਗਾ। ਇਸ ਲਈ ਦੋਵਾਂ ਧਿਰਾਂ ਨੂੰ ਮਸਲੇ ਦੇ ਹੱਲ ਲਈ ਗੱਲਬਾਤ ਦਾ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਹ ਦੋਵਾਂ ਦੇਸ਼ਾਂ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਲਈ ਆਪਣੇ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ। ਉਨ੍ਹਾਂ ਨੇ ਇਹ ਗੱਲ ਸਵੀਕਾਰ ਕੀਤੀ ਕਿ ਪਹਿਲਗਾਮ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਪਿਛਲੇ ਕਈ ਸਾਲਾਂ ਦੇ ਮੁਕਾਬਲੇ ਇਸ ਵਾਰ ਤਣਾਅ ਬੇਹੱਦ ਵਧਿਆ ਹੋਇਆ ਹੈ। ਇਸੇ ਸਮੇਂ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਕ ਫ਼ੋਨ ਕਰਕੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਅੱਤਵਾਦ ਦਾ ਮੁਕਾਬਲਾ ਕਰਨ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਦੂਜੇ ਪਾਸੇ ਚੀਨ ਅਜੇ ਵੀ ਪਾਕਿਸਤਾਨ ਦਾ ਦਮ ਭਰਦਾ ਨਜ਼ਰ ਆ ਰਿਹਾ ਹੈ।

ਇਸ ਸਥਿਤੀ ਦੇ ਸੰਦਰਭ ਵਿਚ ਭਾਰਤ ਵਲੋਂ ਪਿਛਲੇ ਦਿਨੀਂ ਪਾਕਿਸਤਾਨ ਵਿਰੁੱਧ ਕੂਟਨੀਤਕ ਅਤੇ ਗ਼ੈਰ ਕੂਟਨੀਤਕ ਅਨੇਕਾਂ ਕਦਮ ਚੁੱਕੇ ਗਏ ਹਨ, ਜਿਨ੍ਹਾਂ ਵਿਚ ਅਟਾਰੀ ਵਾਹਗਾ ਬਾਰਡਰ ਬੰਦ ਕਰਨਾ, ਪਾਕਿਸਤਾਨ ਨਾਲ ਹਰ ਤਰ੍ਹਾਂ ਦਾ ਸਿੱਧਾ-ਅਸਿੱਧਾ ਵਪਾਰ ਬੰਦ ਕਰਨਾ, ਪਾਕਿਸਤਾਨੀ ਨਾਗਰਿਕਾਂ ਨੂੰ ਥੋੜ੍ਹੇ ਨੋਟਿਸ 'ਤੇ ਦੇਸ਼ ਵਿਚੋਂ ਬਾਹਰ ਕੱਢਣਾ ਆਦਿ ਸ਼ਾਮਿਲ ਹਨ। ਪਰ ਇਨ੍ਹਾਂ ਸਾਰੇ ਕਦਮਾਂ ਵਿਚੋਂ ਜਿਸ ਕਦਮ ਦਾ ਪਾਕਿਸਤਾਨ 'ਤੇ ਸਭ ਤੋਂ ਵੱਧ ਅਸਰ ਹੋ ਸਕਦਾ ਹੈ, ਉਹ ਹੈ ਸਿੰਧੂ ਜਲ ਸਮਝੌਤੇ ਨੂੰ ਭਾਰਤ ਵਲੋਂ ਮੁਅੱਤਲ ਕੀਤਾ ਜਾਣਾ। ਭਾਰਤ ਨੇ ਆਪਣੇ ਇਸ ਫ਼ੈਸਲੇ 'ਤੇ ਅਮਲ ਕਰਦਿਆਂ ਚਨਾਬ ਦਰਿਆ ਤੋਂ ਪਾਕਿਸਤਾਨ ਵੱਲ ਵਹਿੰਦੇ ਪਾਣੀ ਵਿਚ ਕੁਝ ਕਮੀ ਕਰ ਦਿੱਤੀ ਹੈ। ਅਗਲੇ ਦਿਨਾਂ ਵਿਚ ਉਹ ਜੇਹਲਮ ਦਰਿਆ ਦੇ ਪਾਕਿਸਤਾਨ ਵੱਲ ਵਗਦੇ ਪਾਣੀ ਵਿਚ ਵੀ ਕਮੀ ਕਰ ਸਕਦਾ ਹੈ। ਭਾਵੇਂ ਕਿ ਸਿੰਧ ਦਰਿਆ ਦਾ ਪਾਣੀ ਪਾਕਿਸਤਾਨ ਵੱਲ ਜਾਣ ਲਈ ਸਮੁੱਚੇ ਤੌਰ 'ਤੇ ਰੋਕਣ ਵਾਸਤੇ ਭਾਰਤ ਨੂੰ ਬਦਲਵਾਂ ਬੁਨਿਆਦੀ ਢਾਂਚਾ ਬਣਾਉਣ ਲਈ ਲੰਮਾ ਸਮਾਂ ਲੱਗ ਸਕਦਾ ਹੈ। ਕੁਝ ਮਾਹਿਰਾਂ ਦਾ ਵਿਚਾਰ ਹੈ ਕਿ ਜੇ ਸਿੰਧ, ਚਨਾਬ ਅਤੇ ਜੇਹਲਮ ਦਾ ਸਮੁੱਚਾ ਪਾਣੀ ਪਾਕਿਸਤਾਨ ਵਲ ਜਾਣ ਤੋਂ ਰੋਕਣਾ ਹੈ, ਤਾਂ ਭਾਰਤ ਨੂੰ ਭਾਖੜਾ ਡੈਮ ਵਰਗੇ ਘੱਟੋ-ਘੱਟ 30 ਡੈਮ ਬਣਾਉਣੇ ਪੈਣਗੇ। ਪਰ ਆਪਣੇ ਮੌਜੂਦਾ ਬਗਲੀਅਰ ਡੈਮ ਅਤੇ ਕੁਝ ਹੋਰ ਛੋਟੇ ਡੈਮਾਂ ਦੀ ਮਦਦ ਨਾਲ ਭਾਰਤ ਜੇਹਲਮ ਅਤੇ ਚਨਾਬ ਦੇ ਪਾਣੀ ਦੇ ਵਹਾਅ ਨੂੰ ਪ੍ਰਭਾਵਿਤ ਕਰਨ ਦੇ ਅਜੇ ਵੀ ਸਮਰੱਥ ਹੈ। ਭਾਰਤ ਵਲੋਂ ਚਨਾਬ ਦਾ ਪਾਣੀ ਰੋਕੇ ਜਾਣ ਦਾ ਪਾਕਿਸਤਾਨ ਵਿਚ ਅਸਰ ਦੇਖਣ ਨੂੰ ਵੀ ਮਿਲਣ ਲੱਗ ਪਿਆ ਹੈ। ਪਾਕਿਸਤਾਨ ਵਾਲੇ ਕਸ਼ਮੀਰ ਖੇਤਰ ਅਤੇ ਪੰਜਾਬ ਵਿਚ ਦਰਿਆਈ ਪਾਣੀ ਦਾ ਵਹਾਅ ਕਾਫੀ ਘਟਣ ਨਾਲ ਉਥੋਂ ਦੇ ਕਿਸਾਨ ਅਤੇ ਆਮ ਲੋਕ ਚਿੰਤਿਤ ਹੋ ਗਏ ਹਨ। ਲਹਿੰਦੇ ਪੰਜਾਬ ਵਿਚ ਤਾਂ ਕਿਸਾਨਾਂ ਵਲੋਂ ਪਾਣੀ ਦੀ ਕਮੀ ਹੋ ਜਾਣ ਨੂੰ ਮੁੱਖ ਰੱਖ ਕੇ ਰੋਸ ਮਾਰਚ ਵੀ ਕੱਢਿਆ ਗਿਆ ਹੈ। ਆਉਣ ਵਾਲੇ ਸਮੇਂ ਵਿਚ ਇਸ ਕਾਰਨ ਪਾਕਿਸਤਾਨ ਵਿਚ ਬੇਚੈਨੀ ਹੋਰ ਵੀ ਵਧ ਸਕਦੀ ਹੈ।



ਪੈਦਾ ਹੋਈ ਇਸ ਸਥਿਤੀ ਦੇ ਸੰਦਰਭ ਵਿਚ ਸਾਡੀ ਇਹ ਸਪੱਸ਼ਟ ਰਾਇ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਪਾਕਿਸਤਾਨ ਨੇ ਕਸ਼ਮੀਰ ਹਾਸਿਲ ਕਰਨ ਦੇ ਨਾਂਅ 'ਤੇ ਭਾਰਤ ਵਿਰੁੱਧ ਸਿੱਧੀਆਂ ਅਤੇ ਅਸਿੱਧੀਆਂ ਜੰਗਾਂ ਵਿੱਢੀਆਂ ਹੋਈਆਂ ਹਨ। ਇਕ ਛੋਟੀ ਜੰਗ ਦੇਸ਼ ਆਜ਼ਾਦ ਹੋਣ ਦੇ ਨਾਲ ਹੀ 1948 ਵਿਚ ਹੋਈ, ਦੂਜੀ ਜੰਗ 1965 ਵਿਚ ਅਤੇ ਤੀਜੀ ਜੰਗ 1971 ਵਿਚ ਹੋਈ ਸੀ। ਇਸ ਤੋਂ ਬਾਅਦ 1999 ਵਿਚ ਕਾਰਗਿਲ ਵਿਚ ਪਾਕਿਸਤਾਨ ਦੀ ਫ਼ੌਜ ਦੀ ਸਹਾਇਤਾ ਨਾਲ ਦਹਿਸ਼ਤਗਰਦਾਂ ਵਲੋਂ ਕੀਤੀ ਗਈ ਘੁਸਪੈਠ ਕਾਰਨ ਭਾਰਤ ਨੂੰ ਇਕ ਹੋਰ ਛੋਟੀ ਜੰਗ ਪਾਕਿਸਤਾਨ ਨਾਲ ਲੜਨੀ ਪਈ ਸੀ। ਜਦੋਂ ਸਿੱਧੇ ਹਮਲਿਆਂ ਵਿਚ ਪਾਕਿਸਤਾਨ ਆਪਣੇ ਮੰਤਵ ਨੂੰ ਪੂਰੇ ਕਰਨ ਵਿਚ ਅਸਫ਼ਲ ਰਿਹਾ, ਸਗੋਂ ਆਪਣੇ ਇਨ੍ਹਾਂ ਯਤਨਾਂ ਵਿਚ ਉਹ 1971 ਵਿਚ ਪੂਰਬੀ ਪਾਕਿਸਤਾਨ (ਬੰਗਲਾਦੇਸ਼) ਨੂੰ ਵੀ ਹੱਥੋਂ ਗੁਆ ਬੈਠਾ, ਤਾਂ ਉਸ ਨੇ ਜਨਰਲ ਜ਼ਿਆ ਉਲ ਹੱਕ ਦੇ ਕਾਰਜਕਾਲ ਵਿਚ ਭਾਰਤ ਵਿਰੁੱਧ ਅਸਿੱਧੀ ਜੰਗ ਦੀ ਸ਼ੁਰੂਆਤ ਕੀਤੀ, ਜਿਸ ਦਾ ਮੰਤਵ ਅੱਤਵਾਦੀ ਤਨਜ਼ੀਮਾਂ ਨੂੰ ਹਥਿਆਰਾਂ ਦੀ ਟ?ਰੇਨਿੰਗ ਦੇ ਕੇ ਭਾਰਤ ਵਿਚ ਭੇਜਣਾ ਅਤੇ ਹਮਲੇ ਕਰਵਾ ਕੇ ਭਾਰਤੀਆਂ ਦਾ ਲਗਾਤਾਰ ਖ਼ੂਨ ਵਹਾਉਣਾ ਸੀ। ਆਪਣੀ ਇਸ ਯੋਜਨਾ ਅਧੀਨ ਪਾਕਿਸਤਾਨੀ ਫ਼ੌਜ ਨੇ ਆਪਣੇ ਦੇਸ਼ ਵਿਚ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ, ਹਿਜ਼ਬੁਲ ਮੁਜਾਹਿਦੀਨ, ਹਰਕਤ-ਉਲ-ਅਨਸਾਰ ਅਤੇ ਅਨੇਕਾਂ ਹੋਰ ਨਾਵਾਂ ਨਾਲ ਅੱਤਵਾਦੀ ਸੰਗਠਨ ਖੜ੍ਹੇ ਕੀਤੇ, ਜੋ ਸਮੇਂ-ਸਮੇਂ ਭਾਰਤ ਦੇ ਅੰਦਰ ਘੁਸਪੈਠ ਕਰਕੇ ਜੰਮੂ-ਕਸ਼ਮੀਰ ਅਤੇ ਦੇਸ਼ ਦੇ ਹੋਰ ਹਿੱਸਿਆ ਵਿਚ ਵੱਡੇ ਹਮਲੇ ਕਰਦੇ ਰਹੇ ਹਨ। ਭਾਰਤ 'ਤੇ ਦਹਿਸ਼ਤਗਰਦਾਂ ਵਲੋਂ ਹੁਣ ਤੱਕ ਕੀਤੇ ਗਏ ਹਮਲਿਆਂ ਵਿਚ ਜੰਮੂ ਕਸ਼ਮੀਰ ਦੀ ਵਿਧਾਨ ਸਭਾ 'ਤੇ ਹਮਲਾ (2001), ਨਵੀਂ ਦਿੱਲੀ ਵਿਚ ਭਾਰਤ ਦੀ ਪਾਰਲੀਮੈਂਟ 'ਤੇ (2001) ਕੀਤਾ ਗਿਆ ਹਮਲਾ, ਮੁੰਬਈ ਵਿਚ ਟ?ਰੇਨਾਂ 'ਤੇ ਹਮਲਾ (2006), ਮੁੰਬਈ ਤੇ ਦੂਜਾ ਹਮਲਾ (2008) ਅਤੇ ਪਠਾਨਕੋਟ ਵਿਚ ਹਵਾਈ ਫ਼ੌਜ ਦੇ ਅੱਡੇ 'ਤੇ ਹਮਲਾ (2016), ਉੜੀ ਵਿਚ ਫ਼ੌਜੀ ਛਾਉਣੀ 'ਤੇ ਕੀਤਾ ਗਿਆ ਹਮਲਾ (2016), ਪੁਲਵਾਮਾ ਹਮਲਾ (2019), ਆਦਿ ਸ਼ਾਮਿਲ ਹਨ। ਇਨ੍ਹਾਂ ਹਮਲਿਆਂ ਦਾ ਭਾਰਤ ਦੇ ਸੁਰੱਖਿਆ ਦਲਾਂ ਨੇ ਪੂਰੀ ਸਮਰੱਥਾ ਨਾਲ ਸਾਹਮਣਾ ਕੀਤਾ ਹੈ। ਪੁਲਵਾਮਾ ਵਿਚ ਸੀ.ਆਰ.ਪੀ. ਦੇ ਜਵਾਨਾਂ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਭਾਰਤ ਨੇ ਪ੍ਰਤੀਕ੍ਰਮ ਵਜੋਂ ਬਾਲਾਕੋਟ ਵਿਚ ਦਹਿਸ਼ਤਗਰਦਾਂ ਦੇ ਕੈਂਪ 'ਤੇ ਹਵਾਈ ਹਮਲਾ ਵੀ ਕੀਤਾ ਸੀ, ਜਿਸ ਨੂੰ ਸਰਜੀਕਲ ਸਟ?ਰਾਈਕ ਦਾ ਨਾਂਅ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਉੜੀ ਦੀ ਫ਼ੌਜੀ ਛਾਉਣੀ 'ਤੇ ਹਮਲੇ ਤੋਂ ਬਾਅਦ ਭਾਰਤੀ ਸੈਨਾਵਾਂ ਨੇ ਜੰਮੂ-ਕਸ਼ਮੀਰ ਵਿਚ ਪਾਕਿਸਤਾਨੀ ਸਰਹੱਦ ਦੇ ਅੰਦਰ ਦਾਖ਼ਲ ਹੋ ਕੇ ਅੱਤਵਾਦੀਆਂ ਦੇ ਕੁਝ ਕੈਂਪਾਂ ਨੂੰ ਵੀ ਤਬਾਹ ਕੀਤਾ ਸੀ। ਪਰ ਕਾਰਗਿਲ ਜੰਗ ਤੋਂ ਬਾਅਦ ਵੀ ਪਾਕਿਸਤਾਨ ਵਲੋਂ ਭੜਕਾਹਟਾਂ ਜਾਰੀ ਰਹਿਣ ਦੇ ਬਾਵਜੂਦ ਵੀ ਕੋਈ ਸਿੱਧਾ ਵੱਡਾ ਹਮਲਾ ਕਰਨ ਸੰਬੰਧੀ ਸੰਜਮ ਤੋਂ ਹੀ ਕੰਮ ਲਿਆ ਜਾਂਦਾ ਰਿਹਾ। ਪਰ ਹੁਣ ਪਹਿਲਗਾਮ ਹਮਲੇ ਤੋਂ ਬਾਅਦ ਜਾਪਦਾ ਹੈ ਕਿ ਭਾਰਤ ਦੀ ਸਹਿਣ ਦੀ ਸਮਰੱਥਾ ਲਗਭਗ ਖ਼ਤਮ ਹੋ ਗਈ ਹੈ। ਇਸ ਲਈ ਭਾਰਤ ਵਲੋਂ ਵੱਡੇ ਸੰਭਾਵਿਤ ਹਮਲੇ ਲਈ ਤਿਆਰੀ ਕੀਤੀ ਜਾ ਰਹੀ ਜਾਪਦੀ ਹੈ।

ਇਸ ਪੜਾਅ 'ਤੇ ਜੇਕਰ ਭਾਰਤ ਅਤੇ ਪਾਕਿਸਤਾਨ ਦਰਮਿਆਨ ਇਕ ਹੋਰ ਵੱਡੀ ਜੰਗ ਨੂੰ ਰੋਕਣਾ ਹੈ, ਤਾਂ ਇਸ ਦੀ ਮੁੱਖ ਜ਼ਿੰਮੇਵਾਰੀ ਹੁਣ ਪਾਕਿਸਤਾਨ ਉੱਪਰ ਹੀ ਆਉਂਦੀ ਹੈ। ਪਾਕਿਸਤਾਨ ਦੀ ਸਰਕਾਰ ਅਤੇ ਉਥੋਂ ਦੀ ਫ਼ੌਜੀ ਸਥਾਪਤੀ ਨੂੰ ਸਪੱਸ਼ਟ ਰੂਪ ਵਿਚ ਭਾਰਤ ਨੂੰ ਇਹ ਭਰੋਸਾ ਦਿਵਾਉਣਾ ਪਵੇਗਾ ਕਿ ਉਹ ਭਾਰਤ ਵਿਰੁੱਧ ਆਪਣੇ ਵਲੋਂ ਚਲਾਈ ਜਾ ਰਹੀ ਅਸਿੱਧੀ ਜੰਗ ਨੂੰ ਸਥਾਈ ਤੌਰ 'ਤੇ ਬੰਦ ਕਰੇਗਾ ਅਤੇ ਭਾਰਤ ਨਾਲ ਦੁਵੱਲੇ ਸਾਰੇ ਮਸਲੇ ਗੱਲਬਾਤ ਨਾਲ ਸੁਲਝਾਉਣ ਲਈ ਤਿਆਰ ਹੋਵੇਗਾ। ਇਸ ਦੇ ਨਾਲ ਹੀ ਭਾਰਤ ਨੂੰ ਪਾਕਿਸਤਾਨ ਵਲੋਂ ਇਹ ਵੀ ਭਰੋਸਾ ਦੇਣਾ ਪਏਗਾ ਕਿ ਉਹ ਆਪਣੀ ਧਰਤੀ ਨੂੰ ਭਾਰਤ ਵਿਰੁੱਧ ਵਰਤਣ ਦੀ ਕਿਸੇ ਵੀ ਦਹਿਸ਼ਤਗਰਦ ਸੰਗਠਨ ਨੂੰ ਇਜਾਜ਼ਤ ਨਹੀਂ ਦੇਵੇਗਾ। ਜੇਕਰ ਪਾਕਿਸਤਾਨ ਫ਼ੌਰੀ ਤੌਰ 'ਤੇ ਇਸ ਸੰਬੰਧੀ ਭਾਰਤ ਨਾਲ ਅਸਿੱਧਾ ਜਾਂ ਸਿੱਧਾ ਤਾਲਮੇਲ ਕਰਕੇ ਅਜਿਹਾ ਭਰੋਸਾ ਦਿੰਦਾ ਹੈ ਅਤੇ ਇਨ੍ਹਾਂ ਲੀਹਾਂ 'ਤੇ ਕੋਈ ਨਵਾਂ ਸਮਝੌਤਾ ਕਰਨ ਲਈ ਤਿਆਰ ਹੁੰਦਾ ਹੈ ਤਾਂ ਦੋਵੇਂ ਦੇਸ਼ ਇਕ ਵੱਡੀ ਜੰਗ ਤੋਂ ਬਚ ਸਕਦੇ ਹਨ। ਭਾਵੇਂ ਭਾਰਤ ਵਿਚ ਇਸ ਸਮੇਂ ਪਾਕਿਸਤਾਨ ਵਿਰੁੱਧ ਆਮ ਲੋਕਾਂ ਵਿਚ ਚੋਖਾ ਗੁੱਸਾ ਪਾਇਆ ਜਾ ਰਿਹਾ ਹੈ ਪਰ ਅਜੇ ਵੀ ਇਸ ਦੇ ਬਾਵਜੂਦ ਭਾਰਤ ਵਿਚ ਬਹੁਤ ਸਾਰੇ ਲੋਕ ਅਜਿਹੀ ਸੋਚ ਵੀ ਰੱਖਦੇ ਹਨ ਕਿ ਦੋਵਾਂ ਦੇਸ਼ਾਂ ਵਿਚ ਇਕ ਹੋਰ ਵੱਡੀ ਜੰਗ ਨਹੀਂ ਹੋਣੀ ਚਾਹੀਦੀ, ਕਿਉਂਕਿ ਦੋਵਾਂ ਦੇ ਕੋਲ ਮਾਰੂ ਕਿਸਮ ਦੇ ਪ੍ਰਮਾਣੂ ਹਥਿਆਰ ਹਨ। ਜੇਕਰ ਰਿਵਾਇਤੀ ਹਥਿਆਰਾਂ ਨਾਲ ਸ਼ੁਰੂ ਹੋਈ ਜੰਗ ਵਧ ਕੇ ਪ੍ਰਮਾਣੂ ਹਥਿਆਰਾਂ ਦੀ ਜੰਗ ਤੱਕ ਪਹੁੰਚਦੀ ਹੈ, ਤਾਂ ਇਸ ਖਿੱਤੇ ਵਿਚ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ। ਪਾਕਿਸਤਾਨ ਵਿਚ ਵੀ ਅਜਿਹੀ ਸੋਚ ਰੱਖਣ ਵਾਲੇ ਲੋਕਾਂ ਦੀ ਚੋਖੀ ਗਿਣਤੀ ਹੈ, ਭਾਵੇਂ ਕਿ ਉਨ੍ਹਾਂ ਦੀ ਪਾਕਿਸਤਾਨੀ ਫ਼ੌਜੀ ਸਥਾਪਤੀ ਦੀਆਂ ਦਮਨਕਾਰੀ ਤੇ ਨਿਰੰਕੁਸ਼ ਕਾਰਵਾਈਆਂ ਕਾਰਨ ਆਵਾਜ਼ ਥੋੜ੍ਹੀ ਦਬੀ ਹੋਈ ਹੈ।

ਬਿਨਾਂ ਸ਼ੱਕ ਇਸ ਸਮੇਂ ਹਰ ਦਿਨ ਅਤੇ ਹਰ ਪਲ ਦੋਵੇਂ ਦੇਸ਼ ਵੱਡੇ ਟਕਰਾਅ ਵਲ ਵਧਦੇ ਨਜ਼ਰ ਆ ਰਹੇ ਹਨ, ਪਰ ਇਸ ਨੂੰ ਰੋਕਣ ਲਈ ਹੁਣ ਪਾਕਿਸਤਾਨ ਨੂੰ ਹੀ ਕੋਈ ਵੱਡੀ ਪਹਿਲ ਕਰਨੀ ਪਵੇਗੀ। ਨਹੀਂ ਤਾਂ ਇਸ ਖਿੱਤੇ ਦੇ ਲੋਕਾਂ ਨੂੰ ਇਕ ਹੋਰ ਵੱਡੀ ਜੰਗ ਦਾ ਸੇਕ ਝੱਲਣਾ ਪਵੇਗਾ। ਜੰਗ ਕਿੰਨੀ ਲੰਮੀ ਹੋਵੇਗੀ ਅਤੇ ਕਿੰਨੀ ਤਬਾਹਕੁੰਨ ਹੋਵੇਗੀ, ਇਸ ਦਾ ਅੰਦਾਜ਼ਾ ਅਜੇ ਲਾਉਣਾ ਸੰਭਵ ਨਹੀਂ ਹੈ।

## ਹਮਲੇ ਤੇ ਰਣਨੀਤੀ

ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਦਹਿਸ਼ਤਗਰਦੀ ਦੇ ਟਿਕਾਣਿਆਂ ਉੱਪਰ ਗਿਣ-ਮਿੱਥ ਕੇ ਕੀਤੇ ਗਏ 'ਅਪਰੇਸ਼ਨ ਸਿੰਧੂਰ' ਤੋਂ ਫੌਰੀ ਬਾਅਦ ਵੀਰਵਾਰ ਨੂੰ ਸਰਕਾਰ ਨੇ ਏਕਤਾ ਅਤੇ ਠਰੰਮੇ ਦਾ ਮੁਜ਼ਾਹਰਾ ਕੀਤਾ ਹਾਲਾਂਕਿ ਅਜੇ ਵੀ ਬਹੁਤ ਜ਼ਿਆਦਾ ਤਣਾਅ ਅਤੇ ਬਦਲੇ ਦੇ ਤੌਰ 'ਤੇ ਕੀਤੀਆਂ ਜਾ ਰਹੀਆਂ ਕਾਰਵਾਈਆਂ ਦਾ ਮਾਹੌਲ ਬਣਿਆ ਹੋਇਆ ਹੈ। ਇਸਲਾਮਾਬਾਦ ਵੱਲੋਂ ਹਮਲੇ ਦੀ ਕੋਸ਼ਿਸ਼ ਦੇ ਜਵਾਬ ਵਿੱਚ ਭਾਰਤ ਨੇ 15 ਸ਼ਹਿਰਾਂ ਵੱਲ ਆਈਆਂ ਪਾਕਿਸਤਾਨੀ ਮਿਜ਼ਾਈਲਾਂ ਨੂੰ ਹਵਾ 'ਚ ਹੀ ਤਬਾਹ ਕਰ ਦਿੱਤਾ ਅਤੇ ਲਾਹੌਰ 'ਚ ਇੱਕ ਅਹਿਮ ਹਵਾਈ ਰੱਖਿਆ ਪ੍ਰਣਾਲੀ ਨੂੰ ਨਸ਼ਟ ਕਰਨ 'ਚ ਕਾਮਯਾਬੀ ਹਾਸਿਲ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੀ ਗਈ ਉੱਚ ਪੱਧਰੀ ਜਾਇਜ਼ਾ ਮੀਟਿੰਗ ਵਿੱਚ ਇਹ ਗੱਲ ਦ੍ਰਿੜਾਈ ਗਈ ਕਿ ਹਾਲਾਤ ਬਹੁਤ ਹੀ ਸੰਗੀਨ ਬਣੇ ਹੋਏ ਹਨ। ਮੌਜੂਦਾ ਹਾਲਾਤ ਨੂੰ ਸੰਵੇਦਨਸ਼ੀਲ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨੇ ਸੰਸਥਾਵਾਂ ਦਰਮਿਆਨ ਕਰੀਬੀ ਤਾਲਮੇਲ ਦਾ ਸੱਦਾ ਦਿੰਦਿਆਂ ਨਾਗਰਿਕਾਂ ਦੀ ਸੁਰੱਖਿਆ ਨੂੰ ਉੱਚ ਤਰਜੀਹ ਦੇਣ ਲਈ ਕਿਹਾ ਹੈ। ਸਰਕਾਰ ਦੀ ਸਮੁੱਚੀ ਪਹੁੰਚ ਨਾਗਰਿਕ ਰੱਖਿਆ, ਕੂੜ ਪ੍ਰਚਾਰ ਦੇ ਟਾਕਰੇ ਅਤੇ ਅਤਿ ਅਹਿਮ ਬੁਨਿਆਦੀ ਢਾਂਚੇ ਦੀ ਸੁਰੱਖਿਆ ਉੱਪਰ ਕੇਂਦਰਿਤ ਹੈ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਲੜਾਈ ਦੇ ਮੈਦਾਨ ਤੋਂ ਪਰ੍ਹੇ ਵੀ ਤਿਆਰੀਆਂ ਦੀ ਜ਼ਰੂਰਤ ਹੈ। ਮੰਤਰਾਲਿਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਐਮਰਜੈਂਸੀ ਰਿਸਪਾਂਸ ਪ੍ਰੋਟੋਕੋਲ ਯਕੀਨੀ ਬਣਾਏ ਜਾਣ ਅਤੇ ਅਪਰੇਸ਼ਨਾਂ ਦੀ ਨਿਰੰਤਰਤਾ ਤੋਂ ਇਹ ਸਮਝ ਦਾ ਝਲਕਾਰਾ ਪੈਂਦਾ ਹੈ ਕਿ ਮਿਲੇ-ਜੁਲੇ ਖ਼ਤਰੇ ਪੈਦਾ ਹੋ ਸਕਦੇ ਹਨ ਜਿਨ੍ਹਾਂ ਵਿੱਚ ਸਾਇਬਰ ਹਮਲੇ ਅਤੇ ਗ਼ਲਤ ਸੂਚਨਾ ਮੁਹਿੰਮਾਂ ਸ਼ਾਮਿਲ ਹਨ।

ਇਸ ਦੇ ਨਾਲ ਹੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਰਬ ਪਾਰਟੀ ਮੀਟਿੰਗ ਵਿੱਚ ਤਫ਼ਸੀਲ ਵਿੱਚ ਜਾਣਕਾਰੀ ਦਿੱਤੀ ਹੈ ਜਿੱਥੇ ਉਨ੍ਹਾਂ ਘੱਟੋ-ਘੱਟ 100 ਦਹਿਸ਼ਤਗਰਦਾਂ ਦੇ ਖਾਤਮੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਹੈ ਕਿ ਜੇ ਪਾਕਿਸਤਾਨ ਨੇ ਹਮਲਾ ਕੀਤਾ ਤਾਂ ਭਾਰਤ ਵੱਲੋਂ ਜਵਾਬੀ ਕਾਰਵਾਈ ਕੀਤੀ ਜਾਵੇਗੀ। ਵਿਰੋਧੀ ਧਿਰ ਖ਼ਾਸਕਰ ਕਾਂਗਰਸ ਅਤੇ ਏਆਈਐੱਮਆਈਐੱਮ ਨੇ ਸੂਝ-ਬੂਝ ਦਾ ਮੁਜ਼ਾਹਰਾ ਕਰਦੇ ਹੋਏ ਸਿਆਸੀ ਮਤਭੇਦਾਂ ਨੂੰ ਲਾਂਭੇ ਰੱਖ ਕੇ ਰਾਸ਼ਟਰੀ ਹਿੱਤਾਂ ਨਾਲ ਇਕਜੁੱਟਤਾ ਦਰਸਾਈ ਹੈ। ਸਿਆਸੀ ਪਾਰਟੀਆਂ ਦੀ ਇੱਕਸੁਰਤਾ ਤੇ ਇੱਕਮੁੱਠਤਾ ਦਾ ਘਰੋਗੀ ਅਤੇ ਕੌਮਾਂਤਰੀ ਖੇਤਰ ਵਿੱਚ ਮਜ਼ਬੂਤ ਸੰਦੇਸ਼ ਗਿਆ ਹੈ ਕਿ ਜਦੋਂ ਭਾਰਤ ਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਇਸ ਦਾ ਸਿਆਸੀ ਤਾਣਾ-ਬਾਣਾ ਮਜ਼ਬੂਤੀ ਨਾਲ ਇਸ ਦੀ ਪਹਿਰੇਦਾਰੀ ਕਰਦਾ ਹੈ। ਪੂਰੀ ਤਸਵੀਰ ਨਾਜ਼ੁਕ ਹੈ। ਭਾਰਤ ਵੱਲੋਂ ਇਹ ਕਹਿਣਾ ਕਿ ਇਹ ਤਣਾਅ ਵਧਾਉਣ ਦਾ ਇਰਾਦਾ ਨਹੀਂ ਰੱਖਦਾ ਪਰ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ, ਅਜਿਹੀ ਸਥਿਤੀ 'ਚ ਭਰੋਸੇਯੋਗ ਰੋਕਥਾਮ ਦਾ ਰਣਨੀਤਕ ਸੰਜਮ ਨਾਲ ਸੰਤੁਲਨ ਬਣੇ ਰਹਿਣਾ ਜ਼ਰੂਰੀ ਹੈ। ਹੁਣ ਜ਼ੋਰ ਨੀਤੀਗਤ ਜਿੱਤਾਂ ਤੋਂ ਹਟ ਕੇ ਰਣਨੀਤਕ ਸਥਿਰਤਾ 'ਤੇ ਲੱਗਣਾ ਚਾਹੀਦਾ ਹੈ। ਆਉਣ ਵਾਲੇ ਦਿਨਾਂ ਵਿੱਚ ਲੋਕਾਂ ਦੀ ਰਾਖੀ, ਕੂਟਨੀਤਕ ਦਾਅ-ਪੇਚ ਤੇ ਅੰਦਰੂਨੀ ਸੁਰੱਖਿਆ ਵਿਸ਼ੇਸ਼ ਧਿਆਨ ਮੰਗਣਗੇ। ਭਾਰਤ ਨੂੰ ਚਾਹੀਦਾ ਹੈ ਕਿ ਉਹ ਆਲਮੀ ਸਹਿਯੋਗੀਆਂ ਦੇ ਨਿਰੰਤਰ ਸੰਪਰਕ ਵਿੱਚ ਰਹੇ ਅਤੇ ਅਪਰੇਸ਼ਨਾਂ ਨਾਲ ਜੁੜੀ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਆਪਣੇ ਨਾਗਰਿਕਾਂ ਨਾਲ ਪਾਰਦਰਸ਼ਤਾ ਕਾਇਮ ਰੱਖੇ। ਅਪਰੇਸ਼ਨ ਸਿੰਧੂਰ ਭਾਵੇਂ ਜਾਰੀ ਹੈ, ਪਰ ਇਕਜੁੱਟ ਰਾਜਨੀਤਕ ਰੁਖ਼ ਤੇ ਸੰਸਥਾਗਤ ਚੌਕਸੀ, ਬਾਹਰੀ ਖ਼ਤਰਿਆਂ ਅੱਗੇ ਜਮਹੂਰੀ ਦ੍ਰਿੜਤਾ ਦੀ ਮਿਸਾਲ ਬਣ ਗਏ ਹਨ।

# ਦੁਬਈ ਸਿਟੀ ਆਫ ਗੋਲਡ : ਮਿਲਣਗੇ ਸੋਨੇ ਦੇ ਗਹਿਣੇ, ਸਿੱਕੇ 'ਤੇ ਅਸ਼ਰਫੀਆਂ






ਆਪਣੇ ਪਰਿਵਾਰ ਨਾਲ ਅੱਜ ਸਵੇਰੇ 11 ਵਜੇ ਦੁਬਈ ਸਿਟੀ ਆਫ ਗੋਲਡ ਯਾਨਿ ਦੁਬਈ ਗੋਲਡ ਸੌਕ, ਯੂਏਈ 'ਚ ਇੱਕ ਰਵਾਇਤੀ ਬਾਜ਼ਾਰ ਜਾਣ, ਦੇਖਣ 'ਤੇ ਘੁੰਮਣ ਦਾ ਮੌਕਾ ਮਿਲਿਆ। ਦੁਬਈ ਗੋਲਡ ਸੌਕ, ਉੱਤਰ ਵੱਲ ਡੇਰਾ ਬੱਸ ਸਟੈਂਡ ਦੇ ਨੇੜੇ ਹੈ। ਦੁਬਈ ਗੋਲਡ ਸੂਕ ਦੁਨੀਆ ਦੇ ਸੱਭ ਤੋਂ ਵੱਡੇ ਬਾਜ਼ਾਰਾਂ ਵਿੱਚੋ ਇੱਕ ਹੈ।

ਇਹ ਬਾਜ਼ਾਰ ਦੁਬਈ ਦੇ ਵਪਾਰਕ ਜ਼ਿਲੇ ਡੇਰਾ 'ਚ ਅਲ ਰਾਸ ਦੇ ਇਲਾਕੇ 'ਚ ਸਥਿਤ ਹੈ। ਇੱਥੇ ਗੋਲਡ ਦੇ ਛੋਟੇ-ਵੱਡੇ ਕਰੀਬਨ 380 ਤੋਂ ਵੱਧ ਰਿਟੇਲਰ ਹਨ।2020 ਤੱਕ, ਕੁੱਝ ਦੁਕਾਨਾਂ ਚਾਰ ਦਹਾਕੇ ਪੁਰਾਣੀਆਂ ਸਨ। ਇਸ ਬਾਜ਼ਾਰ 'ਚ ਖਾਸ ਤੌਰ 'ਤੇ ਗੋਲਡ, ਪਲੈਟੀਨਮ ਓਤੇ ਡਾਇਮੰਡਜ਼ ਦੀ ਜਊਲਰੀ ਮਿਲਦੀ ਹੈ। ਗੋਲਡ ਸੂਕ ਨੂੰ 2-3 ਗੰਟੇ 'ਚ ਘੁੰਮਿਆ ਜਾ ਸਕਦਾ ਹੈ।ਦੁਬਈ ਗੋਲਡ ਸੂਕ ਜਾਣ ਤੋਂ ਪਹਿਲਾਂ ਆਨਲਾਈਨ ਦਿਨ 'ਤੇ ਬਾਜ਼ਾਰ ਖੁਲਣ ਦਾ ਟਾਈਮ ਜਰੂਰ ਚੈੱਕ ਕਰ ਲਵੋ।

ਦੁਬਈ ਗੋਲਡ ਸੌਕ ਦਾ ਇਤਿਹਾਸ 1900 ਦੇ ਦਹਾਕੇ ਦੀ ਸ਼ੁਰੂਆਤ ਦਾ ਹੈ, ਜਦੋਂ ਇਸ ਥਾਂ 'ਤੇ ਅਣਪਛਾਤੇ ਲੋਕਲ ਲੋਕਾਂ ਦਾ ਗਹਿਣਿਆਂ ਦੇ ਸਮੂਹ ਦੀਆਂ ਦੁਕਾਨਾਂ ਸਨ। 1940 'ਚ ਭਾਰਤੀ, ਅਤੇ ਇਰਾਨੀ ਵਪਾਰੀਆਂ ਨੇ ਇਸ ਥਾਂ 'ਤੇ ਸਟਾਲ ਸਟਾਲ ਲਗਾਉਣੇ ਸ਼ੁਰੂ ਕਰ ਦਿੱਤੇ ਅਤੇ ਵਧੇਰੇ ਲੋਕਾਂ ਲਈ ਇੱਕ ਹੱਬ ਬਣਾਉਣਾ ਸ਼ੁਰੂ ਕਰ ਦਿੱਤਾ ਕਿਉਂ ਕਿ ਉਹ ਆਉਂਦੇ-ਜਾਂਦੇ ਸਨ। ਪਰ 1970 ਦੇ ਦਹਾਕੇ ਦੀ ਤੇਲ ਦੀ ਉਛਾਲ ਅਸਲ ਚਮਤਕਾਰ ਸੀ ਜਿਸਨੇ ਦੁਬਈ ਦੇ ਸੋਨਟ ਦੇ ਸੂਕ ਅੱਜ ਵਾਂਗ ਖਿੜਾ ਦਿੱਤਾ। ਬਾਜ਼ਾਰ ਨੂੰ ਸਾਲਾਂ ਦੌਰਾਣ ਕਈ ਬਾਰ ਵਿਸਥਾਰ ਅਤੇ ਮੁਰੰਮਤ ਕੀਤੀ ਗਈ, ਫਿਰ ਵੀ ਇਹ ਅਰਬੀ

ਸੂਕ ਦੇ ਪੁਰਾਣੇ ਅਤੇ ਸੁਹਾਵਣੇ ਮਾਹੌਲ ਨੂੰ ਬਰਕਰਾਰ ਰੱਖਿਆ ਗਿਆ। ਕਿਹਾ ਜਾਂਦਾ ਹੈਂ ਕਿ ਇਸ ਮਾਰਕੀਟ ਦੇ ਵਿਕਰੇਤਾਵਾਂ 'ਚ ਰੋਜ਼ਾਨਾਂ ਲਗਭਗ 10 ਟਨ ਸੋਨਾ ਵੇਂਚਿਆ ਜਾਂਦਾ ਹੈ, ਜਿਸਨੂੰ ਕੁੱਝ ਅਤਿਕਥਨੀ ਸਮਝਦੇ ਹਨ। ਪਰ ਵਿਸ਼ਵਵਿਆਪੀ ਖਰੀਦਦਾਰਾਂ ਦੇ ਸਵਾਗਤ ਨੂੰ ਵੇਖਦਿਆਂ ਇਹ ਸੱਚ ਹੋ ਸਕਦਾ ਹੈ।

ਦੁਬਈ ਗੋਲਡ ਸੂਕ ਹੁਣ ਦੁਨੀਆ ਦਾ ਸੱਭ ਤੋਂ ਵਿਅਸਤ ਅਤੇ ਸੱਭ ਤੋਂ ਮਸ਼ਹੂਰ ਗਹਿਣਿਆਂ ਦੇ ਬਾਜ਼ਾਰਾਂ ਵਿੱਚੋਂ ਇੱਕ ਬਣ ਗਿਆ ਹੈ। ਜੋ ਕਿ ਚਮਕਦਾਰ ਅਤੇ ਸਟਾਈਲਿਸ਼ ਚੀਜ਼ਾਂ, ਲਗਜ਼ਰੀ ਗਹਿਣਿਆਂ, ਮਹਿੰਗੇ ਅਤੇ ਉਸੇ ਸਮੇਂ ਵਿਕਰੀ ਲਈ ਕਿਫਾਇਤੀ ਚੀਜ਼ਾਂ ਦੇ ਰੂਪ 'ਚ ਵਿਲੱਖਣ ਹੈ। ਅੰਦਾਜ਼ਨ ਵਿਸ਼ਵ ਦਾ 20% ਸੋਨਾ ਇਸ ਮਾਰਕੀਟ 'ਚ ਵਪਾਰ ਕਰਦਾ ਹੈ।

• ਵਿਸ਼ਵ ਭਰ 'ਚ ਸੋਨੇ ਦੀ ਕੀਮਤ ਨਿਸ਼ਚਿਤ ਹੈ ਅਤੇ ਇਸ ਤੋਂ ਘੱਟ 'ਚ ਵੇਚਿਆ ਵੀ ਨਹੀਂ ਜਾ ਸਕਦਾ ਸੁਣਿਆ ਗਿਆ ਹੈ ਕਿ ਏਅਰਪੋਰਟ ਤੇ ਸੋਨਾ ਖਰੀਦਨਾ ਸਸਤਾ ਹੈ। ਹਾਲਾਂਕਿ ਡਿਊਟੀ ਫ੍ਰੀ ਗੋਲਡ ਸਸਤਾ ਨਹੀਂ ਹੈ। ਡਿਸਕਾਉਂਟ ਕੇਵਲ ਮੇਕਿੰਗ ਚਾਰਜ ਜਾਂ ਪ੍ਰੀਮੀਅਮ ਚਾਰਜ ਤੇ ਹੀ ਦਿੱਤਾ ਜਾਂਦਾ ਹੈ।

• ਗੋਲਡ ਸੌਕ 'ਚ ਬਾਰਗੇਨਿੰਗ, ਦੁਬਈ 'ਚ ਸੋਨੇ ਦੀ ਕੀਮਤ 'ਵਜ਼ਨ' 'ਤੇ ਤੈਅ ਕੀਤੀ ਜਾਂਦੀ ਹੈ। ਇੱਕ ਹਦ ਤੱਕ ਤੁਸੀਂ ਸਿਰਫ ਮੇਕਿੰਗ ਚਾਰਜ ਬਾਰੇ ਹੀ ਗੱਲ ਕਰ ਸਕਦੇ ਹੋ।

• ਦੁਬਈ ਗੋਲਡ ਸੌਕ ਨੂੰ ਦੁਬਈ ਨਗਰਪਾਲਿਕਾ ਰੇਨੋਵੇਸ਼ਨ ਕਰਨ ਦੀ ਯੋਜਨਾ ਬਣਾ ਰਹੀ ਹੈ। ਕਿਉਂ ਕਿ ਦੁਬਈ ਨਗਰਪਾਲਿਕਾ ਦੁਬਈ ਗੋਲਡ ਸੌਕ ਨੂੰ ਸੈਰ-ਸਪਾਟਾ ਬਣਾਉਣ ਦਾ ਯਤਨ ਕਰ ਰਹੀ ਹੈ।

• ਦੁਬਈ ਗੋਲਡ ਸੂਕ 64 ਕਿਲੋ ਵਜਨ ਵਾਲੀ ਵਿਸ਼ਵ ਦੀ ਸੱਭ ਤੋਂ ਵੱਡੀ ਰਿੰਗ ਦਾ ਗਿਨੀਜ਼ ਵਰਲਡ ਰਿਕਾਰਡ ਹੈ। ਇਹ ਟੁਕੜਾ ਦੁਬਈ ਸਥਿਤ ਤਾਇਬਾ ਦੀ ਮਲਕੀਅਤ ਹੈ।


ਅਨਿਲ ਧੀਰ
ਕਾਲਮਨਿਸਟ
healthmedia1@hotmail.com

• ਸਾਲ 2023 'ਚ, ਯੂਏਈ 'ਚ ਸੋਨੇ ਧੀ ਕੀਮਤ 'ਚ ਗਿਰਾਵਟ ਆਈ। ਇੱਕ ਮਜ਼ਬੂਤ ਡਾਲਰ ਅਤੇ ਫੈਡਰਲ ਰਿਜ਼ਰਵ ਦੇ ਮੈਂਬਰਾਂ ਦੁਆਰਾ ਬੇਤੁਕੀ ਟਿਪਣੀਆਂ ਰਾਹੀਂ ਤੋਲਿਆ ਗਿਆ, ਸੋਨੇ ਦੀ ਸਪਾਟ ਕੀਮਤ 0.47% ਦੀ ਗਿਰਾਵਟ ਤੋਂ ਬਾਅਦ ਹੀ ਦੁਬਈ ਗੋਲਡ 'ਚ ਕਮੀ ਹੋ ਗਈ।

• ਦੁਬਈ 'ਚ ਸੋਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਸਸਤਾ ਹੈ। ਗੋਲਡ ਸੌਕ 'ਚ ਸੋਨੇ ਦੇ ਗਹਿਣੇ ਅਤੇ ਗੋਲਡ ਨਾਲ ਬਣੀਆਂ ਵਸਤਾਂ 'ਤੇ ਕੇਵਲ 5% ਵੈਟ ਲਗਾਇਆ ਜਾਂਦਾ ਹੈ। ਕਿਸ਼ੁਂ ਕਿ ਦੁਨੀਆ 'ਚ ਸੋਨੇ ਲਈ ਸੱਭ ਤੋਂ ਘੱਟ ਵੈਟ ਦਰਾਂ 'ਚ ਇੱਕ ਹੈ।

• ਗੋਲਡ ਦੀਆਂ ਬਣੀਆਂ ਵਸਤਾਂ ਦੀ ਕੁਆਲਿਟੀ ਨੂੰ ਯਕੀਨੀ ਬਣਾਉਣ ਵਾਸਤੇ ਦੁਬਈ ਸਰਕਾਰ ਦੇ ਇਹ ਸੱਭ ਕੰਟ੍ਰੋਲ 'ਚ ਹੈ। ਦੁਬਈ ਤੋਂ ਖਰੀਦਿਆ ਸੋਨੇ ਦੀ ਸ਼ੁੱਧਤਾ ਦੂਜੇ ਦੇਸ਼ਾਂ ਦੇ ਮੁਕਾਬਲੇ ਉੱਤਮ ਹੈ। ਬਾਵਜੂਦ ਇਸਦੇ ਗੋਲਡ ਦੇ ਗਹਿਣਿਆਂ ਦੀ ਕੀਮਤ ਅਤੇ ਕੈਲਕੁਲੇਸ਼ਨ ਬਾਰੇ ਖਰੀਦਦਾਰ ਨੂੰ ਵੀ ਧਿਆਣ ਰੱਖਣ ਦੀ ਲੋੜ ਹੈ।

• ਸ਼ੌਕੀਨ ਅਮੀਰ ਲੋਕ ਵਿਆਹ-ਸ਼ਾਦੀਆਂ ਲਈ ਸਪੈਸ਼ਲ ਦੁਬਈ ਤੋਂ ਆਪਣੀ ਪਸੰਦ ਦੇ ਗੋਲਡ, ਡਾਇਮੰਡ, ਅਤੇ ਪਲੈਟੀਨਮ ਧਾਤੂ ਦੇ ਬਣੇ ਆਲੀਸ਼ਾਨ ਗਹਿਣੇ ਖਰੀਦਦੇ ਹਨ।

• ਜੇ ਤੁਸੀਂ ਗੋਲਡ ਨਹੀਂ ਵੀ ਖਰੀਦਨਾ, ਤਾਂ ਕੋਈ ਗੱਲ ਨਹੀਂ। ਇਸ ਦੁਬਈ ਗੋਲਡ ਸੂਕ ਦੀ ਚਮਕ-ਦਮਕ ਅਤੇ ਸ਼ਾਨਦਾਰ ਖਜਾਨੇ ਨੂੰ ਦੇਖ ਕੇ ਹੀ ਮਨ ਖੁਸ਼ ਹੋ ਜਾਂਦਾ ਹੈ। ਇੱਥੇ ਬਿਤਾਇਆ ਸਮਾਂ ਤੁਹਾਡੀ ਜ਼ਿੰਦਗੀ ਦਾ ਕਦੇ ਨਾ ਭੁਲਣ ਵਾਲਾ ਸ਼ਾਨਦਾਰ ਪਲ ਬਣ ਜਾਵੇਗਾ। ਅਗਲੀ ਬਾਰ ਇੱਕ ਵੱਖਰਾ ਅਨੁਭਵ ਸਾਂਝਾ ਕਰਾਂਗੇ।








# ਉਮੀਦਾਂ ਨਾਲ ਭਰਿਆ ਇਕ ਨਾਜ਼ੁਕ ਦੌਰ ਹੈ ਗਰਭ ਅਵਸਥਾ

ਮਾਂ ਬਣਨਾ ਹਰ ਔਰਤ ਦੀ ਜ਼ਿੰਦਗੀ ਦਾ ਇਕ ਸੁਪਨਾ ਹੁੰਦਾ ਹੈ ਅਤੇ ਗਰਭ ਅਵਸਥਾ ਇਕ ਇਸ ਤਰ੍ਹਾਂ ਦਾ ਸਮਾਂ ਹੁੰਦਾ ਹੈ ਜਦੋਂ ਇਕ ਨਵੇਂ ਮਹਿਮਾਨ ਦੇ ਆਉਣ ਦੀ ਖ਼ੁਸ਼ੀ ਤਾਂ ਹੁੰਦੀ ਹੀ ਹੈ, ਨਾਲ ਹੀ ਇਕ ਡਰ ਵੀ ਹੁੰਦਾ ਹੈ ਕਿਉਂਕਿ ਪਹਿਲੀ ਵਾਰ ਗਰਭ ਧਾਰਨ ਕਰਦੇ ਸਮੇਂ ਕਈ ਡਰ ਵੀ ਹੁੰਦੇ ਹਨ।

ਇਹ ਇਕ ਇਸ ਤਰ੍ਹਾਂ ਦਾ ਨਾਜ਼ੁਕ ਦੌਰ ਹੁੰਦਾ ਹੈ ਜਦੋਂ ਜ਼ਿਆਦਾ ਸਾਵਧਾਨੀ ਵਰਤਣ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਇਸ ਸਮੇਂ ਗਰਭਵਤੀ ਔਰਤ ਨੂੰ ਆਪਣੀ ਸਿਹਤ ਦੇ ਨਾਲ-ਨਾਲ ਉਸ ਨਵੇਂ ਮਹਿਮਾਨ ਦੀ ਸਿਹਤ ਦਾ ਵੀ ਧਿਆਨ ਰੱਖਣਾ ਹੁੰਦਾ ਹੈ। ਇਸ ਲਈ ਆਪਣੇ ਖਾਣ-ਪੀਣ 'ਤੇ ਵਿਸ਼ੇਸ਼ ਧਿਆਨ ਦਿਓ ਅਤੇ ਡਾਕਟਰ ਤੋਂ ਲਗਾਤਾਰ ਸਲਾਹ ਲੈਂਦੇ ਰਹੋ।

ਗਰਭ ਅਵਸਥਾ ਦੌਰਾਨ ਭੋਜਨ ਦੀ ਮਾਤਰਾ ਅਤੇ ਪੌਸ਼ਟਿਕਤਾ ਦੋਵਾਂ ਵਿਚ ਵਾਧਾ ਹੁੰਦਾ ਹੈ ਤਾਂ ਹੀ ਮਾਂ ਅਤੇ ਉਸ ਦੇ ਗਰਭ ਵਿਚ ਪਲ ਰਹੇ ਬੱਚੇ ਨੂੰ ਭਰਪੂਰ ਭੋਜਨ ਪ੍ਰਾਪਤ ਹੋ ਸਕਦਾ ਹੈ। ਇਸ ਸਥਿਤੀ ਵਿਚ ਪੌਸ਼ਟਿਕ ਭੋਜਨ ਦੀ ਵਰਤੋਂ ਬਹੁਤ ਜ਼ਰੂਰੀ ਹੈ। ਜੇਕਰ ਤੁਸੀਂ ਚੰਗੀ ਤੇ ਪੌਸ਼ਟਿਕ ਖ਼ੁਰਾਕ ਲੈ ਰਹੇ ਹੋ ਤਾਂ ਗਰਭ ਅਵਸਥਾ ਵਿਚ ਬੱਚੇ ਨੂੰ ਆਪਣੀ ਜ਼ਰੂਰਤ ਅਨੁਸਾਰ ਖ਼ੁਰਾਕ ਮਿਲਦੀ ਰਹੇਗੀ। ਗਰਭ ਅਵਸਥਾ ਵਿਚ ਆਪਣੇ ਤੇ ਬੱਚੇ ਦੋਵਾਂ ਦੀ ਸਹੀ ਦੇਖਭਾਲ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿਚ ਰੱਖੋ :

• ਗਰਭ ਧਾਰਨ ਦਾ ਪਤਾ ਲਗਦਿਆਂ ਹੀ ਸਭ ਤੋਂ ਪਹਿਲਾਂ ਆਪਣੀ ਡਾਕਟਰ ਦੀ ਚੋਣ ਕਰੋ, ਜਿਸ ਤੋਂ ਤੁਸੀਂ ਲਗਾਤਾਰ ਨੌਂ ਮਹੀਨੇ ਤੱਕ ਆਪਣੀ ਜਾਂਚ ਕਰਵਾਓਗੇ। ਆਪਣੀ ਡਾਕਟਰ ਨਾ ਬਦਲਦੀ ਰਹੋ। ਜੇਕਰ ਤੁਹਾਡੀ ਡਾਕਟਰ ਦੇ ਕੋਲ ਤੁਹਾਡੇ ਬਾਰੇ ਪੂਰੀ ਜਾਣਕਾਰੀ ਹੋਵੇਗੀ ਤਾਂ ਬੱਚਾ ਪੈਦਾ ਹੋਣ ਵੇਲੇ ਜ਼ਿਆਦਾ ਸਮੱਸਿਆ ਨਹੀਂ ਹੋਵੇਗੀ।

• ਗਰਭ ਅਵਸਥਾ ਵਿਚ ਤਣਾਅ-ਰਹਿਤ ਰਹਿਣ ਦੀ ਕੋਸ਼ਿਸ਼ ਕਰੋ। ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰੋ। ਤਣਾਅ ਦਾ ਤੁਹਾਡੀ ਸਿਹਤ 'ਤੇ ਤਾਂ ਬੁਰਾ ਅਸਰ ਪਵੇਗਾ ਹੀ, ਨਾਲ ਹੀ ਤੁਹਾਡੀ ਗਰਭ ਵਿਚ ਪਲ ਰਹੇ ਬੱਚੇ ਦੀ ਸਿਹਤ ਵੀ ਪ੍ਰਭਾਵਿਤ ਹੋਵੇਗੀ।

• ਗਰਭ ਅਵਸਥਾ ਦੌਰਾਨ ਅਨੇਕਾਂ ਸਰੀਰਕ ਬਦਲਾਅ ਹੁੰਦੇ ਹਨ। ਉਨ੍ਹਾਂ ਨੂੰ ਲੈ ਕੇ ਫ਼ਜ਼ੂਲ ਦੇ ਡਰ ਨਾ ਪਾਲੋ। ਕਿਸੇ ਵੀ ਡਰ ਦੇ ਹੱਲ ਲਈ ਆਪਣੀ ਡਾਕਟਰ ਨਾਲ ਸਲਾਹ ਕਰੋ।

• ਡਾਕਟਰ ਦੇ ਕਹੇ ਅਨੁਸਾਰ ਆਪਣੀ ਲਗਾਤਾਰ ਜਾਂਚ ਕਰਵਾਉਂਦੇ ਰਹੋ। ਡਾਕਟਰ ਵਲੋਂ ਕਹੇ ਗਏ ਟੈਸਟ ਵੀ ਸਮੇਂ 'ਤੇ ਕਰਵਾਉਂਦੇ ਰਹੋ। ਬਲੱਡ ਪ੍ਰੈਸ਼ਰ, ਪਿਸ਼ਾਬ ਟੈਸਟ, ਖ਼ੂਨ ਦੀ ਜਾਂਚ ਆਦਿ ਡਾਕਟਰ ਦੀ ਸਲਾਹ ਅਨੁਸਾਰ ਕਰਵਾਉਂਦੇ ਰਹੋ।

• ਗਰਭ ਅਵਸਥਾ ਦੌਰਾਨ ਕਿਸੇ ਵੀ ਦਵਾਈ ਦੀ ਵਰਤੋਂ ਡਾਕਟਰ ਤੋਂ ਪੁੱਛੇ ਬਿਨਾਂ ਨਾ ਕਰੋ ਕਿਉਂਕਿ ਤੁਹਾਡੀ ਥੋੜ੍ਹੀ ਜਿਹੀ ਬੇਧਿਆਨੀ ਤੁਹਾਡੇ ਅਤੇ ਤੁਹਾਡੇ ਬੱਚੇ ਨੂੰ ਪ੍ਰਭਾਵਿਤ ਕਰ ਸਕਦੀ ਹੈ।

• ਗਰਭ ਅਵਸਥਾ ਵਿਚ ਕੁਝ ਔਰਤਾਂ ਏਨੀਆਂ ਸਾਵਧਾਨੀਆਂ ਵਰਤਦੀਆਂ ਹਨ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਇਸ ਅਵਸਥਾ ਵਿਚ ਬਿਸਤਰ

ਸੋਨੀ ਮਲਹੋਤਰਾ

'ਤੇ ਅਰਾਮ ਕਰਨਾ ਚਾਹੀਦਾ ਹੈ ਪਰ ਇਸ ਤਰ੍ਹਾਂ ਨਹੀਂ ਹੈ। ਸਾਵਧਾਨੀ ਵਰਤਣਾ ਜ਼ਰੂਰੀ ਹੈ ਪਰ ਬਿਲਕੁਲ ਬੇਜਾਨ ਜੀਵਨ ਸ਼ੈਲੀ ਅਖ਼ਤਿਆਰ ਕਰ ਲੈਣਾ ਨੁਕਸਾਨਦਾਇਕ ਹੋ ਸਕਦਾ ਹੈ। ਇਸ ਲਈ ਆਪਣੇ ਡਾਕਟਰ ਤੋਂ ਸਲਾਹ ਲੈ ਕੇ ਚੁਸਤ ਰਹਿਣ ਦੀ ਕੋਸ਼ਿਸ਼ ਕਰੋ। ਇਸ ਅਵਸਥਾ ਵਿਚ ਡਾਕਟਰ ਹਲਕੀ ਕਸਰਤ ਕਰਨ ਦੀ ਵੀ ਸਲਾਹ ਦਿੰਦੇ ਹਨ। ਉਹ ਵੀ ਕਰਦੇ ਰਹੋ। ਸੈਰ ਕਰਨਾ ਲਾਭਕਾਰੀ ਕਸਰਤ ਹੈ।

• ਆਉਣ ਵਾਲੇ ਬੱਚੇ ਦੀ ਜ਼ਿੰਮੇਵਾਰੀ ਸੰਭਾਲਣ ਲਈ ਮਾਂ ਦਾ ਸਰੀਰਕ ਤੇ ਮਾਨਸਿਕ ਰੂਪ ਵਿਚ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ, ਇਸ ਲਈ ਆਪਣੇ ਭੋਜਨ ਵੱਲ ਵਿਸ਼ੇਸ਼ ਧਿਆਨ ਦਿਓ। ਸੰਤੁਲਿਤ ਤੇ ਪੌਸ਼ਕ ਤੱਤਾਂ ਨਾਲ ਭਰਪੂਰ ਭੋਜਨ ਖਾਓ। ਫਲ, ਹਰੀਆਂ ਸਬਜ਼ੀਆਂ, ਜੂਸ ਆਦਿ ਲਗਾਤਾਰ ਖਾਓ, ਬਾਹਰ ਦਾ ਖਾਣਾ ਘੱਟ ਖਾਓ ਅਤੇ ਬਾਸੀ ਭੋਜਨ ਤਾਂ ਬਿਲਕੁਲ ਨਹੀਂ।

• ਗਰਭ ਅਵਸਥਾ ਦੌਰਾਨ ਉਲਟੀਆਂ ਆਦਿ ਵੀ ਕਾਫ਼ੀ ਆਉਂਦੀਆਂ ਹਨ, ਇਸ ਲਈ ਕੋਸ਼ਿਸ਼ ਕਰੋ ਕਿ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਕੁਝ ਸਮੇਂ ਬਾਅਦ ਭੋਜਨ ਖਾਂਦੇ ਰਹੋ।

• ਗਰਭ ਅਵਸਥਾ ਵਿਚ ਵਾਧੂ ਪ੍ਰੋਟੀਨ ਤੇ ਕੈਲੋਰੀ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਦਾਲਾਂ, ਅਨਾਜ ਤੇ ਪੁੰਗਰੀਆਂ ਦਾਲਾਂ ਆਦਿ ਦੀ ਵਰਤੋਂ ਜ਼ਰੂਰ ਕਰੋ।

• ਗਰਭ ਅਵਸਥਾ ਦੌਰਾਨ ਬੱਚੇ ਦੀਆਂ ਹੱਡੀਆਂ ਤੇ ਦੰਦਾਂ ਦੇ ਨਿਰਮਾਣ ਲਈ ਜ਼ਿਆਦਾ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਦੁੱਧ, ਹਰੀਆਂ ਸਬਜ਼ੀਆਂ ਤੇ ਦਾਲਾਂ ਦੀ ਵਰਤੋਂ ਕਰੋ। ਕੈਲਸ਼ੀਅਮ ਦੀਆਂ ਗੋਲੀਆਂ ਦੀ ਵਰਤੋਂ ਕਰਨ ਨੂੰ ਵੀ ਇਸ ਲਈ ਡਾਕਟਰ ਕਹਿੰਦੇ ਹਨ।

• ਗਰਭ ਅਵਸਥਾ ਵਿਚ ਖ਼ੂਨ ਨਿਰਮਾਣ ਲਈ ਮਾਂ ਦੇ ਸਰੀਰ ਵਿਚ ਬੱਚਾ ਲੋਹ ਤੱਤ ਦੀ ਵੱਡੀ ਮਾਤਰਾ ਵਿਚ ਵਰਤੋਂ ਕਰਦਾ ਹੈ, ਇਸ ਲਈ ਆਇਰਨ ਦੀ ਜ਼ਰੂਰਤ ਵੀ ਵਧ ਜਾਂਦੀ ਹੈ। ਆਇਰਨ ਵਾਲੇ ਭੋਜਨ ਪਦਾਰਥਾਂ ਦੀ ਵਰਤੋਂ ਕਰੋ। ਫੋਲਿਕ ਐਸਿਡ ਅਤੇ ਵਿਟਾਮਿਨ ਬੀ12 ਵੀ ਜ਼ਰੂਰਤ ਦੀ ਪੂਰਤੀ ਲਈ ਵੀ ਡਾਕਟਰ ਗੋਲੀਆਂ ਦੀ ਵਰਤੋਂ ਕਰਨ ਨੂੰ ਕਹਿੰਦੇ ਹਨ।

# ਮੁਹੱਬਤ ਦਾ ਮੁਜੱਸਮਾ-ਮਾਂ

ਜਗਜੀਤ ਸਿੰਘ ਲੋਹਟਬੱਦੀ

ਮਾਂਕੀ ਹੈ? ਇਹ ਦੱਸਣ ਲਈ ਸ਼ਬਦ ਬੌਣੇ ਰਹਿ ਜਾਂਦੇ ਨੇਕਲਮ ਨੂੰ ਤ੍ਰੇਲੀਆਂ ਆ ਜਾਂਦੀਆਂ ਨੇਸਿਆਹੀ ਜੰਮਣ ਲੱਗਦੀ ਹੈ। ਮਮਤਾ ਦੀ ਮੂਰਤ ਦੀ ਮਹਿਮਾ ਬਿਆਨ ਕਰਨੀ ਸੌਖੀ ਹੈ ਭਲਾ? ਅੰਬਰ ਦੇ ਤਾਰੇ ਗਿਣੇ ਜਾ ਸਕਦੇ ਨੇ ਕਦੇ? ਸੁੱਚੇ ਮੋਤੀਆਂ ਦੀ ਸ਼ੁੱਧਤਾ ਦਾ ਅੰਦਾਜ਼ਾ ਲਾ ਸਕਿਆ ਕੋਈ? ਮਾਂ ਗੁਜਰੀ ਜਿਹਾ ਵਸੀਹ ਜਿਗਰਾ ਪੜ੍ਹਿਐ ਕਿਸੇ ਇਤਿਹਾਸ 'ਚ?

ਕੋਈ ਗ਼ੈਬੀ ਤਾਕਤ ਹੁੰਦੀ ਐ ਮਾਂ ਦੇ ਚਰਨਾਂ ਵਿੱਚ। ਰੱਬ ਨੇ ਧਰਤ 'ਤੇ ਜ਼ਰੂਰ ਕਿਸੇ ਦੈਵੀ ਰੂਹ ਦਾ ਅਵਤਾਰ ਬਣਾ ਭੇਜਿਆ। ਮੋਹ ਮੁਹੱਬਤ ਦਾ ਮੁਜੱਸਮਾਸਾਗਰ ਜਿਹੀ ਵਿਸ਼ਾਲਤਾ ਮਿਸ਼ਰੀ ਵਰਗੀ ਮਿਠਾਸਵਿਸਮਾਦੀ ਹਵਾ ਦਾ ਬੁੱਲ੍ਹਾ। ਸਿਆਣੇ ਕਹਿੰਦੇ ਨੇ, ਗੱਲ ਸਕੂਨ ਦੀ ਹੋਵੇਗੀ; ਤੇ ਲਫ਼ਜ਼ 'ਮਾਂ' ਯਾਦ ਆਊਗਾ। ਮਾਂ ਦੀ ਗੋਦ 'ਚ ਸਵਰਗਾਂ ਦਾ ਸਿਰਨਾਵਾਂ ਹੁੰਦੈ। ਇਬਾਦਤ ਦਾ ਹੀ ਦੂਜਾ ਨਾਂ ਹੈ-ਮਾਂ:

**ਜਦ ਜਦ ਕਾਗ਼ਜ਼ 'ਤੇ ਲਿਖਿਆ**
**ਮੈਂ ਮਾਂ ਦਾ ਨਾਮ**
**ਕਲਮ ਵੀ ਅਦਬ ਨਾਲ ਬੋਲ ਉੱਠੀ**
**ਹੋ ਗਏ ਚਾਰੋਂ ਧਾਮ**

ਮਾਂ ਕੁਦਰਤ ਦੀ ਇੱਕ ਵਿਲੱਖਣ ਕਲਾਕ੍ਰਿਤ ਹੈ। ਪ੍ਰੋ. ਮੋਹਨ ਸਿੰਘ ਦਾ ਇਹ 'ਘਣਛਾਵਾਂ ਬੂਟਾ' ਜੜ੍ਹੋਂ ਸੁੱਕ ਕੇ ਨਹੀਂ, ਸਗੋਂ ਫੁੱਲਾਂ ਦੇ ਮੁਰਝਾਉਣ 'ਤੇ ਸੁੱਕਦੈ। ਦੁਨੀਆ ਦੇ ਕਿਸੇ ਵੀ ਜੀਵ ਨੂੰ ਜੱਗ ਜਣਨੀ ਦਾ ਰੁਤਬਾ ਹਾਸਲ ਨਹੀਂ, ਸਿਰਫ਼ ਤੇ ਸਿਰਫ਼ ਮਾਂ ਨੂੰ ਹੈ। ਮਾਂ ਹੀ ਰਾਜਿਆਂ ਮਹਾਰਾਜਿਆਂ ਦੀ ਜਨਮ ਦਾਤੀ ਹੈ। ਮਾਂ ਦਾ ਰਿਸ਼ਤਾ ਮਨੁੱਖ ਜਾਤੀ ਤੋਂ ਬਿਨਾਂ ਪਸ਼ੂ ਪੰਛੀਆਂ ਦੀਆਂ ਸਮੁੱਚੀਆਂ ਜਾਤਾਂ ਵਿੱਚ ਵੀ ਇੱਕ ਸਮਾਨ ਹੈ। ਮਾਂ ਹੀ ਸਾਡੀ ਪਹਿਲੀ ਅਧਿਆਪਕ ਅਤੇ ਗੁਰੂ ਹੈ। ਲੋਰੀਆਂ, ਅਸੀਸਾਂ, ਮੋਹ ਦੀਆਂ ਕਥਾਵਾਂ ਨਾਲ ਪਰੁੱਚਿਆ ਸਾਡਾ ਬਚਪਨ ਮਾਂ ਦੀ ਹੀ ਅਨਮੋਲ ਭੇਟ ਐ। ਮਾਂ ਦਾ ਦਰਜਾ ਧਰਤੀ ਮਾਤਾ ਦੇ ਸਮਾਨ ਐ, ਜਿੱਥੋਂ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਐ। ਇੱਕ ਕੋਰੀਆਈ ਕਹਾਵਤ ਹੈ ਕਿ ਜਦ ਤੱਕ ਮਾਵਾਂ ਰਹਿਣਗੀਆਂ, ਤਦ ਤੱਕ ਰੱਬ ਵਿੱਚ ਵਿਸ਼ਵਾਸ ਬਣਿਆ ਰਹੇਗਾ। ਇਹ ਰੱਬ ਦਾ ਦੂਜਾ ਰੂਪ ਹੀ ਤਾਂ ਹੈ;

**ਅਨੇਕਾਂ ਰੂਪ ਸੋਚੇ ਅੰਤ ਮਾਂ ਦੇ ਰੂਪ ਨੂੰ ਚੁਣਿਆ**
**ਖ਼ੁਦਾ ਧਰਤੀ 'ਤੇ ਆ ਸਕਦਾ ਸੀ**
**ਆਖ਼ਰ ਹੋਰ ਕੀ ਬਣ ਕੇ (ਹਰਦਿਆਲ ਸਾਗਰ)**

ਓਸ਼ੋ ਦਾ ਕਥਨ ਹੈ ਕਿ ਇਸਤਰੀ ਮਾਂ ਬਣੇ ਬਿਨਾਂ ਆਪਣੇ ਆਪ ਨੂੰ ਸੰਪੂਰਨ ਨਹੀਂ ਸਮਝਦੀ। ਮਾਂ ਬਣਨ 'ਤੇ ਉਸ ਦੀ ਸ਼ਖ਼ਸੀਅਤ ਦਾ ਨਿਖਾਰ ਪ੍ਰਗਟ ਹੁੰਦਾ ਹੈ। ਸੁੱਚੇ ਦੁੱਧ ਦੀ ਪਹਿਲੀ ਬੂੰਦ ਦਾ ਅਹਿਸਾਸ ਅੰਮ੍ਰਿਤਮਈ ਹੁੰਦੈ। ਪਰਿਵਾਰ ਦੀ ਖਿੜੀ ਫੁਲਵਾੜੀ ਹੀ ਮਾਂ ਨੂੰ ਢਾਰਸ ਦਿੰਦੀ ਐ। ਦੁਨਿਆਵੀ ਅਲਾਮਤਾਂ ਤੋਂ ਬਚਾਉਣ ਲਈ ਕਾਲਾ ਟਿੱਕਾ ਲਾਉਣਾ ਅਤੇ ਮਿਰਚਾਂ ਵਾਰਨੀਆਂ ਮਾਂ ਦੇ ਹਿੱਸੇ ਆਈਆਂ ਨੇ। ਉਸ ਨੂੰ ਧਾਰਨਾ ਹੀ ਨਹੀਂ, ਪੱਕਾ ਵਿਸ਼ਵਾਸ ਹੁੰਦਾ ਕਿ ਭੈੜੀਆਂ ਰੂਹਾਂ ਹੁਣ ਉਸ ਦੇ ਜਾਇਆਂ ਦਾ ਕੁੱਝ ਵਿਗਾੜਨ ਜੋਗੀਆਂ ਨਹੀਂ। ਇਹੀ ਮਾਂ ਦੀ ਕਰਾਮਾਤ ਹੈ; ਇਹੀ ਉਸ ਦੀ ਅਸੀਮ ਤਾਕਤ ਹੈ, ਜੋ ਉਸ ਨੂੰ ਖ਼ੁਦ ਖ਼ੁਦਾ ਨੇ ਬਖ਼ਸ਼ੀ ਹੈ। ਅਲੌਕਿਕ ਗੁਣਾਂ ਦਾ ਸੰਗਮ! ਨਾਮੀ ਸ਼ਾਇਰ ਆਤਮਜੀਤ ਦੇ ਸ਼ਬਦ ਹਨ;

**ਮਾਂ ਤੂੰ ਮਮਤਾ ਹੈਂਮਾਂ ਤੂੰ ਮਹਿਕ ਹੈਂ**
**ਮਾਂ ਤੂੰ ਮੰਦਰ ਹੈਂਮਾਂ ਤੂੰ ਮੁਸਾਫ਼ਰ ਹੈਂ**
**ਮਾਂ ਤੂੰ ਮੇਘਲਾ ਹੈਂਮਾਂ ਤੂੰ ਮੁਕੱਦਸ ਹੈਂ**
**ਮਾਂ ਮੇਰੀ ਮੁਹੱਬਤ ਹੈ**
**ਪਹਿਲੀ, ਪੀਡੀ ਤੇ ਪਾਗਲ ਮੁਹੱਬਤ**
**ਮਾਂ ਜੇਹਾ ਮਿਹਰਬਾਨ ਕੌਣ ਹੈ?**

ਮਾਂ ਕਦੇ ਕਿਸੇ ਦੀ ਔਲਾਦ ਦਾ ਬੁਰਾ ਨਹੀਂ ਚਿਤਵਦੀ। ਉਸ ਦਾ ਦੇਵਰੂਪ ਹੈਰੋਸ਼ਨੀ ਵੰਡਣਾ। ਕਵੀ ਸੁਖਮਿੰਦਰ ਸੇਖੋਂ ਮਾਂ ਦੀ ਤੁਲਨਾ ਮੋਮਬੱਤੀ ਨਾਲ ਕਰਦੈ:

**ਮੋਮਬੱਤੀ ਪਿਘਲਦੀ ਹੈ ਮਾਂ ਵੀ ਪਿਘਲਦੀ ਹੈ**
**ਪਰ ਦੋਵਾਂ ਵਿੱਚ ਵੱਡਾ ਅੰਤਰ ਮਾਂ ਪਿਘਲ ਕੇ ਵੀ**
**ਸਾਬਤ ਸਬੂਤੀ ਰਹਿੰਦੀ ਜਦੋਂ ਕਿ ਮੋਮਬੱਤੀ**
**ਪਿਘਲ ਕੇ ਢਲ ਜਾਂਦੀ।**
**ਮਾਂ ਤੇ ਮੋਮਬੱਤੀ ਵਿੱਚ ਬਸ ਇੱਕੋ ਫ਼ਰਕ**
**ਪਹਿਲੀ ਬਾਹਰ ਨੂੰ ਚਾਨਣ ਵੰਡਦੀ**
**ਦੂਸਰੀ ਅੰਦਰ ਨੂੰ ਰੱਖੇ ਰੋਸ਼ਨ।**

ਕਿੰਨੇ ਖ਼ੁਸ਼ਕਿਸਮਤ ਨੇ ਉਹ ਲੋਕ, ਜਿਨ੍ਹਾਂ ਦੀਆਂ ਮਾਵਾਂ ਜਿਊਂਦੀਆਂ ਨੇ। ਸ਼ੁਕਰ ਕਰੋ, ਜੇ ਘਰ ਵਿੱਚ ਮਾਂ ਮੌਜੂਦ ਹੈ। ਮਾਂ ਨਾਲ ਦੁਨੀਆ ਵੱਸਦੀ ਐ। ਔਖੀ ਘੜੀ ਵਿੱਚ ਸਭ ਤੋਂ ਪਹਿਲਾਂ ਬੁੱਲ੍ਹਾਂ 'ਤੇ ਨਾਮ 'ਮਾਂ' ਦਾ ਹੀ ਆਊਗਾ ਤੇ ਉਹੀ ਤੁਹਾਡੀ ਪਨਾਹਗੀਰ ਹੋਵੇਗੀ। ਦੁਸ਼ਵਾਰੀਆਂ ਦੇ ਪਲਾਂ ਵਿੱਚ ਤੁਹਾਡੀ ਨਜ਼ਰ ਮਾਂ ਨੂੰ ਭਾਲਦੀ ਫਿਰੇਗੀ, ਜਿਹਨੇ ਬਚਪਨ ਤੋਂ ਹੀ ਤੁਹਾਡੇ ਗ਼ਮਗੀਨ ਛਿਣਾਂ ਨੂੰ ਆਪਣੇ ਪੱਲੂ ਵਿੱਚ ਛੁਪਾਇਆ ਸੀ; ਜਿਸ ਨੇ ਪਰੀ ਕਹਾਣੀਆਂ ਸੁਣਾ ਕੇ ਤੁਹਾਨੂੰ ਆਦਮ ਕੱਦ ਦਿਓ ਤੋਂ ਬਚਾਉਣ ਲਈ ਸਿਰ ਉਤਲੀ ਚੁੰਨੀ ਦਾ ਛਤਰ ਤਾਣਿਆ ਸੀ। ਕਿੰਨੇ ਜ਼ਫ਼ਰ ਜਾਲੇ ਹੁੰਦੇ ਨੇ ਮਾਂ ਨੇ ਸਾਡੇ ਬਾਲ-ਵਰੇਸ ਵਿੱਚ, ਉਹ ਵੀ ਬਿਨਾਂ ਕਿਸੇ ਇਵਜ਼ਾਨੇ ਤੋਂ? ਬਲਜਿੰਦਰ ਸਿੰਘ ਆਸਟਰੇਲੀਆ ਮਾਂ ਨੂੰ ਯਾਦ ਕਰਦੈ;

**ਬਿਜਲੀ ਲਿਸ਼ਕਾਂ ਮਾਰਦੀ ਦੇਖ ਕੇ**
**ਮਾਂ ਚੇਤੇ ਆ ਗਈ**
**ਮਾਂ ਚੁੰਨੀਆਂ, ਚਾਦਰਾਂ ਨਾਲ, ਸ਼ੀਸ਼ੇ ਢਕਦੀ**
**ਕਾਲਾ ਤਵਾ ਜਾਂ ਪਰਾਤ, ਵਿਹੜੇ 'ਚ ਮੂਧਾ ਮਾਰਦੀ**
**ਛੁੱਟੀਆਂ ਕੱਟਣ ਨਾਨਕੇ ਘਰ ਆਏ**
**ਮੇਰੇ ਭਾਣਜੇ ਭਾਣਜੀਆਂ ਨਾਲੋਂ**
**ਵੱਖਰੇ ਕਮਰੇ ਵਿੱਚ, ਮੈਨੂੰ ਜਾ ਲਿਟਾਉਂਦੀ।**
**ਮਾਂ ਚੇਤੇ ਆ ਗਈ**
**ਜਦ ਬਿਜਲੀ ਲਿਸ਼ਕਾਂ ਮਾਰਦੀ ਦੇਖੀ।**

ਮਾਂ ਸਾਨੂੰ ਪਰਵਾਜ਼ ਭਰਨਾ ਵੀ ਸਿਖਾਉਂਦੀ ਹੈ ਤੇ ਇਸੇ ਵਿਯੋਗ ਦਾ ਸਭ ਤੋਂ ਵੱਧ ਸੇਕ ਵੀ ਮਾਂ ਦੇ ਹਿੱਸੇ ਹੀ ਆਉਂਦੈ। ਪੁੱਤਰ ਵਿਛੋੜੇ ਵਿੱਚ ਰੋ ਰੋ ਅੰਨ੍ਹੀ ਹੋਈ ਰਾਣੀ ਇੱਛਰਾਂ ਨੂੰ ਪੂਰਨ ਦੀ ਆਮਦ ਦੀ ਖ਼ਬਰ ਹੀ ਠੰਢੀ ਹਵਾ ਦਾ ਬੁੱਲ੍ਹਾ ਲੈ ਕੇ ਆਉਂਦੀ ਐ;

**ਯੇ-ਯਾਦ ਨਾ ਮਾਤਾ ਨੂੰ ਗ਼ਮ ਰਿਹਾ**
**ਪੜ੍ਹਦੇ ਬੇ-ਦੀਦੇ ਸੁਣ ਕੇ ਖੁੱਲ੍ਹ ਗਏ**
**ਪੂਰਨ ਦੇਖਦੀ ਨੂੰ ਥਣੀਂ ਦੁੱਧ ਪਇਆ**
**ਧਾਰ ਮੁੱਖ ਪਰਨਾਲੜੇ ਚੱਲ ਗਏ (ਕਾਦਰ ਯਾਰ)**



ਵਿਦੇਸ਼ੀਂ ਬੈਠੇ ਹਜ਼ਾਰਾਂ ਪੁੱਤ ਉਨ੍ਹਾਂ ਝੁਰੜੀਆਂ ਭਰੇ ਹੱਥਾਂ ਦੀਆਂ ਰੋਟੀਆਂ ਦੀ ਮਿਠਾਸ ਨੂੰ ਖਿਆਲੀਂ ਤਰਸਦੇ ਨੇ ਤੇ ਸੱਤ ਸਮੁੰਦਰੋਂ ਪਾਰ ਵੱਸਦੀ ਮਾਂ ਨੂੰ ਵੀ ਪੁੱਤ ਦੀ ਭੁੱਖ ਦੀ ਚਿੰਤਾ ਸਤਾਉਂਦੀ ਰਹਿੰਦੀ ਹੈ, "ਪੀਜ਼ਿਆਂ ਬਰਗਰਾਂ ਨਾਲ ਕਿੱਥੇ ਪੇਟ ਝੁਲਸਿਆ ਜਾਂਦੈ?" ਇਸ ਤੋਂ ਵੱਧ ਜਜ਼ਬਾਤੀ ਰਿਸ਼ਤਾ ਹੋਰ ਕਿਹੜਾ ਹੁੰਦੈ? ਪਰਾਈਆਂ ਧਰਤੀਆਂ 'ਤੇ ਬੈਠਿਆਂ 'ਵੇ ਅਕਬਰਾ' ਕੀਹਨੇ ਕਹਿਣਾ? ਚੰਦ ਛਿੱਲੜ ਪੈਰਾਂ ਦੀਆਂ ਬੇੜੀਆਂ ਬਣ ਜਾਂਦੇ ਨੇ। ਪੁੱਤ ਨੂੰ ਵੀ ਤੜਫ਼ਣਾ ਹੁੰਦੀ ਆ ਕਿ ਕਦੋਂ ਵਾਪਸ ਜਾ ਕੇ ਜਨਮ ਦਾਤੀ ਦਾ ਚਿਹਰਾ ਆਪਣੇ ਹੱਥਾਂ ਵਿੱਚ ਲੈ ਲਵਾਂ, ਝੋਲੀ ਵਿੱਚ ਸਿਰ ਰੱਖ ਕੇ ਡਾਲਰ ਉਹਦੇ ਚਰਨਾਂ ਵਿੱਚ ਢੇਰੀ ਕਰ ਦੇਵਾਂ। ਸ਼ਾਇਦ ਬਹੁਤਿਆਂ ਦੀ ਕਿਸਮਤ 'ਚ ਇਹ ਵੀ ਨਹੀਂ ਵਾਪਰਦਾ। ਹੰਝੂ ਆਪ ਮੁਹਾਰੇ ਵਗ ਤੁਰਦੇ ਨੇ।

ਅਸੀਂ ਸੰਸਕਾਰੀ ਜੀਵ ਹਾਂ। ਸਾਡੇ ਗ੍ਰੰਥਾਂ ਵਿੱਚ ਮਾਂ ਨੂੰ ਰੱਬ ਤੋਂ ਵੱਡਾ ਦਰਜਾ ਦਿੱਤਾ ਹੋਇਐ। ਰਿਸ਼ੀਆਂ, ਮੁਨੀਆਂ, ਵਿਦਵਾਨਾਂ ਨੇ ਵੀ ਉੱਚ ਪਾਏਦਾਨ ਬਖ਼ਸ਼ਿਆ। ਫਿਰ ਇਹ ਬਿਰਧ ਆਸ਼ਰਮਾਂ ਵਿੱਚ ਬੈਠੀਆਂ ਮਾਵਾਂ ਕਿਸ ਦੀਆਂ ਨੇ? ਬਨਾਰਸ ਦੇ ਘਾਟਾਂ 'ਤੇ ਫਟੇ ਪੁਰਾਣੇ ਚੀਥੜਿਆਂ ਵਿੱਚ ਡੰਗ ਟਪਾਉਂਦੀਆਂ ਮਹਿਲਾਵਾਂ ਦਾ ਘਰ ਕਿੱਥੇ ਐ? ਕੌਣ ਹੈ ਇਨ੍ਹਾਂ ਦਾ ਵਾਰਿਸ? ਦਿਲ 'ਤੇ ਹੱਥ ਰੱਖ ਕੇ ਸੋਚਿਉ; ਮਾਂ ਦਾ ਦੇਣ ਦੇ ਰਹੇ ਹਾਂ? ਮਾਂ ਦਾ ਕਰਜ਼ਾ ਮੋੜਨ ਦੇ ਸਮਰੱਥ ਹਾਂ? ਮਾਂ ਨੇ ਤੁਹਾਡੇ ਕੋਲੋਂ ਕਦੇ ਕੁੱਝ ਮੰਗਿਆ ਹੈ? ਪਰਿਵਾਰ ਤੋਂ ਆਪਣੀ ਮਿਹਨਤ ਰੂਪੀ ਸਮੁੱਚੀ ਪੂੰਜੀ ਲੁਟਾਉਣ ਵਾਲੀ ਜਣਨੀ ਲਈ ਸਾਡੇ ਕੋਲ ਕਿੰਨਾ ਕੁ ਸਮਾਂ ਹੈ? ਉਸ ਦੀਆਂ ਲੋੜਾਂ ਤਾਂ ਨਿਹਾਇਤ ਸੀਮਿਤ ਨੇ। ਉਹ ਸਿਰਫ਼ ਤੁਹਾਡੇ ਦੋ ਪਿਆਰ ਭਰੇ ਬੋਲਾਂ ਦੀ ਤਲਬਗਾਰ ਹੈ। ਤੁਹਾਡੀ ਚੁੱਪ ਉਸ ਦੇ ਅੰਦਰ ਨੂੰ ਵੱਢ ਵੱਢ ਖਾਂਦੀ ਹੈ ਕਿ ਉਸ ਦੀ ਔਲਾਦ ਨੂੰ ਕੋਈ ਗ਼ਮ ਹੈ। ਉਹ ਆਪਣਾ ਅੰਦਰ ਫਰੋਲਣਾ ਚਾਹੁੰਦੀ ਹੈ। ਨਿੱਕੀਆਂ ਜਿੰਦੜੀਆਂ ਵਿੱਚ ਆਪਣਾ ਭਵਿੱਖ ਦੇਖਦੀ ਐ। ਉਸ ਦਾ ਕਮਜ਼ੋਰ ਜਿਹਾ ਚਿਹਰਾ ਤੇ ਕੰਬਦੇ ਹੱਥ ਆਉਣ ਵਾਲੀਆਂ ਪੀੜ੍ਹੀਆਂ ਲਈ ਹੀ ਅੰਬਰ 'ਚੋਂ ਦੁਆਵਾਂ ਮੰਗਦੇ ਨੇ। ਉਸ ਨੂੰ ਹੋਰ ਆਪਣੇ ਲਈ ਕਿਸੇ ਸਵਰਗ ਦੀ ਚੇਸ਼ਟਾ ਨਹੀਂ ਹੁੰਦੀ। ਆਪਣੀਆਂ ਨਿੱਕੀਆਂ ਨਿੱਕੀਆਂ ਬਾਤਾਂ ਤੁਹਾਡੇ ਨਾਲ ਸਾਂਝੀਆਂ ਕਰਨਾ ਲੋਚਦੀ ਹੈ। ਸ਼ਾਇਰ ਤ੍ਰੈਲੋਚਨ ਲੋਚੀ ਮਾਂ ਦੀ ਨਬਜ਼ 'ਤੇ ਹੱਥ ਰੱਖਦੈ;

**ਦਿਨ ਚੜ੍ਹਿਆ ਤਾਂ ਸਾਰੇ ਤੁਰ ਗਏ ਕੰਮਾਂ ਨੂੰ**
**ਜੋ ਅੰਮੀ ਨੂੰ ਆਇਆ ਸੁਪਨਾ ਕੌਣ ਸੁਣੇ?**

ਡਾ. ਦਲੀਪ ਕੌਰ ਟਿਵਾਣਾ ਲਿਖਦੀ ਹੈ: "ਮੇਰੇ ਇੱਕ ਨਾਵਲ ਦਾ ਨਾਮ ਹੈ 'ਰਿਣ ਪਿੱਤਰਾਂ ਦਾ', ਪਰ ਮੇਰਾ ਬੇਟਾ ਹਮੇਸ਼ਾਂ ਆਖਦਾ ਹੈ 'ਰਿਣ ਪੁੱਤਰਾਂ ਦਾ'। ਪਹਿਲਾਂ ਮੈਂ ਉਸ ਦੀ ਇਸ ਗੱਲ ਉੱਪਰ ਹੱਸ ਛੱਡਦੀ ਸੀ, ਪਰ ਹੁਣ ਲੱਗਦੈ, ਸਾਡੇ ਸਮਿਆਂ ਦਾ ਇਹੋ ਸੱਚ ਹੈ ਕਿ ਅਸੀਂ ਪਿੱਤਰਾਂ ਦੇ ਰਿਣ ਨੂੰ ਭੁੱਲ ਕੇ ਬੱਚਿਆਂ ਲਈ ਕੁੱਝ ਵੀ ਕਰਨ ਨੂੰ ਤਿਆਰ ਰਹਿੰਦੇ ਹਾਂ। ਪਰ ਉਪਨਿਸ਼ਦਾਂ ਵਿੱਚ ਵਿੱਚ ਤਾਂ ਇਹ ਵੀ ਲਿਖਿਆ ਹੋਇਆ ਹੈ ਕਿ ਕਲਯੁੱਗ ਵਿੱਚ ਮਨੁੱਖ ਦੇ ਪਿਛਲੇ ਜਨਮਾਂ ਦੇ ਦੁਸ਼ਮਣ ਉਹਦੇ ਘਰ ਬੱਚੇ ਬਣ ਕੇ ਜੰਮਣਗੇ। ਮਤਲਬ ਹੈ, ਤੁਹਾਨੂੰ ਸਭ ਤੋਂ ਵੱਧ ਦੁੱਖ ਤੁਹਾਡੇ ਬੱਚੇ ਹੀ ਦੇਣਗੇ।"ਕੌੜੀ ਸੱਚਾਈ ਤੋਂ ਮੂੰਹ ਮੋੜ ਸਕਦੇ ਹਾਂ?

ਪਿੰਡੋਂ ਫੋਨ ਆਇਆ। ਬੀਬੀ ਅਚਾਨਕ 'ਚੁੱਪ' ਹੋ ਗਈ ਐ। ਲੁਧਿਆਣੇ ਹਸਪਤਾਲ ਲਿਆਂਦਾ। ਫੈਮਿਲੀ ਡਾਕਟਰ ਨੇ ਦੱਸਿਆ, "ਬਰੇਨ ਹੈਮਰੇਜ ਹੈਬਚਣਾ ਮੁਸ਼ਕਿਲ ਹੈਵਾਪਸ ਲੈ ਜਾਉਮਿੱਟੀ ਦੀ ਢੇਰੀ ਐ।"ਡਾਕਟਰ ਸਾਫ਼ ਦਿਲ ਸੀ, ਪਰ ਉਸ ਵੇਲੇ ਕਿੰਨੇ ਅੱਖਰੇ ਸਨ ਉਸ ਦੇ ਇਹ ਬੋਲ। ਜਿਊਂਦੇ ਜੀਅ ਕਿਵੇਂ ਮੰਨ ਲਈਏ 'ਮਿੱਟੀ ਦੀ ਢੇਰੀ'? ਸਾਹਾਂ ਦੀ ਡੋਰ ਹੀ ਆਸਾਂ ਦਾ ਗਵਾਹ ਬਣਦੀ ਹੈ। ਸ਼ਾਇਦ ਕਰਜ਼ ਦਾ ਇੱਕ ਅੱਧ ਕਿਣਕਾ ਇਸੇ ਬਹਾਨੇ ਚੁਕਤਾ ਕਰ ਸਕੀਏ। ਦੀਵੇ ਦੀ ਲੋਅ ਮੱਧਮ ਹੁੰਦੀ ਗਈ। ਤਿੰਨ ਕੁ ਦਿਨਾਂ ਬਾਅਦ ਡਾਕਟਰ ਦੇ ਬੋਲ ਸੱਚ ਹੋ ਗਏ। ਮਿੱਟੀ ਵਿੱਚ ਸਮਾਅ ਗਈ ਮਾਂ। ਡਾ. ਧਰਮਪਾਲ ਸਾਹਿਲ ਦੀਆਂ ਸਤਰਾਂ ਮਨ ਮਸਤਕ ਵਿੱਚ ਤਾਜ਼ਾ ਹੋ ਉੱਠੀਆਂ;

**ਬਚਪਨ ਵਿੱਚ ਖਿਡਾਇਆ ਸੀ ਜਿਸ ਨੂੰ**
**ਆਪਣੀ ਗੋਦ ਵਿੱਚ ਫੁੱਲਾਂ ਵਾਂਗ;**
**ਉਸੇ ਗੋਦ ਵਿੱਚ ਸਿਮਟ ਗਈ ਹੈ ਮਾਂ**
**ਮੁੱਠੀ ਭਰ ਫੁੱਲ ਬਣ ਕੇ।**

ਗ਼ਮਗੀਨ ਪਲ ਯਾਦਾਂ ਦੀ ਪਟਾਰੀ ਬਣ ਜਾਂਦੇ ਨੇ। ਮਹੀਨ ਪਰਤਾਂ ਸੋਚਾਂ ਵਿੱਚ ਘੁੰਮਦੀਆਂ ਰਹਿੰਦੀਆਂ ਨੇ। ਸੇਵਾ ਭਾਵ ਦੇ ਖਿਣ ਜ਼ਿੰਦਗੀ ਦਾ ਸਰਮਾਇਆ ਬਣ ਜਾਂਦੇ ਨੇ। ਸ਼ਾਇਦ ਉੱਪਰਲੀ ਦਰਗਾਹ ਵਿੱਚ ਪ੍ਰਵਾਨ ਹੋ ਗਏ ਹੋਣ। ਲੋਕੀਂ ਸਾਲ ਵਿੱਚ ਇੱਕ ਦਿਨ 'ਮਾ' ਦਾ ਮਨਾਉਂਦੇ ਨੇ। ਕਦੇ ਮਾਂ ਤੋਂ ਬਿਨਾਂ ਵੀ ਦਿਨ ਹੁੰਦੈ? ਮਾਂ ਤਾਂ ਚੱਤੋ ਪਹਿਰ ਆਪਣੇ ਬੱਚਿਆਂ ਵਿੱਚ ਵੱਸਦੀ ਹੈ। ਉਸ ਦੀ ਸੁਗੰਧਤ ਰੂਹ ਸਾਰੇ ਆਲੇ ਦੁਆਲੇ ਨੂੰ ਮਹਿਕਾਈ ਰੱਖਦੀ ਹੈ। ਉਸ ਦੀਆਂ ਅਰਦਾਸਾਂ, ਅਰਜ਼ੋਈਆਂ ਹੀ ਤਾਂ ਸਾਡਾ ਕੀਮਤੀ ਖ਼ਜ਼ਾਨਾ ਬਣਦੀਆਂ ਹਨ। ਸ਼ਾਇਰ ਗੁਰਭਜਨ ਗਿੱਲ ਦੀ ਮਾਂ ਨੂੰ ਸ਼ਰਧਾਂਜਲੀ ਹੈ;

**ਉਹ ਤਾਂ ਕੇਵਲ ਚੋਲਾ ਬਦਲੇ**
**ਕੌਣ ਕਹੇ ਮਾਂ ਮਰ ਜਾਂਦੀ ਹੈ।**
**ਪੁੱਤਰ ਧੀਆਂ ਅੰਦਰ ਉਹ ਤਾਂ**
**ਆਪਣਾ ਸਭ ਕੁੱਝ ਧਰ ਜਾਂਦੀ ਹੈ।**
**ਮਹਿਕ ਸਦੀਵੀ, ਮੋਹ ਦੀਆਂ ਤੰਦਾਂ**
**ਮਮਤਾ ਮੂਰਤ ਰੂਪ ਬਦਲਦੀ**
**ਕਿੰਨੇ ਮਹਿੰਗੇ ਅਸਲ ਖ਼ਜ਼ਾਨੇ**
**ਦੇ ਕੇ ਝੋਲੀ ਭਰ ਜਾਂਦੀ ਹੈ।**

SINGHS TRRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
MoneyGram
WESTERN UNION
MONEY TRANSFER
Trans-Fast
Ph:- 01886-502532
Mob:- 94634-04595

BHHS BERKSHIRE HATHAWAY HOMESERVICES
CJ Singh
License # 24012019
Real Estate Broker
NORTHWEST
REAL ESTATE
BERKSHIRE
HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ
ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

# ਰਿਸ਼ਤਿਆਂ ਵਿੱਚ ਮਿਠਾਸ



ਸੁਪਿੰਦਰ ਸਿੰਘ ਰਾਣਾ

ਹਸਪਤਾਲ ਵਿੱਚ ਪਰਚੀਆਂ ਬਣਵਾਉਣ ਵਾਲਿਆਂ ਦੀ ਲੰਮੀ ਕਤਾਰ ਲੱਗੀ ਹੋਈ ਸੀ। ਕਈ ਕਾਹਲੇ ਹੋਏ ਪਏ ਸਨ ਤੇ ਕੋਈ ਕੌੜਾ ਝਾਕ ਰਹੇ ਸਨ। ਮੇਰੇ ਨੇੜੇ ਖਲੋਤੇ ਇੱਕ ਬਜ਼ੁਰਗ ਕੁੱਝ ਤਨਜ਼ ਤੇ ਕੁੱਝ ਹਾਸੇ ਵਿੱਚ ਕਹਿ ਰਹੇ ਸਨ ਕਿ ਭਾਵੇਂ ਸ਼ੂਗਰ ਦੀ ਬਿਮਾਰੀ ਵਧ ਰਹੀ ਹੈ, ਪਰ ਕੁੜੱਤਣ ਵੇਖੋ ਕਿੰਨੀ ਭਾਰੂ ਹੋ ਰਹੀ ਹੈ। ਲੋਕ ਖਰ੍ਹਵਾਂ ਬੋਲਦੇ ਹਨ। ਫਿਰ ਉਸ ਸਿਆਣੇ ਨੇ ਕਮਾਲ ਦੀ ਟਿੱਪਣੀ ਕੀਤੀ। ਉਹ ਕਹਿੰਦਾ ਪਹਿਲਾਂ ਲੋਕ ਹੱਥੀਂ ਕੰਮ ਕਰਦੇ ਸਨ ਤੇ ਖੱਟਾ-ਮਿੱਠਾ ਖਾਣ ਲੱਗਿਆਂ ਕੋਈ ਪਰਹੇਜ਼ ਨਹੀਂ ਸੀ ਕਰਨਾ ਪੈਂਦਾ। ਹੁਣ ਕਹਾਣੀ ਉਲਟ ਹੋ ਗਈ ਹੈ। ਹੱਥ ਹਿਲਾਉਣਾ ਕੋਈ ਨਹੀਂ ਚਾਹੁੰਦਾ ਤੇ ਦੂਜੇ ਬੰਨੇ ਮੂੰਹ ਨੂੰ ਛਿਕਲੀ ਦੇਣ ਦੀ ਨੌਬਤ ਆ ਗਈ ਹੈ। ਪਹਿਲਾਂ ਜਿੱਥੇ ਢਾਬੇ ’ਤੇ ਚਾਹ ਬਣਵਾਉਣ ਵੇਲੇ ਆਖਿਆ ਜਾਂਦਾ ਸੀ ਕਿ ‘ਪੱਤੀ, ਦੁੱਧ ਜ਼ਰਾ ਰੋਕ ਕੇ ਮਿੱਠਾ ਜ਼ਰਾ ਠੋਕ ਕੇ’ ਤੇ ਹੁਣ ‘ਹਰ ਚੀਜ਼ ਸੰਕੋਚ ਕੇ’ ਦੀ ਗੱਲ ਕੀਤੀ ਜਾਂਦੀ ਹੈ। ਅੱਜ ਬਿਮਾਰੀ ਅਜੇ ਕੋਹਾਂ ਦੂਰ ਹੁੰਦੀ ਹੈ ਤੇ ਫ਼ਿਕਰ ਦੇ ਮਾਰੇ ਬੰਦਾ ਤੇ ਉਸ ਦੇ ਘਰ ਦੇ ਘਾਬਰਨ ਲੱਗ ਪੈਂਦੇ ਹਨ। ਉਸ ਬਜ਼ੁਰਗ ਦੀਆਂ ਗੱਲਾਂ ਸੁਣ ਕੇ ਕਤਾਰ ਵਿੱਚ ਖੜ੍ਹੇ ਲੋਕ ਕਾਫ਼ੀ ਨਿੱਸਲ ਜਿਹੇ ਹੋ ਗਏ ਸਨ। ਕਈ ਮੁਸਕਰਾ ਵੀ ਰਹੇ ਸਨ। ਇਹ ਵੀ ਸੱਚ ਸੀ ਕਿ ਹਰ ਕਿਸੇ ’ਤੇ ਆਪਣੀ ਸਰੀਰਕ ਜਾਂ ਮਾਨਸਿਕ ਤਕਲੀਫ਼ ਭਾਰੂ ਹੋ ਰਹੀ ਸੀ।

ਖ਼ੈਰ! ਦੁੱਖ ਤਾਂ ਹਰੇਕ ਦੀ ਜ਼ਿੰਦਗੀ ਵਿੱਚ ਆਉਂਦੇ ਰਹਿੰਦੇ ਹਨ। ਇਹ ਵੀ ਸੱਚ ਹੈ ਕਿ ਆਪਸੀ ਪਿਆਰ ਤੇ ਅਪਣੱਤ ਸਦਕਾ ਵੱਡੇ ਤੋਂ ਵੱਡਾ ਦੁੱਖ ਵੀ ਛੋਟਾ ਜਾਪਣ ਲੱਗ ਜਾਂਦਾ ਹੈ। ਮਨੁੱਖੀ ਰਿਸ਼ਤਿਆਂ ਵਿੱਚ ਸਾਂਝ ਨਾ ਰਹੇ, ਇੱਕ ਦੂਜੇ ਪ੍ਰਤੀ ਕੋਈ ਲਗਾਉ ਹੀ ਨਾ ਪ੍ਰਤੀਤ ਹੋਵੇ, ਫਿਰ ਔੜ ਮਾਰੀ ਧਰਤੀ ਜਿਹੀ ਹਾਲਤ ਹੋ ਜਾਂਦੀ ਹੈ। ਰਿਸ਼ਤੇ ਕੱਚੇ ਧਾਗਿਆਂ ਦੇ ਬੰਧਨਾਂ ਜਿਹੇ ਹੁੰਦੇ ਹਨ, ਲਾਪ੍ਰਵਾਹੀ ਵਰਤੀ ਜਾਵੇ ਤਾਂ ਫਿਰ ਇਹ ਬਹੁਤੀ ਦੇਰ ਚੱਲਦੇ ਨਹੀਂ। ਹੁਣ ਵੇਖੀਏ, ਅਦਾਲਤਾਂ, ਵਿਮੈੱਨ ਸੈੱਲਾਂ, ਅਪਰਾਧਿਕ ਸੈੱਲਾਂ ਅਤੇ ਪੰਚਾਇਤਾਂ ਕੋਲ ਲੜਾਈ-ਝਗੜਿਆਂ ਤੇ ਆਪਸੀ ਤੋੜ ਵਿਛੋੜਿਆਂ ਦੇ ਕਿੰਨੇ ਹੀ ਕੇਸ ਰੋਜ਼ਾਨਾ ਆਉਂਦੇ ਰਹਿੰਦੇ ਹਨ। ਵਧੇਰੇ ਕੇਸਾਂ ਦਾ ਮੁੱਖ ਕਾਰਨ ਸਹਿਣਸ਼ਕਤੀ ਤੇ ਪਿਆਰ ਭਾਵਨਾ ਦੀ ਘਾਟ ਹੀ ਪਾਈ ਜਾਂਦੀ ਹੈ। ਨਿੱਕੀ-ਨਿੱਕੀ ਗੱਲ ’ਤੇ ਤਿੜਕੇ ਹੋਏ ਲੋਕ ਝਗੜਿਆਂ ਨੂੰ ਵਧਾਉਂਦੇ ਜਾਂਦੇ ਹਨ। ਨਤੀਜਾ ਇਹ ਕਿ ਇੱਕ ਦੂਜੇ ਦੇ ਜਾਨੀ ਦੁਸ਼ਮਣ ਬਣ ਜਾਂਦੇ ਹਨ।

ਬਹੁਤਾ ਮਸਲਾ ਅਕਸਰ ਹਉਮੈ ਦਾ ਹੁੰਦਾ ਹੈ। ਅੱਜ ਹਰ ਕੋਈ ਟਟੀਹਰੀ ਬਣੀਂ ਫਿਰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ। ਹਰ ਬੰਦਾ ਆਪਣੀ ਥਾਂ ਸਿਆਣਾ ਹੈ। ਉਸ ਦਾ ਆਤਮ ਸਨਮਾਨ ਵੀ ਹੈ। ਆਪਣੇ ਆਪ ਨੂੰ ਦੂਜਿਆਂ ਤੋਂ ਵਧੇਰੇ ਸਿਆਣਾ ਸਮਝਣਾ ਜਾਂ ਦੂਜੇ ਨੂੰ ਹੀਣਾ ਸਮਝ, ਉਸ ਦੀ ਨੁਕਤਾਚੀਨੀ ਕਰੀ ਜਾਣੀ ਤੇ ਆਪਣੀਆਂ ਸਿਫ਼ਤਾਂ ਦੇ ਪੁੱਲ ਬੰਨ੍ਹੀ ਜਾਣੇ, ਅਜਿਹੇ ਵਿਹਾਰ ਰਿਸ਼ਤਿਆਂ ਵਿੱਚ ਮਿਠਾਸ ਦੀ ਥਾਏਂ ਖਟਾਸ ਤੇ ਕੁੜੱਤਣ ਪੈਦਾ ਕਰਦੇ ਹਨ। ਪੀੜ੍ਹੀਆਂ ਦਾ ਪਾੜਾ ਵੀ ਰਿਸ਼ਤਿਆਂ ਵਿੱਚ ਤਰੇੜਾਂ ਪੈਦਾ ਕਰਦਾ ਹੈ। ਬਜ਼ੁਰਗ ਸੋਚਦੇ ਹਨ ਕਿ ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਦੀ ਔਲਾਦ ਦਾ ਕੀ ਹਾਲ ਹੋਵੇਗਾ। ਉਹ ਆਪਣੀ ਔਲਾਦ ਨੂੰ ਮੌਕਾ ਦੇਣ ਦੀ ਕੋਸ਼ਿਸ਼ ਨਹੀਂ ਕਰਦੇ। ਹਾਲਾਂਕਿ, ਅਕਸਰ ਵੇਖਣ ਨੂੰ ਮਿਲਦਾ ਹੈ ਕਿ ਜਦੋਂ ਮੌਕਾ ਮਿਲਦਾ ਹੈ ਤਾਂ ਨਵੀਂ ਪੀੜ੍ਹੀ ਬੜੇ ਮਾਅਰਕੇ ਮਾਰਦੀ ਹੈ, ਤਰੱਕੀ ਦੀਆਂ ਨਵੀਆਂ ਉਚਾਈਆਂ ਨੂੰ ਛੂੰਹਦੀ ਹੈ। ਪਿਆਰ, ਸਤਿਕਾਰ ਤੇ ਸਦ-ਭਾਵਨਾ ਬਣੀ ਹੋਵੇ ਤਾਂ ਦੋਵੇਂ ਧਿਰਾਂ ਇੱਕ-ਦੂਜੇ ਦੇ ਨਜ਼ਰੀਏ ਨੂੰ ਸਮਝਦੀਆਂ ਤੇ ਸਰਾਹੁੰਦੀਆਂ ਹਨ।

ਸਮੇਂ ਦੇ ਬੀਤਣ ਨਾਲ ਵੀ ਰਿਸ਼ਤਿਆਂ ਦੇ ਰੰਗ ਬਦਲਦੇ ਹਨ। ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਸਬੰਧਾਂ ਨੂੰ ਨਵੇਂ ਪ੍ਰਕਰਨਾਂ ਤੇ ਪ੍ਰਸੰਗਾਂ ਵਿੱਚ ਰੱਖ ਕੇ ਸਮਝਿਆ ਜਾਵੇ। ਵੈਰ-ਵਿਰੋਧ ਦੀਆਂ ਭਾਵਨਾਵਾਂ ਨੂੰ ਜੇ ਹਵਾ ਦਿੱਤੀ ਜਾਵੇ ਤਾਂ ਇਹ ਅੱਗ ਦੀਆਂ ਲਾਟਾਂ ਵਾਂਗ ਵਧਦੀਆਂ ਜਾਂਦੀਆਂ ਹਨ। ਜੇ ਸਮੇਂ ਸਿਰ ਸਮਝਦਾਰੀ ਵਰਤ ਕੇ ਇਨ੍ਹਾਂ ਫ਼ਰਕਾਂ ਤੇ ਮੱਤਭੇਦਾਂ ਨੂੰ ਮਿਟਾ ਦਿੱਤਾ ਜਾਵੇ ਤਾਂ ਹਾਲਾਤ ਸੁਖਾਵਾਂ ਮੋੜ ਲੈ ਲੈਂਦੇ ਹਨ। ਕਹਾਵਤ ਹੈ ਕਿ ਜੇ ਪਾਟੇ ਨੂੰ ਸੀਵੀਏ ਨਾ ਤੇ ਰੁੱਸੇ ਨੂੰ ਮਨਾਈਏ ਨਾ ਤਾਂ ਘਰ ਨਹੀਂ ਵੱਸਦੇ। ਕੈਂਚੀ ਤੇ ਸੂਈ ਦਾ ਸੰਤੁਲਨ ਜ਼ਰੂਰੀ ਹੈ। ਕੁੜੀ ਦੇ ਵਿਆਹ ਵਿੱਚ ਸਿਲਾਈ ਮਸ਼ੀਨ ਦਿੱਤੀ ਜਾਂਦੀ ਸੀ, ਪਰ ਕੈਂਚੀ ਨਾਲ ਨਹੀਂ ਸੀ ਦਿੱਤੀ ਜਾਂਦੀ। ਵਿਹਾਰਿਕ ਸੂਝ ਸ਼ਾਇਦ ਇਹੋ ਹੋਣੀ ਹੈ ਕਿ ਪਾੜਨ ਨਾਲੋਂ ਜੋੜਨ ਨੂੰ ਪਹਿਲ ਦਿੱਤੀ ਜਾਵੇ। ਵੈਸੇ ਅਜੋਕੇ ਸਮੇਂ ਵਿੱਚ ਟੁੱਟੇ ਰਿਸ਼ਤਿਆਂ ਨੂੰ ਜੋੜਨ ਵਾਲੇ ਵਿਰਲੇ ਤੇ ਬਣੇ ਸਬੰਧਾਂ ਨੂੰ ਤੋੜਨ ਵਾਲੇ ਵਧੇਰੇ ਮਿਲਦੇ ਹਨ। ਸਿਆਣੇ ਵਿਅਕਤੀਆਂ ਦੀ ਭੂਮਿਕਾ ਸਦਾ ਹਾਂ-ਵਾਚੀ ਹੁੰਦੀ ਹੈ।

ਸਿਆਣਿਆਂ ਨੇ ਇਸ ਸਿਲਸਿਲੇ ਵਿੱਚ ਕੁੱਝ ਨੁਕਤੇ ਵੀ ਸੁਝਾਏ ਹਨ ਜਿਹੜੇ ਪੱਲੇ ਬੰਨ੍ਹੇ ਜਾਣ ਤਾਂ ਰਿਸ਼ਤੇ ਬਣੇ ਰਹਿੰਦੇ ਹਨ। ਕਹਿੰਦੇ ਹਨ ਕਿ ਘਰ ਦੋ ਭਾਂਡੇ ਹੋਣਗੇ ਤਾਂ ਕਦੀ ਖੜਕਣਗੇ ਵੀ। ਜਿੱਥੇ ਪਿਆਰ ਹੋਵੇਗਾ, ਉੱਥੇ ਕਦੇ-ਕਦਾਈਂ ਰੋਸਾ ਵੀ ਹੋਵੇਗਾ। ਪਾਰਕ ਵਿੱਚ ਇੱਕ ਨਵਾਂ ਵਿਆਹਿਆ ਜੋੜਾ ਚਹਿਕ ਰਿਹਾ ਸੀ। ਨੌਜਵਾਨ ਆਪਣੀ ਨਵਵਿਆਹੀ ਨੂੰ ਪਤਾ ਨਹੀਂ ਅਸਮਾਨ ਦੇ ਤਾਰੇ ਤੋੜ ਕੇ ਲਿਆਉਣ ਜਿਹੇ ਭਰਮਾਊ ਸ਼ਬਦ ਕਹਿ ਰਿਹਾ ਹੋਵੇ। ਦੂਜੇ ਪਾਸੇ, ਇੱਕ ਬਜ਼ੁਰਗ ਦੰਪਤੀ ਪਾਰਕ ਵਿੱਚ ਖਿੜੇ ਭਾਂਤ-ਸੁਭਾਂਤੇ ਫੁੱਲਾਂ ਨੂੰ ਨਿਹਾਰਦੇ ਟਹਿਲ ਰਹੇ ਸਨ। ਜਾਪਦਾ ਸੀ ਬਿਰਧ ਅਵਸਥਾ ਵਿੱਚ ਆਪਣੇ ਜੀਵਨ-ਸਾਥੀ ਦਾ ਸਾਥ ਬਹੁਤ ਚੰਗਾ ਤੇ ਮੁੱਲਵਾਨ ਲੱਗਣ ਲੱਗਦਾ ਹੈ।

ਹਰ ਰਿਸ਼ਤਾ ਵੈਸੇ ਨਾਜ਼ੁਕ ਹੁੰਦਾ ਹੈ, ਪਰ ਕਈ ਰਿਸ਼ਤੇ ਕੁੱਝ ਜ਼ਿਆਦਾ ਹੀ ਸੰਭਾਲ ਦੀ ਮੰਗ ਕਰਦੇ ਹਨ, ਖ਼ਾਸ ਕਰਕੇ ਪਹਿਲੇ ਪੜਾਵਾਂ ਉੱਤੇ। ਸਾਡੇ ਗੁਆਂਢ ਵਿੱਚ ਰਹਿੰਦੇ ਇੱਕ ਪਰਿਵਾਰ ਨੇ ਆਪਣੀ ਧੀ ਵਿਆਹੀ। ਜਾਣੇ-ਅਣਜਾਣੇ ਜਵਾਈ ਨੂੰ ਉਸ ਦੀ ਬਣਦੀ ਅਹਿਮੀਅਤ ਨਾ ਦਿੱਤੀ। ਹੌਲੀ-ਹੌਲੀ ਧੀ-ਜਵਾਈ ਦੇ ਰਿਸ਼ਤੇ ਵਿੱਚ ਫਿੱਕ ਪੈਣ ਲੱਗੀ। ਫਿਰ ਮਸਲਾ ਪੰਚਾਇਤ ਤੀਕ ਪਹੁੰਚ ਗਿਆ। ਸਮਝਾਉਣ-ਬੁਝਾਉਣ ਵਾਲੇ ਬੰਦੇ ਸਿਆਣੇ ਸਨ। ਉਲਝਣਾਂ ਪੀਡੀਆਂ ਹੋਣ ਤੋਂ ਪਹਿਲਾਂ ਹੀ ਸੁਲਝਾ ਲਈਆਂ ਗਈਆਂ। ਮੁੜ ਕੇ ਸਾਰਾ ਕੁੱਝ ਸਹਿਜ ਹੋ ਗਿਆ। ਹੁਣ ਧੀ-ਜਵਾਈ ਦਾ ਵਿਆਹੁਤਾ ਜੀਵਨ ਇੰਨਾ ਸੁਖਾਵਾਂ ਬੀਤਣ ਲੱਗਿਆ। ਲੱਗਦਾ ਹੀ ਨਹੀਂ ਕਿ ਉਹ ਕਦੇ ਤਕਰਾਰ ਵਿੱਚ ਆਏ ਹੋਣ। ਫਿਰ ਤਾਂ ਧੀ ਵਾਲੀ ਧਿਰ ਦਾ ਵੀ ਤੌਖਲਾ ਘਟ ਗਿਆ ਤੇ ਉਨ੍ਹਾਂ ਨੇ ਕਿਸੇ ਕਿਸਮ ਦੀ ਦਖ਼ਲਅੰਦਾਜ਼ੀ ਕਰਨ ਤੋਂ ਸੰਕੋਚ ਕਰ ਲਿਆ। ਧੀ ਨੂੰ ਆਪਣੇ ਘਰ ਰਸਦੀ-ਵਸਦੀ ਵੇਖ ਮਾਪੇ ਉਸ ਵੱਲੋਂ ਬੇਫ਼ਿਕਰ ਹੋ ਗਏ।

‘ਸੌ ਹੱਥ ਰੱਸਾ ਤੇ ਸਿਰੇ ਤੇ ਗੰਢ’ ਦੀ ਕਹਾਵਤ ਵਾਂਗ, ਮੁੜ ਘਿੜ ਗੱਲ ਇਸ ਨੁਕਤੇ ’ਤੇ ਪਹੁੰਚ ਜਾਂਦੀ ਹੈ ਕਿ ਰਿਸ਼ਤਿਆਂ ਵਿੱਚ ਪਿਆਰ ਤੇ ਮਿਠਾਸ ਹੋਣ ਨਾਲ ਤਰੇੜਾਂ ਕਦੇ ਪੈਂਦੀਆਂ ਹੀ ਨਹੀਂ। ਜ਼ਰਾ ਹਾਂ-ਵਾਚੀ ਰਵੱਈਆ ਅਪਣਾਉਣ ਦੀ ਲੋੜ ਹੈ। ਦੂਜਿਆਂ ਦੀਆਂ ਊਣਤਾਈਆਂ ਵੇਖਣ ਦੀ ਬਜਾਏ ਉਨ੍ਹਾਂ ਦੇ ਗੁਣਾਂ ਵੱਲ ਗਹੁ ਕਰਨਾ ਬਣਦਾ ਹੈ। ਦੂਜੇ ਦੀ ਬਣਦੀ ਤਾਰੀਫ਼ ਕਰਨ ਨਾਲ ਦੋਵੇਂ ਧਿਰਾਂ ਨੂੰ ਆਨੰਦ ਮਿਲਦਾ ਹੈ। ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ। ਕਹਿਣਾ ਬਣਦਾ ਹੈ ਕਿ ਰਿਸ਼ਤੇ ਦਿਲਾਂ ਦੇ ਹੁੰਦੇ ਹਨ ਕੇਵਲ ਸਰੀਰਾਂ ਦੇ ਨਹੀਂ। ਸੂਰਤ ਨਾਲੋਂ ਸੀਰਤ ਨੂੰ ਤਾ ਹੀਂ ਵਡਿਆਇਆ ਜਾਂਦਾ ਹੈ। ਹਰ ਕਿਸੇ ਨੂੰ ਬੋਲਣ ਦਾ ਮੌਕਾ ਦੇਣ ਦੀ ਲੋੜ ਹੁੰਦੀ ਹੈ। ਜੇ ਜ਼ੁਬਾਨ ਵਿੱਚ ਮਿਠਾਸ ਹੋਵੇਗੀ ਤਾਂ ਰਿਸ਼ਤੇ ਸਥਾਈ ਬਣ ਜਾਂਦੇ ਹਨ। ਕਈ ਰਿਸ਼ਤਿਆਂ ਵਿੱਚ ਨਾਪ-ਤੋਲ ਕੇ ਬੋਲਣਾ ਉਚਿਤ ਹੁੰਦਾ ਹੈ।

ਸਿਆਣਿਆਂ ਨੇ ਕਿਹਾ ਕਿ ਕਮਾਨ ਵਿੱਚੋਂ ਨਿਕਲਿਆ ਤੀਰ ਤੇ ਜ਼ੁਬਾਨ ਵਿੱਚੋਂ ਨਿਕਲੀ ਗੱਲ ਕਦੇ ਵਾਪਸ ਨਹੀਂ ਹੁੰਦੀ। ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਜ਼ਿੰਦਗੀ ਵਿੱਚ ਮਨੁੱਖ ਇਕੱਲਾ ਕੁੱਝ ਨਹੀਂ ਕਰ ਸਕਦਾ। ਆਪਸੀ ਮੇਲ-ਜੋਲ ਤੇ ਸਹਿਯੋਗ ਨਾਲ ਹਰ ਜੰਗ ਜਿੱਤੀ ਜਾ ਸਕਦੀ ਹੈ। ਜਦੋਂ ਮੇਰੇ ਪਿਤਾ ਜੀ ਦਾ ਅੰਤਿਮ ਸੰਸਕਾਰ ਕੀਤਾ ਜਾ ਰਿਹਾ ਸੀ ਤਦ ਉਨ੍ਹਾਂ ਦਾ ਇੱਕ ਦੋਸਤ ਭੁੱਬਾਂ ਮਾਰ ਕੇ ਰੋਣ ਲੱਗ ਪਿਆ। ਉਹ ਕਹਿ ਰਿਹਾ ਸੀ ਕਿ ਕੋਈ ਦੋਸਤੀ ਚੱਲਦੀ ਹੈ ਦਸ ਸਾਲ, ਕੋਈ ਵੀਹ ਸਾਲ ਤੇ ਕੋਈ ਚਾਲੀ ਸਾਲ, ਪਰ ਸਾਡੀ ਦੋਸਤੀ ਬਚਪਨ ਤੋਂ ਲੈ ਕੇ ਪੂਰੇ ਸੱਤਰ ਸਾਲ ਚੱਲੀ ਹੈ। ਸਹੀ ਹੈ, ਅਜਿਹੇ ਪੱਕੇ-ਪੀਡੇ ਸਬੰਧ ਹੋਣ ਤਾ ਬੰਦੇ ਦੀ ਤਾਕਤ ਦਾ ਕੀ ਲੇਖਾ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਗੀਤ

ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਗੂੰਗੀ ਬੋਲੀ ਤੇ ਖ਼ਾਮੋਸ਼ ਕਹਾਣੀ ਦੇ ਵਿਚ ਖੂਨ।
ਅੱਜ ਵੀ ਲੰਗੜੀ ਲੂਲੀ ਹੋ ਕੇ ਫਿਰਦੀ ਹੈ ਤਨਹਾਈ।
ਸੁੱਖੀ ਸਾਂਦੀ ਮਾਨਵਤਾ ਦੀ ਟੁੱਟੀ ਸੀ ਅੰਗੜਾਈ।

ਬੀਤੇ ਦੇ ਵਿਚ ਤੜਪੀ ਠਾਠ ਜਵਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਲਹਿਰਾਇਆ ਸੀ ਇੱਕ ਤਿਰੰਗਾ ਭਾਰਤ ਦੇ ਸਿਰ ਉਤੇ।
ਆਜ਼ਾਦੀ ਦੀ ਨੀਂਹ ਰੱਖੀ ਸੀ ਰਖਵਾਲੀ ਦੀ ਰੁੱਤੇ।

ਯੋਧੇ ਵੀਰ ਸਿਪਾਹੀਆਂ ਦੀ ਕੁਰਬਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਤੇਰੇ ਟੋਟੇ-ਟੋਟੇ ਕੀਤੇ ਤੇਰੇ ਮੂਲ ਸਥਾਨਾਂ ਨੇ,
ਤੇਰੀ ਨੀਂਹ ਦੇ ਕਰਮਾਂ ਦੇ ਵਿਚ ਲੱਖਾਂ ਪਈਆਂ ਜਾਨਾਂ ਨੇ।

ਤੇਰੀ ਰੁਲਦੀ ਛੱਲੇਦਾਰ ਰਵਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਗ਼ੈਰਾਂ ਦੇ ਲਾਲਚ ਵਿਚ ਆ ਕੇ ਤੇਰੀਆਂ ਕੀਤੀਆਂ ਵੰਡਾਂ।
ਤੇਰੇ ਸਾਹਿਲ ਉਤੋਂ ਲੈ ਗਏ ਮਾਨਵਤਾ ਦੀਆਂ ਪੰਡਾਂ।

ਰਹਿੰਦਾ ਖੂੰਹਦਾ ਛੱਡ ਗਏ ਸ਼ੈਤਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਜਿਸ ਨੇ ਬੇੜੀ ਪਾਰ ਲਗਾਵਣ ਦੀ ਪੂਰੀ ਗੱਲ ਕੀਤੀ।
ਐਪਰ ਉਸ ਦੀ ਨੀਅਤ ਦੇ ਵਿਚ ਖੋਟੀ ਇੱਕ ਪ੍ਰੀਤੀ।

ਖੇਵਨਹਾਰੇ ਦੀ ਗੰਦੀ ਮਹਿਮਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਤੇਰੀ ਉਜੜੀ ਮਾਂਗ 'ਚ ਏਦਾਂ ਖਿਲਰਿਆ ਸਿੰਧੂਰ।
ਮੁੜ ਨਾ ਕੱਠੇ ਹੋਏ ਸਾਰੇ ਬੇਟੀ ਚੱਪੂ ਪੂਰ।

ਛਮ-ਛਮ ਰੋਂਦੀ ਕੁਰਲਾਉਂਦੀ ਵੀਰਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਇਸ ਦੇ ਮਣਕੇ ਖਿੱਲਰ ਗਏ ਨੇ ਰਾਹਾਂ ਦੀ ਰਖਵਾਲੀ ਵਿਚ।
ਫਿਰ ਵੀ ਖੈਰ ਮਨਾਈ ਜਾਵੇ ਸਜਣਾਂ ਦੀ ਖ਼ੁਸ਼ਹਾਲੀ ਵਿਚ

ਸੁੰਦਰ ਪੁੱਲ ਦੀ ਰੰਗ ਬਿਰੰਗੀ ਗਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।
ਫਿਰ ਵੀ ਪਿਆਰ ਮੁਹੱਬਤ ਵਾਲੀ ਟੁੱਟੀ ਨਹੀਂ ਮਰਿਆਦਾ।
ਅੱਗੇ ਨਾਲੋਂ ਹੋਰ ਵਧੀ ਏ ਇਸ ਦੀ ਇਜ਼ਤ ਜ਼ਿਆਦਾ।

ਬਾਲਮ ਸਾਂਝਾ ਵਾਲਾ ਹੈ ਜ਼ਿੰਦਗਾਨੀ ਦੇ ਵਿਚ ਖੂਨ।
ਪੰਜ ਦਰਿਆਵਾਂ ਵਾਲੀਏ ਤੇਰੇ ਪਾਣੀ ਦੇ ਵਿਚ ਖੂਨ।

**ਬਲਵਿੰਦਰ ਬਾਲਮ ਗੁਰਦਾਸਪੁਰ**
98156-25409

## ਕਿੰਨਾ ਔਖਾ ਹੁੰਦਾ

ਕਿੰਨਾ ਔਖਾ ਹੁੰਦਾ
ਰੁਝੇਵਿਆਂ ਭਰੀ ਜ਼ਿੰਦਗੀ 'ਚੋਂ
ਫੁਰਸਤ ਦੇ ਪਲਾਂ ਲਈ
ਬੱਚਿਆਂ ਸਮੇਤ ਪਰਿਵਾਰ ਨੂੰ
ਧਰਤੀ 'ਤੇ ਬਣੇ ਸਵਰਗ ਨੂੰ ਦੇਖਣ ਲਈ
ਆਪਣੇ ਆਪ ਨੂੰ ਤਿਆਰ ਕਰਨਾ
ਬਹੁਤ ਔਖਾ ਹੁੰਦਾ
ਕਸ਼ਮੀਰ ਦੀਆਂ ਮਖ਼ਮਲੀ ਵਾਦੀਆਂ 'ਚ
ਘੁੰਮਦਿਆਂ ਫਿਰਦਿਆਂ
ਆਨੰਦ ਮਾਣਦਿਆਂ
ਸਿਰਫਿਰਿਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਣਾ
ਤੇ ਆਪਣੇ ਆਪ ਨੂੰ
ਅਨਿਆਈ ਮੌਤ ਦੇ ਮੂੰਹ
ਝੋਕ ਦੇਣਾ
ਕਿੰਨਾ ਔਖਾ ਹੁੰਦਾ
ਬੁੱਢੇ ਮਾਂ ਬਾਪ ਦੀਆਂ
ਆਸਾਂ ਨੂੰ ਅੱਧ ਵਿਚਾਲੇ ਛੱਡ ਕੇ ਤੁਰ ਜਾਣਾ
ਕਿੰਨਾ ਔਖਾ ਹੁੰਦਾ
ਨਦੀ ਦੇ ਪਾਣੀ ਵਾਂਗ ਵਗਦੀ
ਜ਼ਿੰਦਗੀ ਤੋਂ ਜ਼ਾਲਮਾਂ ਮੂਹਰੇ
ਬੇਵੱਸ ਹੋ ਕੇ ਮੁੱਖ ਮੋੜ ਲੈਣਾ
ਕਿੰਨਾ ਔਖਾ ਹੁੰਦਾ
ਹਸੂੰ ਹਸੂੰ ਕਰਦੀਆਂ ਅੱਖਾਂ 'ਚੋਂ
ਖੂਨ ਦੇ ਹੰਝੂਆਂ ਦਾ ਵਹਿਣਾ
ਸਭ ਤੋਂ ਔਖਾ ਹੁੰਦਾ
ਮਨੁੱਖਤਾ ਦੀ ਦਰਿੰਦਗੀ ਨੂੰ
ਅੱਖਾਂ ਸਾਹਮਣੇ
ਬੇਵੱਸ ਹੋ ਕੇ ਝੱਲਣਾ।

-ਹਰਦੀਪ ਸਿੰਘ ਭੂਦਨ

## ਪਹਿਲਗਾਮ ਦਾ ਕਹਿਰ

ਜਦੋਂ ਸੁਣੀ ਅਨਹੋਣੀ ਤਾਂ ਝੱਟ ਚੇਤੇ ਆਇਆ ਸੀ,
ਅੱਠ ਸੌ ਸਾਲ ਪਹਿਲੇ ਜੋ ਬਾਬੇ ਫੁਰਮਾਇਆ ਸੀ।
ਅੱਖਾਂ ਨਮ ਹੋਈਆਂ ਮਨ ਬੜਾ ਕੁਰਲਾਇਆ ਸੀ,
ਇਹ ਕੀ ਬੀਤਿਆ ਭਾਣਾ,ਕਿਸ ਵਰਤਾਇਆ ਸੀ।

"ਫਰੀਦਾ ਦਰਿਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ।
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ,
ਜੋ ਮਨਿ ਚਿਤਿ ਨ ਚਿਤਿ ਸਨਿ ਗਾਲੀ ਰਬ ਕੀਆਂ।"

ਜੋ ਮੁਗਲਾਂ ਨੇ ਬੇਕਸਾਂ ਉੱਤੇ ਕਹਿਰ ਢਾਇਆ ਸੀ,
ਬਾਬਰ ਬਾਣੀ ਵਿੱਚ ਨਾਨਕ ਸੱਚ ਸੁਣਾਇਆ ਸੀ।
"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।
ਕਰਤਾ ਤੂੰ ਸਭਨਾ ਕਾ ਸੋਈ।
ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨਿ ਰੋਸੁ ਨ ਹੋਈ।"

ਮਸੂਮਾਂ ਨੂੰ ਸੀ ਪੁੱਛਿਆ 'ਦੱਸੋ ਧਰਮ ਹੈ ਕਿਹੜਾ',
ਵਾਰ ਵਾਰ ਪਰਖਿਆ ਲਾਹ ਸ਼ਰਮ ਦਾ ਚਿਹਰਾ।
ਤੀਵੀਆਂ ਬੱਚਿਆਂ ਚੁੱਕਿਆ ਸੀ ਚੀਕ ਚਿਹਾੜਾ,
ਨੰਗੀ ਨੱਚੀ ਹੈਵਾਨੀਅਤ ਸੀ ਪਾਇਆ ਪੁਆੜਾ।

ਤੜ ਤੜ ਹੋਈ ਚਾਰੇ ਪਾਸੇ, ਮਜ਼੍ਹਬਾਂ ਨੂੰ ਡੰਗ ਪਈ,
ਜ਼ਿੰਦਗੀ ਰੰਗ ਮਾਣਦਿਆਂ, ਰੰਗ ਵਿੱਚ ਭੰਗ ਪਈ।
ਟੁੱਟੀ ਸਾਹਾਂ ਦੀ ਡੋਰੀ,ਇੱਕ ਦਮ ਟੁੱਟ ਵੰਗ ਗਈ,
ਟੁੱਟੀ ਖੂੰਡੀ ਬਾਪ ਦੀ, ਲੁੱਟੀ ਮਾਂ ਦੀ ਉਮੰਗ ਗਈ।

ਅਨਾਥ ਹੋ ਗਿਆ ਬਚਪਨ ਛੱਡਕੇ ਫੱਟ ਗਹਿਰੇ,
ਸਵਾਲ ਉੱਥੇ ਦਾ ਉੱਥੇ ਹੈ ਕਿਉਂ ਨ੍ਹੀਂ ਲਾਏ ਪਹਿਰੇ।
ਅੱਤਵਾਦੀ ਕਿਵੇਂ ਪਹੁੰਚੇ ਸੀ ਕਿੱਥੇ ਲਾਏ ਸੀ ਡੇਰੇ,
ਕਾਲਾ ਧੱਬਾ ਮੱਥੇ ਹਿੰਦ ਦੇ ਕਿਉਂ ਛੁਪਾਏ ਚਿਹਰੇ?

ਅੱਤਵਾਦੀ ਕੌਣ ਸਨ ਗੱਲ ਚੱਲਦੀ ਸ਼ਰੇਆਮ ਹੈ,
ਅਕਾਸ਼ ਨੇ ਖਾਧੇ ਜਾਂ ਧਰਤ ਨਿਗਲੀ ਤਮਾਮ ਹੈ?
ਦੋ ਹਜ਼ਾਰ ਬੰਦੇ ਦੀ ਸੁਰੱਖਿਆ,ਕੀ ਇੰਤਜ਼ਾਮ ਹੈ,
ਕਰਦੈ ਕੋਈ ਸਵਾਲ ਤਾਂ ਸਿਰ 'ਤੇ ਇਲਜ਼ਾਮ ਹੈ?

ਫਿਜ਼ਾ ਵਤਨ ਦੀ ਗਹਿਰੀ ਸਿਆਸਤ ਹੈ ਜ਼ਹਿਰੀ,
ਤਨਜ਼ ਵਿਧਵਾ 'ਤੇ ਕੱਸਦੇ ਬੋਲ ਡਾਢੇ ਨੇ ਕਹਿਰੀ।
ਇਨਸਾਫ਼ ਗੂੰਗਾ-ਅੰਨ੍ਹਾ ਹੈ ਸਰਕਾਰਾਂ ਨੇ ਬਹਿਰੀ,
ਅੰਨ੍ਹੀ ਪੀਂਹਦੀ ਕੁੱਤਾ ਚੱਟਦਾ ਕੀ ਕਰੂ ਕਚਿਹਰੀ।

ਐ ਜੰਗਬਾਜ਼ੋ! ਜੰਗ ਕਿਸੇ ਮਸਲੇ ਦਾ ਹੱਲ ਨਹੀਂ,
ਮਰਨਗੇ ਗਰੀਬ ਦੋਵੇਂ ਪਾਸੇ, ਵਡੇਰੀ ਗੱਲ ਨਹੀਂ।
ਵਾਲ਼ ਵਿੰਗਾ ਨ ਹੋਊ ਨੇਤਾ ਦਾ, ਪੈਣਾ ਸੱਲ ਨਹੀਂ,
ਸੇਕਣੀ ਸਿਵਿਆਂ ਦੀ ਅੱਗ, ਤੇ ਪੈਣਾ ਠੱਲ੍ਹ ਨਹੀਂ।

**ਸੇਵਾ ਸਿੰਘ "ਨੂਰਪੁਰੀ"**

## ਚਾਹੁੰਦੇ ਹਾਂ ਜੰਗ ਨਾ ਹੋਵੇ

ਮਾਰ ਨਿਹੱਥਿਆਂ ਨੂੰ ਸੀ ਲੁਕ ਜਾਂਦੇ,
ਦਿੱਤੀ ਢਾਹ ਲੁਕਣ ਗਾਹ ਸਾਈਂ।
ਬੇਦੋਸ਼ਿਆਂ ਨਾਲ ਨਾ ਵੈਰ ਕੋਈ,
ਨਾ ਸਾਨੂੰ ਲੜਨੇ ਦਾ ਚਾਅ ਸਾਈਂ।

ਅਸੀਂ ਤਾਂ ਚਾਹੁੰਦੇ ਹਾਂ ਜੰਗ ਨਾ ਹੋਵੇ,
ਨਹੀ ਦੇਵਾਂਗੇ ਕੀਮਤ ਚੁਕਾ ਸਾਈਂ।
ਅਸੀਂ ਮਸੀਹੇ ਹਾਂ ਅਮਨ ਸ਼ਾਂਤੀ ਦੇ,
ਗਲ ਪਵੇ ਤਾਂ ਦੇਈਏ ਲਾਹ ਸਾਈਂ।

ਮਲੰਗ ਨਾਲ ਦੋਸਤੀ, ਵੈਰ ਮਾੜਾ,
ਪਤਾ ਲੱਗਦਾ ਵਾਹ ਜਾਂ ਰਾਹ ਸਾਈਂ।
ਅਜੇ ਟਰੇਲਰ ਦੇਖਿਆ ਵੈਰੀਆਂ ਨੇ,
ਨਹੀ ਦੇਵਾਂਗੇ ਫ਼ਿਲਮ ਦਿਖਾ ਸਾਈਂ।

ਅਸੀਂ ਸੋਚਦੇ ਨਾ ਪਵੇ ਵੈਰ 'ਪੱਤੋ',
ਹੁੰਦੀ ਮਾੜੀ ਨਿੱਤ ਦੀ ਠਾਹ ਸਾਈਂ।
ਸੌ ਵਾਰ ਸਮਝਾਇਆ ਸਮਝਿਆ ਨਾ,
ਅਖੀਰ ਮੰਜੀ ਠੋਕਤੀ ਚੱਕ ਆਹ ਭਾਈ।



**ਹਰਪ੍ਰੀਤ ਪੱਤੋ**
94658-21417

## ਧੰਨਵਾਦ ਟਰੰਪ ਜੀ!

ਫਾਇਦੇ ਮੰਦ ਨਹੀਂ ਸਗੋਂ ਨੁਕਸਾਨ ਹੁੰਦਾ
ਜੰਗ 'ਜਿੱਤਣੇ' ਵਾਲੇ ਤੇ 'ਹਾਰਿਆਂ' ਦਾ।
ਵੱਡੇ ਮੁਲਕਾਂ ਦਾ ਹੋਈ ਵਿਉਪਾਰ ਜਾਂਦਾ
ਜਮ੍ਹਾਂ ਕੀਤੇ ਹਥਿਆਰ 'ਭੰਡਾਰਿਆਂ' ਦਾ।
ਜਿਸ ਪ੍ਰਵਾਰ 'ਚੋਂ ਕੋਈ 'ਸ਼ਹੀਦ' ਹੋ ਜਏ
ਪੁੱਛੀਏ ਹਾਲ ਕੀ ਗਮਾਂ ਦੇ ਮਾਰਿਆਂ ਦਾ।
ਜੀਣਾ ਦੁੱਭਰ ਹੋ ਜਾਂਦਾ ਏ ਉਮਰ ਸਾਰੀ
ਬਾਕੀ ਟੱਬਰ ਦੇ ਜੀਆਂ ਵਿਚਾਰਿਆਂ ਦਾ।
ਸੇਕ ਝੱਲਣਾ ਪੈਂਦਾ ਫਿਰ 'ਪੀੜ੍ਹੀਆਂ' ਨੂੰ
ਸਾੜੇ ਨਫਰਤ ਦੇ ਬੀਅ ਖਿਲਾਰਿਆਂ ਦਾ।
ਲੱਖ ਸ਼ੁਕਰ ਕਿ ਪੈ ਗਿਆ 'ਭੋਗ' ਜਲਦੀ
ਮਚੇ ਹਫਤਾ ਕੁ ਭਰ ਤੋਂ 'ਹੜਕੰਪ' ਦਾ ਜੀ।
ਠੰਢੇ ਕਰ'ਤਾ ਜਿਨ ਦੋਹਾਂ ਹੀ 'ਤੱਤਿਆਂ' ਨੂੰ
ਲੱਖ ਧੰਨਵਾਦ ਅਮਰੀਕਨ ਟਰੰਪ ਦਾ ਜੀ।



**-ਤਰਲੋਚਨ ਸਿੰਘ ਦੁਪਾਲ ਪੁਰ**
78146-92724

## ਮਾਂ ਤੇ ਰੰਗਾਂ ਵਰਗੀ ਧੀ

ਉਹ ਮੇਰੇ ਕੋਲ ਬੈਠੀ
ਨਿੱਕੇ-ਨਿੱਕੇ ਹੱਥਾਂ ਨਾਲ
ਤਸਵੀਰਾਂ ਰੰਗਦੀ,
ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ
ਤੋਤਲੇ ਬੋਲ ਬੋਲੀ ਜਾਂਦੀ ਬੱਸ ਬੋਲੀ ਜਾਂਦੀ,
ਔਮੀ ਮੈਂ ਐਵੇਂ ਈ ਰੰਗ ਭਲਦੀ ਆਂ
ਤਾਂਲਿਆਂ 'ਚ ਐਵੇਂ ਈ ਰੰਗ ਭਲਦੀ ਆਂ,
ਤੇ ਮੈਂ ਮੁਸਕਰਾ ਕੇ ਉਸ ਵੱਲ ਤੱਕਦੀ ਆਂ,
ਸ਼ਾਲਾ ਤੂੰ ਹਰ ਤਸਵੀਰ
ਆਪਣੀ ਮਰਜ਼ੀ ਨਾਲ ਰੰਗੇਂ,
ਜ਼ਿੰਦਗੀ ਦਾ ਹਰ ਵਰਕਾ
ਆਪਣੇ ਹੀ ਰੰਗ 'ਚ ਰੰਗੇਂ,
ਤੇ ਕੋਈ ਵੀ ਰੰਗ
ਤੇਰੀਆਂ ਅੱਖਾਂ 'ਚ ਨਾ ਰੜਕੇ,
ਤੇਰੇ ਸੋਹਣੇ-ਮਲੂਕ ਪੈਰਾਂ 'ਚ
ਕੰਡੇ ਬਣ-ਬਣ ਨਾ ਖੁੱਭੇ,
ਸ਼ਾਲਾ ਆਪਾਂ ਐਵੇਂ ਈ ਬੈਠ
ਨਿੱਕੀਆਂ-ਨਿੱਕੀਆਂ ਗੱਲਾਂ ਕਰੀਏ
ਤਸਵੀਰਾਂ ਰੰਗੀਏ
ਤੇ ਗੂੜ੍ਹੀਆਂ ਸਹੇਲੀਆਂ ਬਣ
ਇੰਝ ਫੱਬੀਏ ਜਿਉਂ
ਕੋਈ ਤਸਵੀਰ ਤੇ ਉਸ ਵਿਚਲੇ ਰੰਗ।

**-ਜਗਵੀਰ ਕੌਰ**

## ਕਿਰਤੀ ਘਰ ਦੇ ਚਾਅ...

ਇੱਕ ਚੁੰਨੀ ਰੰਗਵਾਉਣੀ ਐ,
ਸਾਰੀ ਉਮਰ ਹੰਢਾਉਣੀ ਐ,
ਰੰਗ ਫੇਰ ਇੱਕ ਵਾਰੀ ਐਸਾ ਡੱਬ
ਫ਼ਿਕਰਾਂ ਦੀ ਲਾਉਣੀ ਐ।

ਜੇ ਮਿਲੇ ਕਿਤੋਂ ਤਾਂ ਭਾਲ ਲਈ
ਰੰਗ ਬਾਪ ਮੇਰੇ ਦੀਆਂ ਸੱਧਰਾਂ ਦਾ
ਲਾ ਬਾਡਰ ਕਾਲਾ ਰੋਕ ਦੇਈਂ
ਹਾਸਾ ਕੰਧ ਨਾ ਟੱਪ ਜਾਏ ਅਲੜ੍ਹਾਂ ਦਾ
ਏਸ ਪਾਰ ਅਸੀਂ ਚਾਅ ਰੋਕਣੇ
ਕਿਉਂ ਫ਼ਿਕਰ ਵਧਾਉਣੀ ਐ

ਚਾਰੇ ਕੋਨੇ ਫਿੱਕੇ ਰੱਖ ਦੇਈਂ
ਰੰਗ ਮਾਂ ਦੇ ਸੱਚ ਵਰਗੇ ਜੋ
ਮੁੱਠੀ ਵਿੱਚ ਹੀ ਟੁੱਟ ਜਾਂਦੇ ਨੇ
ਵੰਗਾਂ ਦੇ ਕੱਚ ਵਰਗੇ ਦੋ
ਹਰੇ ਰੰਗ ਦੀਆਂ ਪੰਡਾਂ ਢੋਹ ਕੇ
ਢੂਹੀ ਚਿੱਬ ਪਾਉਣੀ ਐ

ਇੱਕ ਅੱਧਾ ਰੰਗ ਵਿਹੜੇ ਖਿੜਜੇ
ਸੂਹਾ ਸਾਡੇ ਚੀਰੇ ਦਾ
ਘਰ ਦੀਆਂ ਆਸਾਂ ਪੂਰਨ ਵਾਲਾ
ਨਾਮ ਪਵਾ ਦੇਈਂ ਵੀਰੇ ਦਾ
ਸਾਡੀ ਦੇਹਲੀ ਵੀ ਨੱਚ ਉਠੇ
ਐਸੀ ਤਾਲ ਵਜਾਉਣੀ ਐ

ਜੀਅ ਕਰਦਾ ਏ ਸੁਰਖ ਗੁਲਾਬੀ
ਰੰਗ ਬਚਦੇ ਥਾਂ ਵਿੱਚ ਚਾੜ੍ਹ ਦਿਆਂ
ਸਾਡੇ ਕਿਹੜਾ ਭੁੰਨ ਕੇ ਬੀਜੇ
ਧਰਤੀ ਦੀ ਹਿੱਕ ਪਾੜ ਦਿਆਂ
ਮਨੂੰ ਫੇਰ ਲਲਾਰੀ ਤੈਨੂੰ
ਜੋ ਰੀਝ ਪੁਗਾਉਣੀ ਐ।



**ਗੁਰਦੀਪ ਗਾਮੀਵਾਲਾ**

## ਬਾਜ਼ੀ ਤੇ ਭਾਜੀ

ਫਿਰ ਦਿੱਲੀਏ ਪੰਜਾਬ ਹੀ ਲੱਭਾ, ਤੈਨੂੰ ਆਤਸ਼ ਬਾਜ਼ੀ ਲਈ।
ਪੰਜਾਬੀ ਹੀ ਜਾਨਾਂ ਦੇਵਣਗੇ, ਮੁੜ ਕੇ ਪੈਂਦੀ ਭਾਜੀ ਲਈ।

ਸੰਨ ਪੈਂਹਠ 'ਚ ਬਿਆਸਾ ਤਾਈਂ ਤੂੰ ਤਾਂ ਪਿੱਛੇ ਹਟਦੀ ਸੀ,
ਸਿੰਘ ਸਰਦਾਰ ਨਾ ਰਾਜ਼ੀ ਹੋਏ ਤੇਰੀ ਜਾਅਲਸਾਜ਼ੀ ਲਈ।

ਛੂਤ ਛਾਤ ਦੇ ਕਰਕੇ ਬਿੱਪਰ ਤੇਰਾ ਰਿਹਾ ਗੁਲਾਮ ਦਿੱਲੀਏ,
ਚੇਤੇ ਰੱਖੀਂ ਢੋਈ ਨਹੀਂ ਹੈ ਇਹਦੇ ਵਰਗੇ ਪਾਜ਼ੀ ਲਈ।

ਤੈਨੂੰ ਤਾਂ ਵੋਟਾਂ ਤੇ ਨੋਟਾਂ ਦੀ ਹੀ ਹੋੜ ਰਹੀ ਦਿੱਲੀਏ
ਜੀਵਨ ਅਤੇ ਮੌਤ ਦਾ ਮੁੱਦਾ ਬਣਿਆ ਹੋਇਆ ਗਾਜ਼ੀ ਲਈ।

ਬਿੱਪਰਵਾਦ ਨੂੰ ਡਰ ਓਸ ਦਾ ਦਿਨ ਰਾਤੀਂ ਖਾਈ ਜਾਂਦਾ ਹੈ,
ਗਿਣਤੀ ਦੇ ਉਪਦੇਸ਼ ਦਾ ਮੁੱਦਾ ਬਣਿਆ ਹੈ ਜੋ ਕਾਜ਼ੀ ਲਈ।

ਸਿਰ ਦੇਣ ਦੇ ਨਾਲੋਂ ਸਿਰ ਵਰਤਣ ਦੀ ਹੁਣ ਕਰੇਗਾ ਪੰਥ,
ਸਿੰਘ ਜੋ ਬਾਲਣ ਬਣਦੇ ਰਹੇ ਨੇ, ਤੇਰੀ ਹੀ ਸਿਰਤਾਜ਼ੀ ਲਈ।

ਦੇਸ਼ ਪੰਜਾਬ ਦਾ ਲੁੱਟ ਕੇ ਪਾਣੀ, ਬੰਜਰ ਉਹਨੂੰ ਕਰਨਾ ਲੋਚੇਂ,
ਮਸ਼ਹੂਰ ਹੈ ਲਾਲਾ ਬਿਰਤੀ ਤੇਰੀ ਦਿੱਲੀਏ ਬੇ ਲਿਹਾਜ਼ੀ ਲਈ।

ਜਿਸ ਪੰਜਾਬ ਦੇ ਰਾਹ ਵਿਚ ਦਿੱਲੀਏ ਤਿੱਖੇ ਕਿੱਲ ਤੂੰ ਗੱਡੇ ਨੇ,
ਦਿਨ ਰਾਤ ਉਹ ਸੁਲਘ ਰਿਹਾ ਹੈ ਤੇਰੀ ਤਿਕੜਮਬਾਜ਼ੀ ਲਈ।

ਜਾਪੇ ਕਿ ਹੁਣ ਕਹਿਰ ਸਮੇਂ ਦਾ ਤੇਰੇ ਸਿਰ 'ਤੇ ਕੜਕਣ ਵਾਲਾ,
'ਢੇਸੀ' ਦੀ ਕਿਰਪਾਨ ਕਲਮ ਹੈ, ਸੈਂਹੇਂ ਸਿਰ ਦੀ ਬਾਜ਼ੀ ਲਈ।

**-ਕੁਲਵੰਤ ਸਿੰਘ ਢੇਸੀ**

## 'ਨ੍ਹੇਰੀਆਂ ਸੁਰੰਗਾਂ

ਬੰਦੇ ਦੀ ਵੀ ਜ਼ਾਤ ਕੇਹੀ ਹੈ,
ਪਰਵਾਸੀ ਅਗਿਆਤ ਜੇਹੀ ਹੈ।
ਕਿੱਥੋਂ ਆਇਆ, ਕਿੱਧਰ ਜਾਣਾ,
ਉਲਝਣ ਵੀ ਦਿਨ ਰਾਤ ਜੇਹੀ ਹੈ।

ਤੇਰੀ ਦਿੱਤੀ ਤਿਊੜੀ ਪ੍ਰੇਮ 'ਚ,
ਮੇਰੇ ਲਈ ਸੌਗਾਤ ਜੇਹੀ ਹੈ।
ਸੁੱਚੀ ਕਿਰਤ ਦੀ ਖ਼ੁਸ਼ਬੂ ਤਾਜ਼ੀ,
ਪੱਕੀ ਜਿਉਂ ਇਸਪਾਤ ਜੇਹੀ ਹੈ।

ਚੋਰੀ ਗਿਆਨ ਤੇ ਡਿਗਰੀ ਫੋਕੀ,
ਅੱਥਰੂ ਦੀ ਬਰਸਾਤ ਜੇਹੀ ਹੈ।
ਤੇਰੀ ਛੋਹ 'ਚ ਲੋਰ ਤੇ ਘੂਕੀ,
ਮੇਰੀ ਮਾਂ ਦੀ ਬਾਤ ਜੇਹੀ ਹੈ।

ਫੇਸਬੁੱਕ ਦੀ ਯਾਰੀ ਤਾਂ ਬੱਸ,
ਰੇਤੇ 'ਤੇ ਲਿਖਾਤ ਜੇਹੀ ਹੈ।
ਬਿਨਾਂ ਚੇਤਨਾ, ਸੋਝੀ ਨਿਰੀਉਂ,
ਭੀੜ ਹੁੰਦੀ ਪਗਲਾਤ ਜੇਹੀ ਹੈ।

ਬੰਦੇ ਵਿੱਚ ਕਈ 'ਨ੍ਹੇਰੀਆਂ ਸੁਰੰਗਾਂ,
ਜੋ ਦਿਸਦਾ ਇੱਕ ਝਾਤ ਜੇਹੀ ਹੈ।
ਉਮਰਾਂ ਤੀਕਰ ਖ਼ੁਦ ਨਾ ਜਾਵੇ,
ਹਉਮੈਂ ਬੁਰੇ ਹਾਲਾਤ ਜੇਹੀ ਹੈ।


ਯਾਦ ਯਾਰਾਂ ਦੀ ਸਾਂਭੀ ਕਿਉਂਕਿ,
ਫੱਟੀ ਕਲਮ ਦਵਾਤ ਜੇਹੀ ਹੈ।
ਵਿੱਚ ਪਰਦੇਸਾਂ ਦਿਸੇ ਅਮੀਰੀ,
ਪਰ ਲਗਦੀ ਖ਼ੈਰਾਤ ਜੇਹੀ ਹੈ।

ਜਿੰਨੀ ਮਰਜ਼ੀ ਕਰੇਂ ਚਲਾਕੀ,
ਦਿਸਣੀ ਤਾਂ ਔਕਾਤ ਜੇਹੀ ਹੈ।
ਤੇਰਾ ਬੀਜਿਆ ਤੂੰ ਹੀ ਵੱਢਣਾ,
ਸਿੱਧੀ ਸਾਦੀ ਬਾਤ ਏਹੀ ਹੈ।

ਮੰਨਣਾ ਤੇ ਫਿਰ ਮੁੱਕਰ ਜਾਣਾ,
ਨੀਤੀ ਆਤਮਘਾਤ ਜੇਹੀ ਹੈ।
ਛੱਡ ਦੇ ਰੁਕਣਾ, ਰੋਣਾ 'ਰੱਤੜਾ',
ਜ਼ਿੰਦਗੀ ਯਾਤਾਯਾਤ ਜੇਹੀ ਹੈ।

**-ਕੇਵਲ ਸਿੰਘ ਰੱਤੜਾ**

# ਪੱਤਰਕਾਰੀ ਦੀ ਮੌਜੂਦਾ ਸਥਿਤੀ ਅਤੇ ਦਿਸ਼ਾ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਅਖ਼ਬਾਰਾਂ ਅਤੇ ਪੱਤਰਕਾਰਾਂ (ਮੀਡੀਆ) ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਅੱਜ ਵੀ ਸਮਾਜ ਨੂੰ ਉਨ੍ਹਾਂ ਤੋਂ ਬਹੁਤ ਉਮੀਦਾਂ ਹਨ। ਜਦੋਂ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਖੜ੍ਹਾ ਵਿਅਕਤੀ ਇਨਸਾਫ਼ ਲਈ ਸਰਕਾਰ ਦੇ ਸਿਖਰ 'ਤੇ ਬੈਠੇ ਵਿਅਕਤੀ ਤੱਕ ਆਪਣੇ ਵਿਚਾਰ ਪਹੁੰਚਾਉਣ ਦੇ ਅਯੋਗ ਹੋ ਜਾਂਦਾ ਹੈ, ਤਾਂ ਉਹ ਇਸ ਅਖ਼ਬਾਰ ਅਤੇ ਪੱਤਰਕਾਰ ਦਾ ਸ਼ਰਨ ਲੈਂਦਾ ਹੈ ਜੋ ਕਿ ਸ਼ੀਸ਼ੇ ਵਾਂਗ ਹੈ। ਇਹ ਇਸ ਲਈ ਹੈ ਤਾਂ ਜੋ ਮੀਡੀਆ ਰਾਹੀਂ ਉਸਦੀ ਆਵਾਜ਼ ਸਬੰਧਤ ਵਿਅਕਤੀ ਤੱਕ ਯਕੀਨੀ ਤੌਰ 'ਤੇ ਪਹੁੰਚ ਸਕੇ। ਉਹ ਮੰਨਦਾ ਹੈ, ਆਖ਼ਰਕਾਰ ਕਿਉਂ ਨਹੀਂ ਪੱਤਰਕਾਰੀ ਦਾ ਇਤਿਹਾਸ ਬਹੁਤ ਸ਼ਾਨਦਾਰ ਹੈ। ਜੇਕਰ ਅਸੀਂ ਦੇਸ਼ ਦੀ ਆਜ਼ਾਦੀ ਦੀ ਗੱਲ ਕਰੀਏ ਜਾਂ ਨੌਕਰਸ਼ਾਹੀ ਵਿਰੁੱਧ ਨਾਅਰੇਬਾਜ਼ੀ ਦੀ ਗੱਲ ਕਰੀਏ, ਤਾਂ ਅਣਗਿਣਤ ਉਦਾਹਰਣਾਂ ਹਨ ਜਦੋਂ ਅਖ਼ਬਾਰਾਂ ਅਤੇ ਪੱਤਰਕਾਰ ਸ਼ੋਸ਼ਿਤ, ਦੱਬੇ-ਕੁਚਲੇ, ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬਣ ਗਏ ਹਨ ਅਤੇ ਸਰਕਾਰ ਅਤੇ ਨੌਕਰਸ਼ਾਹਾਂ ਦਾ ਸਾਹਮਣਾ ਕੀਤਾ ਹੈ। ਦੇਸ਼ ਦੀ ਆਜ਼ਾਦੀ ਵਿੱਚ ਪੱਤਰਕਾਰੀ ਨੇ ਬਹੁਤ ਵੱਡੀ ਅਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸਨੂੰ ਭੁਲਾਇਆ ਨਹੀਂ ਜਾ ਸਕਦਾ। ਆਜ਼ਾਦੀ ਅੰਦੋਲਨ ਦੇ ਮਹਾਨ ਨਾਇਕਾਂ ਦੇ ਨਾਲ, ਪੱਤਰਕਾਰੀ ਦੇ ਮਹਾਨ ਨਾਇਕਾਂ ਨੇ ਵੀ ਆਪਣੀ ਕਲਮ ਦੀ ਤਲਵਾਰ ਨਾਲ ਅੰਗਰੇਜ਼ਾਂ ਨੂੰ ਹਰਾਉਣ ਦਾ ਕੰਮ ਕੀਤਾ। ਉਸ ਸਮੇਂ ਜਦੋਂ ਸਾਧਨਾਂ ਦੀ ਘਾਟ ਸੀ, ਪੱਤਰਕਾਰੀ ਦੇ ਆਪਣੇ ਟੀਚੇ ਅਤੇ ਮਿਸ਼ਨ ਸਨ। ਇਸ ਮਿਸ਼ਨ-ਮੁਖੀ ਪੱਤਰਕਾਰੀ ਵਿੱਚ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਸਨ; ਫਿਰ ਵੀ ਉਸ ਯੁੱਗ ਦੇ ਪੱਤਰਕਾਰੀ ਦੇ ਮਹਾਨ ਨਾਇਕਾਂ ਨੇ ਕਦੇ ਵੀ ਕਲਮ ਦੀ ਸ਼ਕਤੀ ਨੂੰ ਝੁਕਣ ਨਹੀਂ ਦਿੱਤਾ। ਉਸਦੀ ਕਲਮ ਅੱਗ ਥੁੱਕਦੀ ਸੀ।

ਸਮੇਂ ਦੇ ਨਾਲ, ਸਿਸਟਮ ਬਦਲ ਗਏ ਹਨ, ਸਰੋਤ ਬਦਲ ਗਏ ਹਨ ਅਤੇ ਪੱਤਰਕਾਰੀ ਦੀਆਂ ਜ਼ਿੰਮੇਵਾਰੀਆਂ ਵੀ ਵਧੀਆਂ ਹਨ। ਬਹੁਤ ਸਾਰੀਆਂ ਤਬਦੀਲੀਆਂ ਵੀ ਆਈਆਂ ਹਨ। ਖਾਸ ਕਰਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ, ਪ੍ਰਿੰਟ ਮੀਡੀਆ ਦੀ ਮਹੱਤਤਾ ਭਾਵੇਂ ਘੱਟ ਗਈ ਹੋਵੇ, ਪਰ ਜੇ ਦੇਖਿਆ ਜਾਵੇ ਤਾਂ ਇਸਦੀ ਉਪਯੋਗਤਾ ਘੱਟ ਨਹੀਂ ਹੋਈ ਹੈ, ਸਗੋਂ ਇਸਦੀਆਂ ਜ਼ਿੰਮੇਵਾਰੀਆਂ ਵੱਧ ਗਈਆਂ ਹਨ। ਇਸ ਦੇ ਨਾਲ ਹੀ ਅੱਜ ਦੇ ਅਖ਼ਬਾਰਾਂ ਅਤੇ ਪੱਤਰਕਾਰੀ ਦੇ ਸਾਹਮਣੇ ਕਈ ਗੰਭੀਰ ਚੁਣੌਤੀਆਂ ਵੀ ਖੜ੍ਹੀਆਂ ਹੋ ਗਈਆਂ ਹਨ। ਇਨ੍ਹਾਂ ਚੁਣੌਤੀਆਂ ਵਿੱਚੋਂ ਸਭ ਤੋਂ ਪ੍ਰਮੁੱਖ ਚੁਣੌਤੀ ਪੱਤਰਕਾਰੀ ਵਿੱਚ ਵੱਧ ਰਹੀ ਘੁਸਪੈਠ ਹੈ। ਅੱਜ ਦੇ 'ਮਿਸ਼ਨ ਪੱਤਰਕਾਰੀ' ਵਿੱਚ, ਅਜਿਹੇ ਘੁਸਪੈਠੀਏ ਤੇਜ਼ੀ ਨਾਲ ਦਾਖਲ ਹੋਏ ਹਨ ਜਿਨ੍ਹਾਂ ਦਾ ਪੱਤਰਕਾਰੀ ਦੇ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਜਾਂ ਉਨ੍ਹਾਂ ਦੀ ਕੋਈ ਚਿੰਤਾ ਨਹੀਂ ਹੈ। ਜੇਕਰ ਉਹਨਾਂ ਨੂੰ ਕਿਸੇ ਗੱਲ ਦੀ ਚਿੰਤਾ ਹੈ ਤਾਂ ਉਹ ਸਿਰਫ਼ ਉਹਨਾਂ ਦੇ ਨਿੱਜੀ ਹਿੱਤਾਂ ਦੀ ਹੈ, ਜਿਸ ਕਾਰਨ ਪੱਤਰਕਾਰੀ ਦਾ ਮਾਣ ਦਿਨੋ-ਦਿਨ ਢਿੱਲਾ ਹੁੰਦਾ ਜਾ ਰਿਹਾ ਹੈ। ਜਿਸ ਤਰ੍ਹਾਂ ਪੱਤਰਕਾਰੀ ਘੁਸਪੈਠੀਆਂ ਨਾਲ ਭਰੀ ਹੋਈ ਹੈ, ਉਹ ਨਾ ਸਿਰਫ਼ ਚਿੰਤਾ ਦਾ ਵਿਸ਼ਾ ਹੈ, ਸਗੋਂ ਪੱਤਰਕਾਰੀ ਦੇ ਮਾਣ-ਸਨਮਾਨ ਦੇ ਵਿਰੁੱਧ ਵੀ ਹੈ। ਜਿਨ੍ਹਾਂ ਦੇ ਮਾੜੇ ਕੰਮਾਂ ਕਾਰਨ ਪੱਤਰਕਾਰੀ ਦੇ ਮਾਣ ਨੂੰ ਠੇਸ ਪਹੁੰਚੀ ਹੈ। ਜੇ ਅਸੀਂ ਧਿਆਨ ਨਾਲ ਵੇਖੀਏ ਤਾਂ ਇਸ ਹਫੜਾ-ਦਫੜੀ ਲਈ ਕੋਈ ਹੋਰ ਨਹੀਂ ਸਗੋਂ ਸਾਡੇ ਆਪਣੇ ਲੋਕ ਹੀ ਜ਼ਿੰਮੇਵਾਰ ਹਨ। ਕੁਝ ਪੈਸਿਆਂ ਦੀ ਖ਼ਾਤਰ, ਕੁਝ ਲੋਕ ਜੋ ਪੱਤਰਕਾਰੀ ਦੇ ਸਿਧਾਂਤਾਂ ਅਤੇ ਸਿਧਾਂਤਾਂ ਨੂੰ ਇੱਕ ਪਾਸੇ ਰੱਖਦੇ ਹਨ ਅਤੇ ਮਿਸ਼ਨ ਨੂੰ 'ਕਮਿਸ਼ਨ' ਵਿੱਚ ਬਦਲਦੇ ਹਨ ਅਤੇ ਕਾਰੋਬਾਰ ਚਲਾਉਂਦੇ ਹਨ, ਨੇ ਇਸ ਖੇਤਰ ਦਾ ਮਜ਼ਾਕ ਉਡਾਇਆ ਹੈ। ਜਿਨ੍ਹਾਂ ਦੀਆਂ ਕਾਰਵਾਈਆਂ, ਕਿਸੇ ਨਾ ਕਿਸੇ ਤਰੀਕੇ ਨਾਲ, ਉਨ੍ਹਾਂ ਮਹਾਨ ਲੋਕਾਂ ਦੀਆਂ ਰੂਹਾਂ ਨੂੰ ਠੇਸ ਪਹੁੰਚਾ ਰਹੀਆਂ ਹਨ ਜਿਨ੍ਹਾਂ ਨੇ ਮਿਸ਼ਨ ਪੱਤਰਕਾਰੀ ਨੂੰ ਜ਼ਿੰਦਾ ਰੱਖਿਆ ਹੈ ਅਤੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇੱਕ ਮਿਸ਼ਨ ਵਾਂਗ ਪੱਤਰਕਾਰੀ ਨੂੰ ਸਮਰਪਿਤ ਕੀਤੀ ਹੈ।

ਆਪਣੇ ਮਿਸ਼ਨ ਤੋਂ ਭਟਕ ਕੇ, ਅੱਜ ਦੀ ਪੱਤਰਕਾਰੀ ਕਈ ਧੜਿਆਂ ਵਿੱਚ ਵੰਡੀ ਹੋਈ ਜਾਪਦੀ ਹੈ। ਇਸਨੇ ਪੱਤਰਕਾਰਾਂ ਨੂੰ ਏਕਤਾ ਦੇ ਧਾਗੇ ਵਿੱਚ ਬੰਨ੍ਹਣ ਦੀ ਬਜਾਏ, ਉਨ੍ਹਾਂ ਨੂੰ ਭਟਕਣ ਦੇ ਰਾਹ 'ਤੇ ਲੈ ਜਾਇਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਖਾਨਿਆਂ ਤੋਂ ਲੈ ਕੇ ਸਕੱਤਰੇਤ ਤੱਕ ਲੋਕ ਨਾ ਸਿਰਫ਼ ਆਪਣੇ ਅਜ਼ੀਜ਼ਾਂ 'ਤੇ ਆਉਣ ਵਾਲੀਆਂ ਆਫ਼ਤਾਂ ਦੌਰਾਨ ਇਕੱਠੇ ਖੜ੍ਹੇ ਹੁੰਦੇ ਹਨ, ਸਗੋਂ ਆਪਣੀਆਂ ਮੰਗਾਂ ਪੂਰੀ ਤਾਕਤ ਨਾਲ ਮੰਨਵਾਉਣ ਵਿੱਚ ਵੀ ਸਫਲ ਹੁੰਦੇ ਹਨ। ਪਰ ਜਦੋਂ ਗੱਲ ਇੱਕੋ ਚੀਜ਼ ਦੀ ਆਉਂਦੀ ਹੈ, ਅਖ਼ਬਾਰ ਅਤੇ ਪੱਤਰਕਾਰ ਦੀ, ਤਾਂ ਉਹ ਵੱਖਰੇ ਦਿਖਾਈ ਦਿੰਦੇ ਹਨ। ਅਪਰਾਧੀਆਂ ਤੋਂ ਲੈ ਕੇ ਅਫ਼ਸਰਾਂ ਤੱਕ, ਜਿਨ੍ਹਾਂ ਲੇਖਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਸਾਹਮਣੇ ਕਈ ਗੰਭੀਰ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਜੇਕਰ ਅਸੀਂ ਨਿਰਪੱਖ ਅਤੇ ਨਿਡਰ ਪੱਤਰਕਾਰੀ ਦੀ ਗੱਲ ਕਰੀਏ, ਤਾਂ ਅੱਜ ਇਸਦਾ ਰਸਤਾ ਨਾ ਸਿਰਫ਼ ਔਖਾ ਹੋ ਗਿਆ ਹੈ, ਸਗੋਂ ਇਹ ਬਹੁਤ ਜੋਖਮ ਭਰਿਆ ਅਤੇ ਪਹੁੰਚ ਤੋਂ ਬਾਹਰ ਵੀ ਹੋ ਗਿਆ ਹੈ। ਹਾਲ ਹੀ ਦੇ ਸਾਲਾਂ ਵਿੱਚ ਦੇਸ਼ ਦੇ ਕਈ ਰਾਜਾਂ ਵਿੱਚ ਪੱਤਰਕਾਰਾਂ 'ਤੇ ਹੋਏ ਹਮਲੇ ਇਹ ਦਰਸਾਉਣ ਲਈ ਕਾਫ਼ੀ ਹਨ ਕਿ ਮੌਜੂਦਾ ਪੱਤਰਕਾਰੀ ਦੇ ਰਾਹ ਵਿੱਚ ਹੁਣ ਰੁਕਾਵਟਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਜਿੱਥੇ ਨੌਕਰਸ਼ਾਹੀ ਸੱਚਾਈ ਨਾਲ ਭਰੀ ਪੱਤਰਕਾਰੀ ਨੂੰ ਹਜ਼ਮ ਕਰਨ ਤੋਂ ਅਸਮਰੱਥ ਹੈ, ਉੱਥੇ ਦੂਜੇ ਪਾਸੇ ਅਪਰਾਧੀ ਪੱਤਰਕਾਰਾਂ ਦੇ ਰਾਹ ਵਿੱਚ ਰੁਕਾਵਟ ਬਣ ਰਹੇ ਹਨ ਤਾਂ ਜੋ ਉਨ੍ਹਾਂ ਦੇ ਮਾੜੇ ਕੰਮਾਂ ਨੂੰ ਬੇਨਕਾਬ ਨਾ ਕੀਤਾ ਜਾ ਸਕੇ। ਖਾਸ ਕਰਕੇ ਪੇਂਡੂ ਪੱਤਰਕਾਰਾਂ ਨੂੰ ਕਈ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਾਰਨ ਉਨ੍ਹਾਂ ਨੂੰ ਜੋਖਮ ਭਰੀ ਪੱਤਰਕਾਰੀ ਕਰਨੀ ਪੈ ਰਹੀ ਹੈ। ਇਸ ਦੇ ਬਾਵਜੂਦ, ਸਰਕਾਰ ਅਖ਼ਬਾਰਾਂ ਅਤੇ ਪੱਤਰਕਾਰਾਂ ਦੀ ਸੁਰੱਖਿਆ ਪ੍ਰਤੀ ਗੰਭੀਰ ਨਹੀਂ ਹੈ, ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ।

ਆਪਣੇ ਮਿਸ਼ਨ ਤੋਂ ਭਟਕ ਕੇ, ਅੱਜ ਦੀ ਪੱਤਰਕਾਰੀ ਕਈ ਧੜਿਆਂ ਵਿੱਚ ਵੰਡੀ ਹੋਈ ਜਾਪਦੀ ਹੈ। ਇਸਨੇ ਪੱਤਰਕਾਰਾਂ ਨੂੰ ਏਕਤਾ ਦੇ ਧਾਗੇ ਵਿੱਚ ਬੰਨ੍ਹਣ ਦੀ ਬਜਾਏ, ਉਨ੍ਹਾਂ ਨੂੰ ਭਟਕਣ ਦੇ ਰਾਹ 'ਤੇ ਲੈ ਜਾਇਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਖਾਨਿਆਂ ਤੋਂ ਲੈ ਕੇ ਸਕੱਤਰੇਤ ਤੱਕ ਲੋਕ ਨਾ ਸਿਰਫ਼ ਆਪਣੇ ਅਜ਼ੀਜ਼ਾਂ 'ਤੇ ਆਉਣ ਵਾਲੀਆਂ ਆਫ਼ਤਾਂ ਦੌਰਾਨ ਇਕੱਠੇ ਖੜ੍ਹੇ ਹੁੰਦੇ ਹਨ, ਸਗੋਂ ਆਪਣੀਆਂ ਮੰਗਾਂ ਪੂਰੀ ਤਾਕਤ ਨਾਲ ਮੰਨਵਾਉਣ ਵਿੱਚ ਵੀ ਸਫਲ ਹੁੰਦੇ ਹਨ। ਪਰ ਜਦੋਂ ਗੱਲ ਇੱਕੋ ਚੀਜ਼ ਦੀ ਆਉਂਦੀ ਹੈ, ਅਖ਼ਬਾਰ ਅਤੇ ਪੱਤਰਕਾਰ ਦੀ, ਤਾਂ ਉਹ ਵੱਖਰੇ ਦਿਖਾਈ ਦਿੰਦੇ ਹਨ। ਅਪਰਾਧੀਆਂ ਤੋਂ ਲੈ ਕੇ ਅਫ਼ਸਰਾਂ ਤੱਕ, ਜਿਨ੍ਹਾਂ ਲੇਖਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਸਾਹਮਣੇ ਕਈ ਗੰਭੀਰ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਜੇਕਰ ਅਸੀਂ ਨਿਰਪੱਖ ਅਤੇ ਨਿਡਰ ਪੱਤਰਕਾਰੀ ਦੀ ਗੱਲ ਕਰੀਏ, ਤਾਂ ਅੱਜ ਇਸਦਾ ਰਸਤਾ ਨਾ ਸਿਰਫ਼ ਔਖਾ ਹੋ ਗਿਆ ਹੈ, ਸਗੋਂ ਇਹ ਬਹੁਤ ਜੋਖਮ ਭਰਿਆ ਅਤੇ ਪਹੁੰਚ ਤੋਂ ਬਾਹਰ ਵੀ ਹੋ ਗਿਆ ਹੈ। ਹਾਲ ਹੀ ਦੇ ਸਾਲਾਂ ਵਿੱਚ ਦੇਸ਼ ਦੇ ਕਈ ਰਾਜਾਂ ਵਿੱਚ ਪੱਤਰਕਾਰਾਂ 'ਤੇ ਹੋਏ ਹਮਲੇ ਇਹ ਦਰਸਾਉਣ ਲਈ ਕਾਫ਼ੀ ਹਨ ਕਿ ਮੌਜੂਦਾ ਪੱਤਰਕਾਰੀ ਦੇ ਰਾਹ ਵਿੱਚ ਹੁਣ ਰੁਕਾਵਟਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਜਿੱਥੇ ਨੌਕਰਸ਼ਾਹੀ ਸੱਚਾਈ ਨਾਲ ਭਰੀ ਪੱਤਰਕਾਰੀ ਨੂੰ ਹਜ਼ਮ ਕਰਨ ਤੋਂ ਅਸਮਰੱਥ ਹੈ, ਉੱਥੇ ਦੂਜੇ ਪਾਸੇ ਅਪਰਾਧੀ ਪੱਤਰਕਾਰਾਂ ਦੇ ਰਾਹ ਵਿੱਚ ਰੁਕਾਵਟ ਬਣ ਰਹੇ ਹਨ ਤਾਂ ਜੋ ਉਨ੍ਹਾਂ ਦੇ ਮਾੜੇ ਕੰਮਾਂ ਨੂੰ ਬੇਨਕਾਬ ਨਾ ਕੀਤਾ ਜਾ ਸਕੇ। ਖਾਸ ਕਰਕੇ ਪੇਂਡੂ ਪੱਤਰਕਾਰਾਂ ਨੂੰ ਕਈ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਾਰਨ ਉਨ੍ਹਾਂ ਨੂੰ ਜੋਖਮ ਭਰੀ ਪੱਤਰਕਾਰੀ ਕਰਨੀ ਪੈ ਰਹੀ ਹੈ। ਇਸ ਦੇ ਬਾਵਜੂਦ, ਸਰਕਾਰ ਅਖ਼ਬਾਰਾਂ ਅਤੇ ਪੱਤਰਕਾਰਾਂ ਦੀ ਸੁਰੱਖਿਆ ਪ੍ਰਤੀ ਗੰਭੀਰ ਨਹੀਂ ਹੈ, ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ।

ਕੇਂਦਰ ਸਰਕਾਰ ਹੋਵੇ ਜਾਂ ਰਾਜ ਸਰਕਾਰ, ਪੱਤਰਕਾਰਾਂ ਪ੍ਰਤੀ ਉਸਦਾ ਰਵੱਈਆ ਢੁਕਵਾਂ ਨਹੀਂ ਰਿਹਾ। ਜਿੱਥੇ ਸਰਕਾਰ ਪੱਤਰਕਾਰਾਂ ਦੀਆਂ ਜ਼ਰੂਰਤਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ, ਉਨ੍ਹਾਂ ਦੇ ਸ਼ੋਸ਼ਣ ਵਰਗੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰਨ ਦੀ ਬਜਾਏ, ਢਿੱਲੀ ਨੀਤੀ ਅਪਣਾਈ ਜਾ ਰਹੀ ਹੈ। ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਪਰ ਜੇ ਅਸੀਂ ਵੇਖੀਏ ਤਾਂ ਇਹ ਚੌਥਾ ਥੰਮ੍ਹ ਦਿਨੋ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਸਦੀ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਜਮਹੂਰੀਅਤ ਘੁਲਾਟੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਵਰਗੇ ਪੱਤਰਕਾਰਾਂ ਨੂੰ ਇਹ ਮਾਣਭੱਤਾ ਦੇਣ ਦੇ ਨਾਲ-ਨਾਲ ਪੱਤਰਕਾਰਾਂ ਦੀਆਂ ਵੱਖ-ਵੱਖ ਸੰਸਥਾਵਾਂ ਸਮੇਂ-ਸਮੇਂ 'ਤੇ ਪੱਤਰਕਾਰ ਐਕਟ ਬਣਾਉਣ, ਸਰਕਾਰ ਵੱਲੋਂ ਪੱਤਰਕਾਰ ਕਮਿਸ਼ਨ ਬਣਾਉਣ ਦੀ ਮੰਗ ਕਰਦੀਆਂ ਰਹੀਆਂ ਹਨ, ਤਾਂ ਜੋ ਉਨ੍ਹਾਂ ਦੇ ਸਨਮਾਨ ਅਤੇ ਅਧਿਕਾਰਾਂ ਦੀ ਵਿਵਸਥਾ ਨੂੰ ਯਕੀਨੀ ਬਣਾਇਆ ਜਾ ਸਕੇ। ਭਾਵੇਂ ਪੱਤਰਕਾਰ ਭੀੜ ਦਾ ਹਿੱਸਾ ਨਹੀਂ ਹਨ, ਪਰ ਜੇ ਅਸੀਂ ਦੇਖਦੇ ਹਾਂ, ਜਿਸ ਤਰ੍ਹਾਂ ਪੱਤਰਕਾਰਾਂ ਨਾਲ ਭੀੜ ਵਿੱਚ ਵਿਵਹਾਰ ਕੀਤਾ ਜਾਂਦਾ ਹੈ, ਤਾਂ ਇਹ ਸਮਾਜ ਆਪਣੇ ਆਪ ਨੂੰ ਸਭ ਤੋਂ ਅਣਗੌਲਿਆ ਲੋਕਾਂ ਵਿੱਚੋਂ ਇੱਕ ਮਹਿਸੂਸ ਕਰਦਾ ਹੈ। ਦੇਸ਼ ਵਿੱਚ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੇ ਪ੍ਰਬੰਧ ਕਰਨ ਦੀ ਮੰਗ ਲੰਬਿਤ ਹੈ। ਇਸ ਦੇ ਨਾਲ ਹੀ, ਖ਼ਬਰਾਂ ਦੀ ਕਵਰੇਜ ਦੌਰਾਨ, ਕਿਸੇ ਵੀ ਆਫ਼ਤ ਜਾਂ ਅਣਸੁਖਾਵੀਂ ਘਟਨਾ ਦੀ ਸਥਿਤੀ ਵਿੱਚ ਵਿੱਤੀ ਸਹਾਇਤਾ ਯਕੀਨੀ ਬਣਾਉਣ ਵਰਗੇ ਮੁੱਦਿਆਂ 'ਤੇ ਆਵਾਜ਼ ਉਠਾਈ ਗਈ ਹੈ, ਪਰ ਇਸ ਵਿੱਚ ਵੀ ਵਿਤਕਰਾ ਆਪਣੇ ਸਿਖਰ 'ਤੇ ਹੈ। ਕੁਝ ਮਾਮਲਿਆਂ ਨੂੰ ਛੱਡ ਕੇ, ਪੇਂਡੂ ਪੱਤਰਕਾਰਾਂ ਨੂੰ ਅਣਗੌਲਿਆ ਕੀਤਾ ਗਿਆ ਹੈ। ਇਸ ਨਾਲ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਅੱਜ ਦਾ ਪੱਤਰਕਾਰ ਚੌਥੇ ਥੰਮ੍ਹ ਦੀ ਬਜਾਏ ਸਿਰਫ਼ ਇੱਕ ਥੰਮ੍ਹ ਬਣ ਗਿਆ ਹੈ। ਸਰਕਾਰਾਂ ਕੋਲ ਨਾ ਤਾਂ ਆਪਣੇ ਹਿੱਤਾਂ ਬਾਰੇ ਸੋਚਣ ਦਾ ਸਮਾਂ ਹੈ ਅਤੇ ਨਾ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਉਨ੍ਹਾਂ ਨੂੰ ਸਤਿਕਾਰ ਦੇਣ ਦੀ ਕੋਈ ਗੁੰਜਾਇਸ਼ ਹੈ। ਜਿਹੜਾ ਪੱਤਰਕਾਰ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿੰਦਾ ਸੀ, ਅੱਜ ਉਹ ਆਪਣੇ ਹੱਕ ਲੈਣ ਲਈ ਸੰਘਰਸ਼ ਕਰ ਰਿਹਾ ਹੈ। ਹਿੰਦੀ ਪੱਤਰਕਾਰੀ ਦਿਵਸ ਦੇ ਇਤਿਹਾਸ ਬਾਰੇ ਦੱਸਦੇ ਹੋਏ, ਸਰਕਾਰੀ ਭਾਸ਼ਾ ਦੇ ਸਾਬਕਾ ਸੀਨੀਅਰ ਅਧਿਕਾਰੀ ਦਿਨੇਸ਼ ਚੰਦਰ ਨੇ ਕਿਹਾ ਕਿ 30 ਮਈ, 1826 ਨੂੰ, ਯੁਗਲ ਕਿਸ਼ੋਰ ਸ਼ੁਕਲਾ ਨੇ ਕੋਲਕਾਤਾ (ਪੱਛਮੀ ਬੰਗਾਲ) ਤੋਂ ਆਪਣੀ ਸੰਪਾਦਨਾ ਹੇਠ ਹਿੰਦੀ ਹਫਤਾਵਾਰੀ ਅਖਬਾਰ ਉਦੰਤ ਮਾਰਤੰਡ ਦਾ ਪਹਿਲਾ ਅੰਕ ਪ੍ਰਕਾਸ਼ਤ ਕੀਤਾ। ਇਹ ਅਖ਼ਬਾਰ ਹਰ ਮੰਗਲਵਾਰ ਪ੍ਰਕਾਸ਼ਿਤ ਹੁੰਦਾ ਸੀ। ਪਹਿਲੀ ਵਾਰ ਇਸ ਅਖ਼ਬਾਰ ਦੀਆਂ 500 ਕਾਪੀਆਂ ਛਾਪੀਆਂ ਗਈਆਂ। ਮਹੀਨੇ ਦੇ ਹਰ ਮੰਗਲਵਾਰ ਨੂੰ ਪ੍ਰਕਾਸ਼ਿਤ ਹੋਣ ਵਾਲਾ ਇਹ ਹਿੰਦੀ ਅਖ਼ਬਾਰ 79 ਅੰਕ ਪ੍ਰਕਾਸ਼ਿਤ ਕਰਨ ਤੋਂ ਬਾਅਦ ਬੰਦ ਹੋ ਗਿਆ ਸੀ। ਇਹ ਦੁਨੀਆ ਦਾ ਪਹਿਲਾ ਹਿੰਦੀ ਅਖ਼ਬਾਰ ਸੀ। ਇਸ ਵਿੱਚ ਪ੍ਰਕਾਸ਼ਿਤ ਖ਼ਬਰਾਂ ਅਤੇ ਸਮੱਗਰੀ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਉਨ੍ਹਾਂ ਦਿਨਾਂ ਵਿੱਚ, ਇਹ ਅਖ਼ਬਾਰ ਹਿੰਦੀ ਜਾਣਨ ਅਤੇ ਸਮਝਣ ਵਾਲੇ ਆਜ਼ਾਦੀ ਘੁਲਾਟੀਆਂ ਨੂੰ ਊਰਜਾ ਦੇਣ ਵਿੱਚ ਮਦਦਗਾਰ ਸਾਬਤ ਹੋ ਰਿਹਾ ਸੀ। ਜਿਸ ਕਾਰਨ ਬ੍ਰਿਟਿਸ਼ ਸਰਕਾਰ ਵਿੱਚ ਇਸ ਅਖ਼ਬਾਰ ਪ੍ਰਤੀ ਗੁੱਸਾ ਵਧਦਾ ਗਿਆ। ਇਸ ਦੇ ਸੰਪਾਦਕ, ਕਲਮ ਦੇ ਸਿਪਾਹੀ ਅਤੇ ਅਜਿੱਤ ਬਹਾਦਰ ਯੁਗਲ ਕਿਸ਼ੋਰ ਸ਼ੁਕਲਾ ਕਾਨਪੁਰ (ਉੱਤਰ ਪ੍ਰਦੇਸ਼) ਦੇ ਵਸਨੀਕ ਸਨ। ਦਿਨੇਸ਼ ਚੰਦਰ ਕਹਿੰਦੇ ਹਨ ਕਿ ਨਿਡਰ ਅਤੇ ਨਿਰਪੱਖ ਪੱਤਰਕਾਰੀ ਇੱਕ ਪੱਤਰਕਾਰ ਦੇ ਜੀਵਨ ਦਾ ਮਿਸ਼ਨ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਭੂਮਿਕਾ ਖਾਸ ਕਰਕੇ ਲੋਕਤੰਤਰ ਵਿੱਚ ਬਹੁਤ ਮਹੱਤਵਪੂਰਨ ਹੈ। ਅੱਜ, ਹਿੰਦੀ ਪੱਤਰਕਾਰੀ ਸਿਆਸਤਦਾਨਾਂ, ਧਾਰਮਿਕ ਆਗੂਆਂ ਅਤੇ ਬਾਬਿਆਂ ਦੇ ਪ੍ਰਭਾਵ ਦਾ ਸ਼ਿਕਾਰ ਹੋ ਕੇ ਆਪਣੇ ਮੁੱਖ ਉਦੇਸ਼ਾਂ ਤੋਂ ਭਟਕ ਰਹੀ ਹੈ। ਲੋਕਾਂ ਨੂੰ ਅੰਧਵਿਸ਼ਵਾਸ ਅਤੇ ਪਖੰਡ ਤੋਂ ਬਚਾਉਣ ਦੀ ਬਜਾਏ, ਉਹ ਉਨ੍ਹਾਂ ਨੂੰ ਹਨੇਰੇ ਵਿੱਚ ਧੱਕ ਰਹੇ ਹਨ। ਜਦੋਂ ਕਿ ਇੱਕ ਅਖ਼ਬਾਰ ਗੁਆਚੀ ਹੋਈ ਆਤਮਾ ਲਈ ਰੌਸ਼ਨੀ ਦੀ ਕਿਰਨ ਹੁੰਦਾ ਹੈ, ਜਿੱਥੇ ਉਸਨੂੰ ਗਿਆਨ ਦੇ ਨਾਲ-ਨਾਲ ਨਿਆਂ ਮਿਲਣ ਦੀ ਉਮੀਦ ਹੁੰਦੀ ਹੈ। ਜਦੋਂ ਜਨਤਾ ਦੀ ਅਣਗਹਿਲੀ ਅਤੇ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੁੰਦਾ, ਤਾਂ ਸਿਰਫ਼ ਅਖ਼ਬਾਰ ਹੀ ਉਨ੍ਹਾਂ ਨੂੰ ਸੰਕਟ ਤੋਂ ਬਚਾਉਂਦਾ ਹੈ। ਲੋਕਤੰਤਰ ਵਿੱਚ, ਅਖ਼ਬਾਰ ਆਮ ਆਦਮੀ ਦੀ ਆਵਾਜ਼ ਹੁੰਦਾ ਹੈ।

---

# ਬੱਸ ਇੱਕ ਸਵਾਲ ਮਾਂ !

ਸ਼ਰਿਟੀ ਈ. ਭਰੂਚਾ

ਮੈਂ ਤੈਨੂੰ ਜਾਣ ਦਿਆਂ? ਇਸ ਵਿੱਚ ਤੂੰ ਮੇਰੀ ਮਦਦ ਕਰੇਂਗੀ। ਐਤਵਾਰ ਸਾਰੀ ਦੁਨੀਆ 'ਮਦਰਜ਼ ਡੇਅ' ਮਨਾ ਰਹੀ ਸੀ ਤੇ ਮੇਰਾ ਧਿਆਨ ਹਮੇਸ਼ਾ ਦੀ ਤਰ੍ਹਾਂ ਤੇਰੇ ਵੱਲ ਚਲਾ ਗਿਆ। ਮੈਨੂੰ ਸਹੀ ਰਾਹ ਵਿਖਾਉਣ ਲਈ ਤੂੰ ਹਮੇਸ਼ਾ ਮੇਰੇ ਨਾਲ ਸੈਂ। ਗ਼ਲਤ ਪਾਸਿਉਂ ਹਟਾ ਕੇ ਠੀਕ ਰਾਹ ਦੱਸਣ ਲਈ। ਮੇਰੀ ਜ਼ਿੰਦਗੀ ਦੇ ਹਰ ਖ਼ਾਸ ਮੋੜ 'ਤੇ ਤੂੰ ਇੱਕ ਸ਼ਾਂਤ ਮੂਰਤ ਦੇ ਰੂਪ ਵਿੱਚ ਖੜ੍ਹੀ ਹੁੰਦੀ ਸੀ ਅਤੇ ਓਨਾ ਚਿਰ ਇਹ ਸਮਝ ਨਾ ਆਈ ਕਿ ਮੈਨੂੰ ਤੇਰੇ ਵਿੱਚ ਕੀ ਲੱਭਦਾ ਸੀ, ਜਿੰਨਾ ਚਿਰ ਤੂੰ ਮੇਰੇ ਤੋਂ ਗੁਆਚਦੀ ਨਾ ਗਈ। ਹੁਣ ਜਦੋਂ ਮੈਂ ਤੇਰੀ ਠੋਡੀ ਤੋਂ ਰਾਲਾਂ ਬਣ ਵਗਦੀ ਚਾਹ ਵੇਖਦੀ ਹਾਂ, ਤੇਰੀਆਂ ਅੱਖਾਂ ਵਿੱਚ ਪੱਸਰਦੇ ਸੁੰਨੇਪਣ ਦਾ ਝਉਲਾ ਦੇਖਦੀ ਹਾਂ ਤਾਂ ਮੇਰਾ ਦਿਲ ਧੱਕ ਕਰ ਕੇ ਰਹਿ ਜਾਂਦਾ ਹੈ। ਬੁਢਾਪਾ ਕਿਸੇ ਨੂੰ ਨਹੀਂ ਛੱਡਦਾ। ਸਾਰੇ ਬੁੱਢੇ ਹੁੰਦੇ ਹਨ- ਸਭ ਮੈਨੂੰ ਦੱਸਦੇ ਨੇ, ਇਹ ਕੁਝ ਤਾਂ ਹੋਣਾ ਹੀ ਹੈ। ਇਸ ਨੂੰ ਮੰਨ ਲੈਣਾ ਚਾਹੀਦਾ ਹੈ। ਜ਼ਿੰਦਗੀ ਤਾਂ ਚਲਦੀ ਜਾਣੀ ਹੈ। ਪਰ ਧੀਆਂ ਦੇ ਦਿਲ ਏਨੇ ਕਰੜੇ ਨਹੀਂ ਹੁੰਦੇ। ਉਨ੍ਹਾਂ ਦੇ ਦਿਲ ਬੜੇ ਨਾਜ਼ੁਕ ਹੁੰਦੇ ਹਨ। ਉਹ ਸਿਰਫ਼ ਔਖੀਆਂ ਘੜੀਆਂ ਵੇਲੇ ਇਸ ਸਖ਼ਤੀ ਦਾ ਦਿਖਾਵਾ ਕਰਦੀਆਂ ਹਨ। "ਉਹ ਮੇਰੇ ਬੀਤੇ ਕੱਲ੍ਹ ਦੇ ਇਤਿਹਾਸ ਦਾ ਇੱਕ ਟੋਟਾ ਨਹੀਂ, ਜੋ ਬੋਤਲ ਵਿੱਚ ਬੰਦ ਕਰ ਕੇ ਅੰਗੀਠੀ 'ਤੇ ਰੱਖਿਆ ਜਾ ਸਕੇ," ਮੈਂ ਆਪਣੇ ਪਤੀ ਨੂੰ ਕਹਿੰਦੀ ਹਾਂ, "ਉਹ ਅਜਿਹਾ ਇਤਿਹਾਸ ਹੈ, ਜਿਸ 'ਤੇ ਮਾਣ ਕੀਤਾ ਜਾ ਸਕਦੈ।" ਉਹ ਮੈਨੂੰ ਦਿਲਾਸਾ ਦਿੰਦਾ ਕਹਿੰਦਾ ਹੈ, "ਉਸ ਨੂੰ ਜਿਵੇਂ ਹੈ ਉਵੇਂ ਰਹਿਣ ਦੇ। ਜਿਵੇਂ ਉਹ ਸੀ ਉਸ ਨੂੰ ਯਾਦ ਰੱਖ। ਨਹੀਂ ਤਾਂ ਜੋ ਸਮਾਂ ਉਸ ਨੇ ਤੇਰੇ 'ਤੇ ਬਿਤਾਇਆ, ਉਹ ਵਿਅਰਥ ਚਲਾ ਜਾਵੇਗਾ। ਉਸ ਦੀ ਸਿੱਖਿਆ ਦਾ ਸੁਨੇਹਾ ਦੇ। ਉਸ ਦੀ ਸਿਆਣਪ ਸਭ ਪਾਸੇ ਖਿਲਾਰ, ਸਭ ਨੂੰ ਦੱਸ।" ਜਦੋਂ ਤੈਨੂੰ ਹਰ ਰੋਜ਼ ਨਿਘਰਦੀ ਜਾਂਦੀ ਦੇਖਦੀ ਹਾਂ, ਹਰ ਰੋਜ਼ ਤੈਨੂੰ ਸੈਨਤਾਂ ਮਾਰ ਕੇ ਬੁਲਾਉਂਦੀ, ਜ਼ਮੀਨ ਵੱਲ ਝੁਕਦੀ ਜਾਂਦੀ ਦੇਖਦੀ ਹਾਂ ਤਾਂ ਮੇਰੀ ਪੀੜ ਤੀਖਣ ਤੇ ਡੂੰਘੀ ਹੁੰਦੀ ਜਾਂਦੀ ਏ। ਤੇਰੀ ਢਲਦੀ ਉਮਰ ਤੇ ਇਹ ਸਭ ਵਾਪਰਦਾ ਵੇਖਣਾ ਮੈਨੂੰ ਨਿਢਾਲ ਕਰ ਦਿੰਦਾ ਹੈ। ਅਜੀਬ ਢੰਗ ਨਾਲ ਇਹ ਪੀੜ ਗੁੱਸੇ ਵਿੱਚ ਬਦਲ ਜਾਂਦੀ ਹੈ। ਹੁਣ ਵੀ ਮੇਰੇ ਨਾਲ ਗੱਲ ਨਹੀਂ ਕਰਦੀ, ਮੇਰੀ ਗੱਲ ਨਹੀਂ ਸੁਣਦੀ। ਜਦੋਂ ਮੈਂ ਬੋਲਦੀ ਹਾਂ ਤੂੰ ਬੈਠੀ ਬੈਠੀ ਸੌਂ ਜਾਂਦੀ ਹੈਂ। ਤੈਨੂੰ ਸਮਝਾਉਣ ਲਈ ਮੈਂ ਤੇਰੇ ਨਾਲ ਝਗੜਦੀ ਰਹਿੰਦੀ ਹਾਂ। ਮੈਂ ਜਾਣਦੀ ਹਾਂ, ਇਹ ਸਭ ਹੁਣ ਤੇਰੇ ਵੱਸ ਵਿੱਚ ਨਹੀਂ। ਪਰ ਮੈਂ ਹਾਰ ਮੰਨ ਕੇ ਤੈਨੂੰ ਇਸ ਤਰ੍ਹਾਂ ਕਿਵੇਂ ਛੱਡ ਦਿਆਂ? ਇਸ ਤਰ੍ਹਾਂ ਤਾਂ ਨਹੀਂ ਰਹਿਣ ਦੇ ਸਕਦੀ। ਇੱਕ ਧੀ ਦੇ ਅਮੁੱਕ ਭਰੋਸੇ ਨਾਲ ਲੱਗੀ ਰਹਿੰਦੀ ਹਾਂ। ਤੂੰ ਕਦੋਂ ਆਪੇ ਤੋਂ ਬੇਖ਼ਬਰੀ ਦੇ ਇਸ ਹਾਲ ਵਿੱਚ ਚਲੀ ਗਈ, ਮੈਨੂੰ ਪਤਾ ਹੀ ਨਾ ਲੱਗਿਆ। ਮੈਨੂੰ ਏਨਾ ਪਤੈ ਕਿ ਇਹ ਦਸ਼ਾ (ਹਾਲ) ਸਾਡੇ ਤੋਂ ਚੋਰੀ ਚੋਰੀ ਹੀ ਆ ਗਈ ਤੇ ਮੈਂ ਠੱਗੀ ਜਿਹੀ ਰਹਿ ਗਈ। ਅੱਜ ਮੇਰਾ ਸਭ ਤੋਂ ਵੱਡਾ ਦੁੱਖ ਇਹ ਹੈ ਕਿ ਤੇਰੇ ਇਸ ਹੌਲੀ ਹੌਲੀ ਆਉਂਦੇ ਨਿਘਾਰ ਵਿੱਚ ਤੇਰਾ ਹੱਥ ਫੜ ਕੇ ਤੇਰਾ ਜਿੰਨਾ ਕੁ ਸਮਾਂ ਰਹਿ ਗਿਐ ਉਸ ਵਿੱਚੋਂ ਤੈਨੂੰ ਹੌਲੀ ਹੌਲੀ, ਪੋਲੀ ਪੋਲੀ ਕੱਢ ਕੇ ਲੈ ਜਾਵਾਂ, ਤੈਨੂੰ ਤੇਰੀ ਜ਼ਿੰਦਗੀ ਦਾ ਅਖ਼ੀਰਲਾ ਪੜਾਅ ਚੁੱਪ ਕੀਤਿਆਂ ਲੰਘ ਜਾਣ ਦੇਵਾਂ, ਉਸ ਦੇ ਉਲਟ ਮੈਂ ਉਸ ਮਾਂ, ਜਿਸ ਨੂੰ ਮੈਂ ਜਾਣਦੀ ਸਾਂ ਜਿਉਂਦਿਆਂ ਰੱਖਣ ਦੀ ਕੋਸ਼ਿਸ਼ ਕਰਦੀ ਤੈਨੂੰ ਹੋਰ ਬੇਹਾਲ ਕਰ ਦਿੰਦੀ ਹਾਂ। ਤੇਰੇ ਉਲਝੇ ਮਨ ਨੂੰ ਹੋਰ ਉਲਝਾ ਕੇ ਤੈਨੂੰ ਉਹ ਚੈਨ ਤੇ ਵਿੱਥ ਦੇਣ ਤੋਂ ਵਾਂਝਿਆ ਕਰ ਦਿੰਦੀ ਹਾਂ, ਜਿਸ ਚੈਨ ਦੀ ਮੈਨੂੰ ਬੜੀ ਲੋੜ ਹੈ। ਤੇਰੇ ਨਾਲ ਮੇਰਾ ਵੀ ਇੱਕ ਹਿੱਸਾ ਮਰਦਾ ਜਾ ਰਿਹਾ ਹੈ। ਇਸ ਸਮੇਂ ਨੂੰ ਮੈਂ ਆਪਣੀ ਜ਼ਿੰਦਗੀ ਵਿੱਚੋਂ ਗੁੱਲ ਕਰਦੀ ਜਾ ਰਹੀ ਹਾਂ ਤੇ ਇਸ ਦਾ ਸਦਮਾ ਤੇਰੇ ਜਾਣ ਤੋਂ ਬਾਅਦ ਵੀ ਮੇਰੇ ਨਾਲ ਰਹੇਗਾ। ਮੈਨੂੰ ਦੱਸ ਮਾਂ, ਆਖ਼ਰੀ ਵੇਲੇ ਸਾਡੇ ਰਿਸ਼ਤੇ ਵਿੱਚੋਂ ਤੂੰ ਵਧੀਆ ਘੜੀਆਂ ਨੂੰ ਛਾਣ ਕੇ ਮੇਰੇ ਲਈ ਅੱਡ ਕਰ ਦੇਵੇਂਗੀ? ਤਾਂ ਜੋ ਮੈਂ ਉਨ੍ਹਾਂ ਪਲਾਂ ਨੂੰ ਹੀ ਯਾਦ ਰੱਖਾਂ ਤੇ ਉਨ੍ਹਾਂ ਨਾਲ ਤੈਨੂੰ ਵੀ। ਆਪਣੀ ਜਾਦੂ ਦੀ ਛੜੀ ਨਾਲ ਪੀੜਾਂ ਭਰੇ ਆਖ਼ਰੀ ਸਾਲਾਂ ਨੂੰ ਪਰ੍ਹਾਂ ਹਟਾ ਕੇ ਮੇਰੇ ਨਾਲ ਉਸ ਸ਼ਾਂਤੀ ਤੇ ਸਕੂਨ ਨੂੰ ਸਾਂਝਿਆਂ ਕਰੇਂਗੀ ਜੋ ਤੇਰਾ ਅਨਿੱਖੜਵਾਂ ਅੰਗ ਹਨ? ਆਪਣੇ ਹੀ ਖ਼ਾਮੋਸ਼ ਢੰਗ ਨਾਲ ਮੇਰੀ ਮਦਦ ਕਰ ਦੇਵੇਂਗੀ ਮਾਂ? ਤੈਨੂੰ ਜਾਣ ਦਿਆਂ ਮਾਂ? ਕਰ ਦੇਵੇਂਗੀ ਮਾਂ?

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep® DODGE RAM TOYOTA Ford ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI